ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 217 Wednesday, November 13, 2019 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
ROYAL CANADIAN
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com


# ਟਰੰਪ ਖਿਲਾਫ ਮਹਾਅਭਿਯੋਗ ਦੀ ਕਾਰਵਾਈ ਅੱਜ



ਵਾਸ਼ਿੰਗਟਨ, 12 ਨਵੰਬਰ (ਪੋਸਟ ਬਿਊਰੋ) : ਟਰੰਪ ਖਿਲਾਫ ਚਲਾਏ ਜਾਣ ਵਾਲੇ ਮਹਾਅਭਿਯੋਗ ਦੀ ਕਾਰਵਾਈ ਹੁਣ ਬੰਦ ਦਰਵਾਜ਼ਿਆਂ ਵਿੱਚ ਨਹੀਂ ਹੋਵੇਗੀ ਸਗੋਂ ਸਾਰੇ ਇਸ ਨੂੰ ਵੇਖ ਸੁਣ ਸਕਣਗੇ।

ਬੁੱਧਵਾਰ ਸਵੇਰੇ ਜਦੋਂ ਇਹ ਕਾਰਵਾਈ ਸ਼ੁਰੂ ਹੋਵੇਗੀ ਤਾਂ ਅਮਰੀਕਾ ਤੇ ਪੂਰੀ ਦੁਨੀਆ ਕੋਲ ਰਾਸ਼ਟਰਪਤੀ ਡੌਨਲਡ ਟਰੰਪ ਦੇ ਯੂਕਰੇਨ ਪ੍ਰਤੀ ਵਿਚਾਰਾਂ ਨੂੰ ਵੇਖਣ ਤੇ ਸੁਣਨ ਦਾ ਮੌਕਾ ਹੋਵੇਗਾ। ਲੋਕ ਆਪ ਇਹ ਤੈਅ ਕਰ ਸਕਣਗੇ ਕਿ ਟਰੰਪ ਨੇ ਇਸ ਤਰ੍ਹਾਂ ਦਾ ਕੋਈ ਕੰਮ ਕੀਤਾ ਹੈ ਜਾਂ ਨਹੀਂ। ਵਾਈਟ ਹਾਊਸ ਲਈ ਵੀ ਇਹ ਯਾਦਗਾਰੀ ਪਲ ਹੋਵੇਗਾ।

ਹੁਣ ਤੱਕ ਅਮਰੀਕੀ ਲੋਕ ਵੀ ਇਸ ਮੁੱਦੇ ਨੂੰ ਲੈ ਕੇ ਵੰਡੇ ਹੋਏ ਹਨ ਕਿ ਟਰੰਪ ਵੱਲੋਂ ਵਿਦੇਸ਼ ਨੀਤੀ ਨੂੰ ਆਪਣੇ ਨਿਜੀ ਹਿਤਾਂ ਲਈ ਜਾਂ ਸਿਆਸੀ ਲਾਹੇ ਵਾਸਤੇ ਵਰਤਿਆ ਜਾ ਰਿਹਾ ਹੈ ਜਾਂ ਨਹੀਂ। ਬੁੱਧਵਾਰ ਦੀ ਇੰਪੀਚਮੈਂਟ ਸਬੰਧੀ ਇਸ ਕਾਰਵਾਈ ਨਾਲ ਜਾਂ ਤਾਂ ਟਰੰਪ ਦੀ ਰਾਸ਼ਟਰਪਤੀ ਵਜੋਂ ਛੁੱਟੀ ਹੋ ਜਾਵੇਗੀ ਤੇ ਜਾਂ ਫਿਰ ਉਨ੍ਹਾਂ ਦੀ ਪੁਜ਼ੀਸ਼ਨ ਸੁਰੱਖਿਅਤ ਹੋ ਜਾਵੇਗੀ। ਇਨ੍ਹਾਂ ਵਿੱਚੋਂ ਭਾਵੇਂ ਕੁੱਝ ਵੀ ਹੋਵੇ ਪਰ ਇਹ ਤਾਂ ਤੈਅ ਹੈ ਕਿ ਉਨ੍ਹਾਂ ਦੇ ਕਾਰਜਕਾਲ ਵਿੱਚ ਹੁਣ ਉਹ ਮੌਕਾ ਆ ਚੁੱਕਿਆ ਹੈ ਜਦੋਂ ਉਹ ਸਥਿਤੀਆਂ ਨੂੰ ਨਿਯੰਤਰਿਤ ਨਹੀਂ ਕਰ ਸਕਦੇ ਜਾਂ ਕਿਸੇ ਗੱਲ ਨੂੰ ਧੱਕੇ ਨਾਲ ਲਾਗੂ ਨਹੀਂ ਕਰਵਾ ਸਕਦੇ।

# ਪਾਰਲੀਆਮੈਂਟ ਦੀ ਕਾਰਵਾਈ 5 ਦਸੰਬਰ ਤੋਂ ਸ਼ੁਰੂ ਕਰਨਗੇ ਟਰੂਡੋ

ਓਟਵਾ, 12 ਨਵੰਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਵੇਂ ਪਾਰਲੀਆਮੈਂਟ ਦੀ ਕਾਰਵਾਈ 5 ਦਸੰਬਰ, ਦਿਨ ਵੀਰਵਾਰ ਤੋਂ ਸ਼ੁਰੂ ਕਰਨਗੇ।



ਘੱਟ ਗਿਣਤੀ ਲਿਬਰਲਾਂ ਦੀ ਅਗਵਾਈ ਵਾਲੀ 43ਵੀਂ ਪਾਰਲੀਆਮੈਂਟ ਦੀ ਕਾਰਵਾਈ ਦੀ ਸ਼ੁਰੂਆਤ ਐਮਪੀਜ਼ ਵੱਲੋਂ ਹਾਊਸ ਆਫ ਕਾਮਨਜ਼ ਦਾ ਨਵਾਂ ਸਪੀਕਰ ਚੁਣ ਕੇ ਕੀਤੀ ਜਾਵੇਗੀ। ਫਿਰ ਗਵਰਨਰ ਜਨਰਲ ਜੂਲੀ ਪੇਯੇਟੇ ਸੈਨੇਟ ਵਿੱਚ ਟਰੂਡੋ ਦੇ ਰਾਜ ਭਾਸ਼ਣ ਦੀ ਅਗਵਾਈ ਕਰਨਗੇ। ਨਵੇਂ ਸਪੀਕਰ ਦੀ ਚੋਣ ਸੀਕ੍ਰੇਟ ਬੈਲਟ ਨਾਲ ਹੋਵੇਗੀ। ਇਸ ਭੂਮਿਕਾ ਨੂੰ ਨਿਭਾਉਣ ਲਈ ਦਿਲਚਸਪੀ ਰੱਖਣ ਵਾਲਿਆਂ ਵੱਲੋਂ ਪਹਿਲਾਂ ਹੀ ਸਮਰਥਨ ਹਾਸਲ ਕਰਨ ਲਈ ਆਪਣੇ ਕੁਲੀਗਜ਼ ਨਾਲ ਮੁਲਾਕਾਤ ਕੀਤੀ ਜਾ ਰਹੀ ਹੈ।

ਰਾਜ ਭਾਸ਼ਣ ਵਿੱਚ ਟਰੂਡੋ ਆਪਣੀ ਸਰਕਾਰ ਦੀਆਂ ਤਰਜੀਹਾਂ ਦਾ ਖੁਲਾਸਾ ਕਰਨਗੇ ਅਤੇ ਇਸ ਵਿੱਚ 2019 ਦੀਆਂ ਫੈਡਰਲ ਚੋਣਾਂ ਸਬੰਧੀ ਪਲੇਟਫਾਰਮ ਦੇ ਹੀ ਬਹੁਤੇ ਪੱਖ ਸ਼ਾਮਲ ਹੋਣਗੇ ਜਿਵੇਂ ਕਿ ਕਲਾਈਮੇਟ ਚੇਂਜ, ਅਫੋਰਡੇਬਿਲਟੀ, ਗੰਨ ਕੰਟਰੋਲ ਤੇ ਫਾਰਮਾਕੇਅਰ ਆਦਿ। ਇਨ੍ਹਾਂ ਮੁੱਦਿਆਂ ਉੱਤੇ ਹੀ 40 ਦਿਨ ਤੱਕ ਚੱਲੀ ਕੈਂਪੇਨ ਦੌਰਾਨ ਹੋਰਨਾਂ ਪਾਰਟੀਆਂ ਵੱਲੋਂ ਗੱਲ ਕੀਤੀ ਗਈ ਸੀ।

...ਬਾਕੀ ਪੰਨਾ 3 'ਤੇ

# ਟਰੂਡੋ ਨਾਲ ਮੀਟਿੰਗ ਨਿਰਾਸ਼ਾਜਨਕ ਰਹੀ : ਮੋਅ

ਓਟਵਾ, 12 ਨਵੰਬਰ (ਪੋਸਟ ਬਿਊਰੋ) : ਸਸਕੈਚਵਨ ਦੇ ਪ੍ਰੀਮੀਅਰ ਸਕਾਟ ਮੋਅ ਨੇ ਆਖਿਆ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਉਨ੍ਹਾਂ ਦੀ ਮੁਲਾਕਾਤ ਨਿਰਾਸ਼ਾਜਨਕ ਹੀ ਰਹੀ। ਮੋਅ ਨੇ ਆਖਿਆ ਕਿ ਟਰੂਡੋ ਨੇ ਪੱਛਮੀ ਪ੍ਰੋਵਿੰਸਾਂ ਦੀਆਂ ਲੋੜਾਂ ਪ੍ਰਤੀ ਕੋਈ ਵਚਨਬੱਧਤਾ ਨਹੀਂ ਪ੍ਰਗਟਾਈ।



ਮੋਅ ਨੇ ਆਖਿਆ ਕਿ ਉਨ੍ਹਾਂ ਆਪਣੀ ਪ੍ਰੋਵਿੰਸ ਦੇ ਲੋਕਾਂ ਦੇ ਸਹਿਯੋਗ ਲਈ ਟਰੂਡੋ ਨੂੰ ਕੁੱਝ ਬਦਲ ਮੁਹੱਈਆ ਕਰਵਾਏ ਸਨ ਪਰ ਟਰੂਡੋ ਨੇ ਕਿਸੇ ਪ੍ਰਤੀ ਵੀ ਹਾਮੀ ਨਹੀਂ ਭਰੀ। ਇਸ ਮੁਲਾਕਾਤ ਦੌਰਾਨ ਵੀ ਮੋਅ ਨੇ ਪਹਿਲਾਂ ਤੋਂ ਹੀ ਏਜੰਡੇ ਵਿੱਚ ਸ਼ਾਮਲ ਆਪਣੀਆਂ ਤਰਜੀਹਾਂ ਦਾ ਜ਼ਿਕਰ ਹੀ ਕੀਤਾ। ਇੱਥੇ ਦੱਸਣਾ ਬਣਦਾ ਹੈ ਕਿ ਪਿੱਛੇ ਜਿਹੇ ਹੋ ਕੇ ਹਟੀਆਂ ਚੋਣਾਂ ਵਿੱਚ ਲਿਬਰਲ ਪਾਰਟੀ ਸਸਕੈਚਵਨ ਤੇ ਅਲਬਰਟਾ ਵਿੱਚ ਖਾਤਾ ਵੀ ਨਹੀਂ ਖੋਲ੍ਹ ਸਕੀ।

ਮੋਅ ਨੇ ਆਖਿਆ ਕਿ ਉਹ ਇੱਥੇ ਟਰੂਡੋ ਨਾਲ ਮੁਲਾਕਾਤ ਕਰਕੇ ਇਹ ਜਾਨਣ ਆਏ ਸਨ ਕਿ ਪ੍ਰੋਵਿੰਸ ਦੀ ਇੰਡਸਟਰੀਜ਼ ਤੇ ਲੋਕਾਂ ਲਈ ਪ੍ਰਧਾਨ ਮੰਤਰੀ ਕੀ ਕਰਨਗੇ ਪਰ ਉਨ੍ਹਾਂ ਕੋਈ ਹੱਥ ਪੱਲਾ ਨਹੀਂ ਫੜਾਇਆ। ਮੋਅ ਨੇ ਕਾਰਬਨ ਟੈਕਸ ਵਿੱਚ ਇੱਕ ਸਾਲ ਤੱਕ ਰੋਕ ਲਾਉਣ, ਇਕੁਅਲਾਈਜੇਸ਼ਨ ਪੇਅਮੈਂਟਸ ਤੇ ਟਰਾਂਸ ਮਾਊਨਟੇਨ ਪਾਈਪਲਾਈਨ ਨੂੰ ਮੁਕੰਮਲ ਕਰਨ ਦੀਆਂ ਮੰਗਾਂ ਮੁੱਖ ਤੌਰ ਉੱਤੇ ਰੱਖੀਆਂ ਸਨ। ਹਾਲਾਂਕਿ ਪੱਛਮੀ ਪ੍ਰੋਵਿੰਸਾਂ ਦੇ ਵੱਖ ਹੋਣ, ਵੈਗਜ਼ਿਟ ਮੂਵਮੈਂਟ ਬਾਰੇ ਚਰਚਾ ਜ਼ੋਰਾਂ ਉੱਤੇ ਹੈ ਪਰ ਮੋਅ ਨੇ ਆਖਿਆ ਕਿ ਉਨ੍ਹਾਂ ਦੀ ਪਾਰਟੀ ਫੈਡਰੇਸ਼ਨ ਨਾਲ ਹੀ ਰਹਿਣਾ ਚਾਹੁੰਦੀ ਹੈ।


Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance • Super Visa Insurance
Critical Illness Ins • Mortgage Insurance
Travel & Visitor Ins • Disability Insurance
RESP & TFSA & RRSP • Funeral Insurance
SIMRAN SAINI 416.994.7272
www.allkindinsurance.com

INSURANCE
Home • Auto
Business • Trucking
Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

WE DESIGN & BUILD
ANGLECON CONSTRUCTION
Fully Insured | Team of licensed trades | Quality work & on-time insured
RESIDENTIAL • Custom homes • Home additions • Full home renovations • Legal basement
COMMERCIAL • New store design & build • Lease hold Improvements • Medical, offices, restaurants, retail & salon
FAST TRACK PERMIT & CONSTRUCTION 437.219.5009 info@anglecon.ca
BRAMPTON ∘ MISSISSAUGA ∘ ETOBICOKE ∘ OAKVILLE

INSURANCE
Auto | Home | Business | Trucking | Life
ਇੰਸ਼ੋਰੈਂਸ ਦੇ ਵਧੀਆ ਰੇਟ
Best rates & Best Coverage
RAJESH SOOD (RAJ) CAIB (hons.), MBA (finance), RIBO
ਸੰਪਰਕ ਕਰੋ: 416-908-6237
Unit 1, 30 Topflight dr., Mississauga

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

SNOW PLOWING & SALTING SERVICES
WE SERVICE ALL KINDS OF PROPERTIES
- Truck & Trailer parking yards
- Plazas & Industrial buildings
- Banquet halls & restaurants
- Gas stations & repair shops
- Offices & Clinics
We are Professional, Reliable & Experienced
AAA LANDSCAPING CO LTD | 647-784-1213

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

•Super Visa Insurance
•Visitor Visa Insurance
•Travel Insurance
•Student Insurance
•New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

KELLEY LAW OFFICE
Immigration • Real Estate
Family Law • Business Closing
Corporate • Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc.
647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
| US Singles $0.64/mile
| US Teams $0.66/mile
| Canadian teams $0.62/mile
LIGHT SPEED Logistics Inc.
OUR FAMILY WELCOMES YOU
| U.S. Singles – Dedicated Truck
| Desirable Lanes to the U.S.
| U.S. Teams – New Dedicated Truck
| Canadian Teams – New Dedicated Truck
| Comprehensive Company Benefits
| Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr™
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr.,
Brampton,
ON L6Y 4X4

# ਅੱਜ ਨਾਮਾ

ਆਇਆ ਗੁਰੂ ਦਾ ਪੁਰਬ ਤੇ ਤੁਰੀ ਸੰਗਤ,
ਤੁਰ ਪਈ ਸ਼ਰਧਾ ਦੀ ਘੱਤ ਵਹੀਰ ਭਾਈ।
ਪੁੱਛ ਲਿਆ ਕਿਸੇ ਕੀ ਰੰਗ ਸਮਾਗਮਾਂ ਦਾ,
ਅਗਲੇ ਦੱਸੀ ਹੈ ਸੋਹਣੀ ਤਸਵੀਰ ਭਾਈ।
ਪੁੱਛ ਲਿਆ ਹਾਲ ਜਾਂ ਪਿੱਛੋਂ ਪ੍ਰਬੰਧਕਾਂ ਦਾ,
ਅਗਲਾ ਲੱਗਾ ਸੀ ਕਰਨ ਤਕਰੀਰ ਭਾਈ।
ਲੌਂਗੋਵਾਲ ਦੀ ਓਧਰ ਤੇ ਪੁੱਛ ਕੋਈ ਨਹੀਂ,
ਹਰ ਥਾਂ ਮੂਹਰੇ ਆ ਬੀਬੀ ਜਗੀਰ ਭਾਈ।
ਰਹਿ ਗਏ ਹਫਤੇ ਦੋ ਮਸਾਂ ਹਨ ਚੋਣ ਵਾਲੇ,
ਸੁਣਿਆ ਈ ਜਾਊਗਾ ਬਦਲ ਪ੍ਰਧਾਨ ਭਾਈ।
ਲੀਡਰਸ਼ਿਪ ਜਦ ਕਹਿੰਦੇ ਨੇ ਬਦਲ ਜਾਣੀ,
ਬੀਬੀ ਕਰੂ ਫਿਰ ਗ੍ਰਹਿਣ ਅਸਥਾਨ ਭਾਈ।

**ਤੀਸ ਮਾਰ ਖਾਂ**

# 550ਵਾਂ ਪ੍ਰਕਾਸ਼ ਉਤਸਵ: ਰਾਸ਼ਟਰਪਤੀ ਨੇ ਸੁਲਤਾਨਪੁਰ ਲੋਧੀ ਦੇ ਦੋਵਾਂ ਪੰਡਾਲਾਂ ਵਿੱਚ ਵਾਰੋ-ਵਾਰੀ ਹਾਜ਼ਰੀ ਲਵਾਈ





ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਦੀ ਅਗਵਾਈ ਹੇਠ ਕਰਾਏ ਮੁੱਖ ਸਮਾਗਮ ਵਿੱਚ ਪਹੁੰਚੇ ਸਨ।ਰਾਸ਼ਟਰਪਤੀ ਨੇ ਇਸ ਇਤਿਹਾ-ਸਕ ਸਮਾਗਮ ਦੇ ਲਈ ਸੱਦਾ ਪੱਤਰ ਦੇਣ ਲਈਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਵਿਸ਼ੇਸ਼ ਤੌਰ ਉੱਤੇ ਧੰਨਵਾਦ ਕੀਤਾ।

ਸੁਲਤਾਨਪੁਰ ਲੋਧੀ, 12 ਨਵੰਬਰ, (ਪੋਸਟ ਬਿਊਰੋ)- ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਉੱਤੇ ਪੰਜਾਬ ਸਰਕਾਰ ਵਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਸੁਲਤਾਨਪੁਰ ਲੋਧੀ ਵਿੱਚਚੱਲ ਰਹੇ ਸਮਾਗਮ ਵਿੱਚਅੱਜ ਭਾਰਤ ਦੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਪਹੁੰਚੇ ਹਨ। ਇਸ ਦੇ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕਰਵਾਏ ਜਾ ਰਹੇ ਮੁੱਖ ਸਮਾਗਮ ਵਿੱਚ ਸ਼ਾਮਲ ਹੋਏ ਅਤੇ ਪੰਜਾਬੀ ਵਿ-ਚਬੋਲਦੇ ਹੋਏ ਸਭਸਿੱਖ ਸੰਗਤਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਸਭ ਦੇ ਦਿਲਾਂ ਵਿੱਚ ਵੱਸਦੇ ਹਨ।

ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਾਤ-ਪਾਤਤੇ ਕਰਮ ਕਾਂਡ ਵਿੱਚ ਫਸੀ ਹੋਈ ਲੋਕਾਈ ਨੂੰ ਗਿਆਨ ਵੰਡਦੇ ਕੇ ਸਿੱਧੇ ਰਾਹ ਪਾਇਆ ਸੀ। ਉਨ੍ਹਾ ਕਿਹਾ ਕਿ ਜਦੋਂ ਸੰਸਾਰ ਵਿੱਚ ਅਗਿਆਨਤਾ ਅਤੇ ਅੰਧਕਾਰ ਦਾ ਹਨੇਰਾ ਫੈਲਿਆ ਹੋਇਆ ਅਤੇ ਲੋਕ ਜਾਤ-ਪਾਤ ਦੀ ਵੰਡ ਵਿੱਚ ਪਏ ਹੋਏ ਸਨ ਤਾਂ ਗੁਰੂ ਨਾਨਕ ਪਾਤਸ਼ਾਹ ਨੇ ਨਨਕਾਣਾ ਸਾਹਿਬ ਦੀ ਧਰਤੀ ਉੱਤੇਅਵਤਾਰ ਧਾਰਿਆ ਸੀ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਵੱਲੋਂ ਗੁਰਬਾਣੀ ਰਾਹੀਂ ਦਿੱਤੀਆਂ ਸਿੱਖਿਆਵਾਂ ਨੂੰ ਜੀਵਨ ਵਿੱਚ ਅਪਣਾਉਣ ਅਤੇ ਉਨ੍ਹਾਂ ਦੇ ਦੱਸੇ ਮਾਰਗ ਉੱਤੇ ਚੱਲਣ ਦੀ ਲੋੜ ਹੈ।

ਇਸ ਤੋਂ ਪਹਿਲਾਂ ਰਾਸ਼ਟਰਪਤੀ ਰਾਮਨਾਥ ਕੋਵਿੰਦਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬਦੇ ਸੰਬੰਧ ਵਿੱਚ ਪੰਜਾਬ ਸਰਕਾਰ ਵਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚਕੀਤੇ ਜਾ ਰਹੇ ਸਮਾਗਮ ਵਿੱਚ ਅੱਜ ਸਹਿਜ ਪਾਠ ਦੇ ਭੋਗ ਮੌਕੇ ਪਹੁੰਚੇ ਸਨ।ਸਰਕਾਰੀ ਪੰਡਾਲ ਵਿੱਚ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੇ ਪਹੁੰਚਣ ਸਮੇਂ ਉਨ੍ਹਾਂ ਦੀ ਧਰਮ ਪਤਨੀ ਅਤੇ ਪੰਜਾਬ ਦੇ ਗਵਰਨਰ ਬੀ ਪੀ ਸਿੰਘ ਬਦਨੌਰ ਉਨ੍ਹਾਂ ਦੇ ਨਾਲ ਸਨ। ਓਥੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੀ ਪਾਰਲੀਮੈਂਟ ਮੈਂਬਰ ਪਤਨੀ ਪ੍ਰਨੀਤ ਕੌਰ ਨੇ ਸਵਾਗਤ ਕੀਤਾ। ਰਾਸ਼ਟਰਪਤੀ ਗੁਰਦੁਆਰਾ ਬੇਰ ਸਾਹਿਬ ਮੱਥਾ ਟੇਕਣ ਦੇ ਬਾਅਦ ਪਹਿਲਾਂ ਪੰਜਾਬ ਸਰਕਾਰ ਵਲੋਂ ਕਰਵਾਏ ਮੁੱਖ ਸਮਾਗਮ ਵਿੱਚਪਹੁੰਚੇ ਅਤੇ ਇਸ ਤੋਂ ਬਾਅਦ

GNR ਹਰਬਲ ਤੇਲ 647-853-5800
globalnaturalremedies@yahoo.com
ਦਰਦਾਂ ਵਾਸਤੇ Pain-Care Ext. Use Only Joint Support $9.99
ਮਰਦਾਂ ਲਈ He-Oil For Men Only $19.99
Stress-Care Feel Relaxed $9.99
ਔਰਤਾਂ ਲਈ Chest Massage Oil $14.99
GNR Herbal Products
GLOBAL NATURAL REMEDIES

# ਪਾਰਲੀਆਮੈਂਟ ਦੀ ਕਾਰਵਾਈ 5 ਦਸੰਬਰ ਤੋਂ ਸ਼ੁਰੂ ਕਰਨਗੇ ਟਰੂਡੋ

...ਪੰਨਾ 1 ਦਾ ਬਾਕੀ

ਸੈਂਟਰ ਬਲਾਕ ਵਿੱਚ ਮੁਰੰਮਤ ਦਾ ਕੰਮ ਜਾਰੀ ਹੋਣ ਕਾਰਨ ਹਾਊਸ ਆਫ ਕਾਮਨਜ਼ ਤੇ ਸੈਨੇਟ ਹੁਣ ਵੱਖ ਵੱਖ ਇਮਾਰਤਾਂ ਵਿੱਚ ਸਥਿਤ ਹਨ। ਪਹਿਲਾਂ ਐਮਪੀਜ਼ ਇੱਕ ਚੇਂਬਰ ਤੋਂ ਦੂਜੇ ਚੇਂਬਰ ਵਿੱਚ ਚਲੇ ਜਾਂਦੇ ਸਨ ਪਰ ਹੁਣ ਉਨ੍ਹਾਂ ਨੂੰ ਵੈਸਟ ਬਲਾਕ ਸਥਿਤ ਵੈਲਿੰਗਟਨ ਸਟਰੀਟ ਤੋਂ ਸੈਨੇਟ ਆਫ ਕੈਨੇਡਾ ਦੀ ਇਮਾਰਤ ਵਿੱਚ ਜਾਣਾ ਹੋਵੇਗਾ। ਰਾਜ ਭਾਸ਼ਣ ਉੱਤੇ ਐਮਪੀਜ਼ ਵੱਲੋਂ ਛੇ ਦਿਨ ਤੱਕ ਬਹਿਸ ਕੀਤੀ ਜਾਵੇਗੀ। ਹਾਊਸ ਆਫ ਕਾਮਨਜ਼ ਦੇ ਕੈਲੰਡਰ ਮੁਤਾਬਕ ਮੈਂਬਰ ਪਾਰਲੀਆਮੈਂਟ ਆਉਣ ਵਾਲੇ ਦਿਨਾਂ ਵਿੱਚ ਕਈ ਹਫਤਿਆਂ ਦੀਆਂ ਛੁੱਟੀਆਂ ਤੋਂ ਪਹਿਲਾਂ 13 ਦਸੰਬਰ ਤੱਕ ਕੰਮ ਕਰਨਗੇ ਪਰ ਸੈਨੇਟ ਦੀ ਕਾਰਵਾਈ 20 ਦਸੰਬਰ ਤੱਕ ਚੱਲ ਸਕਦੀ ਹੈ।

ਇਸ ਪੂਰਾ ਹਫਤਾ ਪ੍ਰਧਾਨ ਮੰਤਰੀ ਨੇ ਸਾਂਝੇ ਮੰਤਵਾਂ ਨੂੰ ਤਲਾਸ਼ਣ ਲਈ ਵਿਰੋਧੀ ਧਿਰਾਂ ਦੇ ਆਗੂਆਂ ਨਾਲ ਮੁਲਾਕਾਤ ਕੀਤੀ। ਮੰਗਲਵਾਰ ਨੂੰ ਮੁੱਖ ਵਿਰੋਧੀ ਧਿਰ ਦੇ ਆਗੂ ਐਂਡਰਿਊ ਸ਼ੀਅਰ ਨਾਲ ਟਰੂਡੋ ਨੇ ਮੁਲਾਕਾਤ ਕੀਤੀ। ਇਸ ਦੌਰਾਨ ਸ਼ੀਅਰ ਨੇ ਹਾਊਸ ਆਫ ਕਾਮਨਜ਼ ਦੀ ਕਾਰਵਾਈ 25 ਨਵੰਬਰ ਤੋਂ ਸ਼ੁਰੂ ਕਰਨ ਲਈ ਟਰੂਡੋ ਨੂੰ ਅਪੀਲ ਕੀਤੀ। 30 ਮਿੰਟ ਤੱਕ ਚੱਲੀ ਮੁਲਾਕਾਤ ਤੋਂ ਬਾਅਦ ਸ਼ੀਅਰ ਨੇ ਟਰੂਡੋ ਦੇ ਆਫਿਸ ਤੋਂ ਜਾਂਦਿਆਂ ਆਖਿਆ ਕਿ ਰਾਜ ਭਾਸ਼ਣ ਲਈ ਉਨ੍ਹਾਂ ਦੀ ਪਾਰਟੀ ਦਾ ਸਮਰਥਨ ਲਿਬਰਲਾਂ ਲਈ ਪਹਿਲਾ ਭਰੋਸੇ ਦਾ ਵੋਟ ਹੋਵੇਗਾ ਜੋ ਉਨ੍ਹਾਂ ਨੂੰ ਪਾਸ ਕਰਨਾ ਹੋਵੇਗਾ। ਸੱਤਾ ਵਿੱਚ ਬਣੇ ਰਹਿਣ ਲਈ ਟਰੂਡੋ ਨੂੰ ਇਹ ਕਰਨਾ ਹੋਵੇਗਾ ਤੇ ਇਹ ਇਸ ਉੱਤੇ ਹੀ ਨਿਰਭਰ ਕਰੇਗਾ ਕਿ ਇਸ ਵਿੱਚ ਕੀ ਹੈ।

# ਡੌਨ ਚੈਰੀ ਦੀਆਂ ਟਿੱਪਣੀਆਂ ਨਿਰਾਸ਼ਾਜਨਕ : ਸੱਜਣ

ਟੋਰਾਂਟੋ, 12 ਨਵੰਬਰ (ਪੋਸਟ ਬਿਊਰੋ) : ਕੈਨੇਡਾ ਦੇ ਰੱਖਿਆ ਮੰਤਰੀ ਨੇ ਡੌਨ ਚੈਰੀ ਨੂੰ ਸੁਨੇਹਾ ਦਿੱਤਾ ਹੈ ਕਿ ਉਹ ਹਿਸਟਰੀ ਦੀ ਕਲਾਸ ਲਾਉਣ।

ਸੋਮਵਾਰ ਨੂੰ ਹਰਜੀਤ ਸੱਜਣ ਨੇ ਆਖਿਆ ਕਿ ਇਮੀਗ੍ਰੈਂਟਸ ਤੇ ਪੌਪੀਜ਼ ਬਾਰੇ ਕੀਤੀਆਂ ਗਈਆਂ ਟਿੱਪਣੀਆਂ ਕਾਰਨ ਨਾ ਸਿਰਫ ਹਾਕੀ ਕੋਚ ਨੂੰ ਆਪਣੀ ਨੌਕਰੀ ਤੋਂ ਹੱਥ ਧੁਆਉਣੇ ਪਏ ਸਗੋਂ ਇਹ ਸਾਰਿਆਂ ਲਈ ਇੱਕ ਸਬਕ ਹੈ ਕਿ ਸਾਨੂੰ ਹੋਰ ਬਹੁਤ ਕੁੱਝ ਸਿੱਖਣ ਤੇ ਸਮਝਣ ਦੀ ਲੋੜ ਹੈ। ਉਨ੍ਹਾਂ ਆਖਿਆ ਕਿ ਇਸ ਤਰ੍ਹਾਂ ਦੀਆਂ ਟਿੱਪਣੀਆਂ ਸੁਣਕੇ ਸਾਡੇ ਸ਼ਹੀਦਾਂ ਨੂੰ ਕਿੰਨੀ ਨਿਰਾਸ਼ਾ ਹੁੰਦੀ। ਜ਼ਿਕਰਯੋਗ ਹੈ ਕਿ ਸੋਮਵਾਰ ਨੂੰ ਸਪੋਰਟਸਨੈੱਟ ਵੱਲੋਂ ਚੈਰੀ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਇਸ ਤੋਂ ਪਹਿਲਾਂ ਚੈਰੀ ਨੇ ਇਹ ਟਿੱਪਣੀ ਕੀਤੀ ਸੀ ਕਿ ਇੰਮੀਗ੍ਰੈਂਟਸ ਚੰਦ ਪੈਸੇ ਖਰਚ ਕੇ ਪੌਪੀਜ਼ ਵੀ ਨਹੀਂ ਖਰੀਦਦੇ ਤੇ ਅਜਿਹਾ ਕਰਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਨਹੀਂ ਦਿੰਦੇ।

ਇੱਕ ਇੰਟਰਵਿਊ ਵਿੱਚ ਸੱਜਣ ਨੇ ਆਖਿਆ ਕਿ ਮਸ਼ਹੂਰ ਕੁਮੈਂਟੇਟਰ ਵੱਲੋਂ ਕੀਤੀਆਂ ਗਈਆਂ ਇਸ ਤਰ੍ਹਾਂ ਦੀਆਂ ਟਿੱਪਣੀਆਂ ਕਾਫੀ ਨਿਰਾਸ਼ਾਜਨਕ ਹਨ। ਉਨ੍ਹਾਂ ਆਖਿਆ ਕਿ ਇਸ ਸਬੰਧ ਵਿੱਚ ਜਿਸ ਤਰ੍ਹਾਂ ਦਾ ਗੁੱਸਾ ਫੁੱਟਿਆ ਉਹ ਬਿਲਕੁਲ ਸਹੀ ਸੀ। ਉਨ੍ਹਾਂ ਆਖਿਆ ਕਿ ਅਸੀਂ ਸਰਕਾਰ ਵਜੋਂ, ਕਮਿਊਨਿਟੀਜ਼ ਵਜੋਂ ਉਨ੍ਹਾਂ ਸ਼ਹਾਦਤਾਂ ਬਾਰੇ ਕਿਵੇਂ ਸਮਝਾਈਏ ਜਿਹੜੀਆਂ ਸਾਰਿਆਂ ਵੱਲੋਂ ਦਿੱਤੀਆਂ ਗਈਆਂ, ਤਾਂ ਕਿ ਇਸ ਤਰ੍ਹਾਂ ਦੀਆਂ ਟਿੱਪਣੀਆਂ ਨਾ ਕੀਤੀਆਂ ਜਾਣ? ਕਿਉਂਕਿ ਜੇ ਕੋਈ ਇਤਿਹਾਸ ਜਾਣਦਾ ਹੈ ਤਾਂ ਇਸ ਤਰ੍ਹਾਂ ਦੀਆਂ ਟਿੱਪਣੀਆਂ ਨਾ ਹੁੰਦੀਆਂ।

ਚੈਰੀ ਦੀਆਂ ਟਿੱਪਣੀਆਂ ਦੀ ਆਲੋਚਨਾ ਕਰਨ ਵਾਲੇ ਫੌਜੀ ਤੇ ਸਿਆਸੀ ਆਗੂਆਂ ਵਿੱਚੋਂ ਸੱਜਣ ਲੇਟੈਸਟ ਹਨ। ਇਨ੍ਹਾਂ ਤੋਂ ਪਹਿਲਾਂ ਵੈਟਰਨ ਮਾਮਲਿਆਂ ਬਾਰੇ ਮੰਤਰੀ ਲਾਰੈਂਸ ਮੈਕੌਲੇ ਨੇ ਇਨ੍ਹਾਂ ਟਿੱਪਣੀਆਂ ਨੂੰ ਗੈਰ ਵਾਜਿਬ ਦੱਸਿਆ ਸੀ। ਡਿਫੈਂਸ ਚੀਫ ਜਨਰਲ ਜੌਨਾਥਨ ਵੈਂਸ ਨੇ ਆਖਿਆ ਕਿ ਕਿਸੇ ਨੂੰ ਵੀ ਪੌਪੀ ਧਾਰਨ ਕਰਨ ਵਿੱਚ ਸ਼ਰਮਿੰਦਗੀ ਨਹੀਂ ਹੋਣੀ ਚਾਹੀਦੀ। ਜ਼ਿਕਰਯੋਗ ਹੈ ਕਿ ਸੱਜਣ ਦਾ ਜਨਮ ਭਾਰਤ ਵਿੱਚ ਹੋਇਆ ਤੇ ਉਹ ਪੰਜ ਸਾਲ ਦੀ ਉਮਰ ਵਿੱਚ ਹੀ ਆਪਣੇ ਮਾਪਿਆਂ ਨਾਲ ਕੈਨੇਡਾ ਆ ਵੱਸੇ ਸਨ। ਉਨ੍ਹਾਂ ਆਪਣਾ ਬਹੁਤਾ ਸਮਾਂ ਕੈਨੇਡੀਅਨ ਆਰਮਡ ਫੋਰਸਿਜ਼ ਵਿੱਚ ਰਹਿ ਕੇ ਬੋਸਨੀਆ ਤੇ ਹਰਜ਼ੇਗੋਵਿਨਾ ਤੇ ਅਫਗਾਨਿਸਤਾਨ ਵਿੱਚ ਸੇਵਾ ਨਿਭਾਈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਅੱਠਵੀਂ ਮੰਜ਼ਿਲ ਤੋਂ ਡਿੱਗੇ ਏਅਰ ਕੰਡਿਸ਼ਨਰ ਦੀ ਚਪੇਟ ਵਿੱਚ ਆ ਕੇ ਬੱਚੀ ਦੀ ਮੌਤ

ਸਕਾਰਬੌਰੋ, 12 ਨਵੰਬਰ (ਪੋਸਟ ਬਿਊਰੋ) : ਸੋਮਵਾਰ ਨੂੰ ਸਕਾਰਬੌਰੋ ਵਿੱਚ ਇੱਕ ਇਮਾਰਤ ਤੋਂ ਡਿੱਗੇ ਏਅਰ ਕੰਡਿਸ਼ਨਰ ਦੀ ਚਪੇਟ ਵਿੱਚ ਆ ਜਾਣ ਕਾਰਨ ਦੋ ਸਾਲਾ ਬੱਚੀ ਦੀ ਮੌਤ ਹੋ ਗਈ। ਇਹ ਜਾਣਕਾਰੀ ਪੁਲਿਸ ਨੇ ਦਿੱਤੀ।

ਪੁਲਿਸ ਅਧਿਕਾਰੀਆਂ ਨੂੰ ਇੱਕ ਲੜਕੀ ਦੇ ਜ਼ਖ਼ਮੀ ਹੋਣ ਕਾਰਨ ਦੁਪਹਿਰੇ 4:00 ਵਜੇ ਤੋਂ ਠੀਕ ਬਾਅਦ ਮੌਸਬੈਂਕ ਡਰਾਈਵ ਨੇੜੇ ਲਾਰੈਂਸ ਐਵਨਿਊ ਈਸਟ ਉੱਤੇ ਸਥਿਤ ਅਪਾਰਟਮੈਂਟ ਕਾਂਪਲੈਕਸ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਇੱਕ ਮਹਿਲਾ ਆਪਣੇ ਤਿੰਨ ਬੱਚਿਆਂ ਦੇ ਨਾਲ ਕਾਂਪਲੈਕਸ ਵਿੱਚ ਦਾਖਲ ਹੋ ਰਹੀ ਸੀ ਜਦੋਂ ਅੱਠਵੀਂ ਮੰਜ਼ਿਲ ਦੀ ਖਿੜਕੀ ਵਿੱਚੋਂ ਇੱਕ ਏਸੀ ਯੂਨਿਟ ਹੇਠਾਂ ਡਿੱਗ ਪਈ। ਏਸੀ ਯੂਨਿਟ ਸਿੱਧਿਆਂ ਹੀ ਇਸ ਮਹਿਲਾ ਦੀ ਦੋ ਸਾਲਾ ਬੱਚੀ ਉੱਤੇ ਡਿੱਗੀ।

ਬੱਚੀ ਦੇ ਦੋ ਭੈਣ ਭਰਾਵਾਂ ਜਿਨ੍ਹਾਂ ਦੀ ਉਮਰ ਪੰਜ ਤੇ ਸੱਤ ਸਾਲ ਹੈ, ਨੇ ਵੀ ਇਹ ਹਾਦਸਾ ਹੁੰਦਾ ਵੇਖਿਆ। ਜ਼ਖ਼ਮੀ ਬੱਚੀ ਨੂੰ ਫੌਰਨ ਹੀ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਪਰ ਪੁਲਿਸ ਨੇ ਆਖਿਆ ਕਿ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਉਹ ਦਮ ਤੋੜ ਗਈ। ਪੁਲਿਸ ਚਸ਼ਮਦੀਦਾਂ ਦੀ ਭਾਲ ਕਰ ਰਹੀ ਹੈ। ਅਜੇ ਤੱਕ ਕੋਈ ਚਾਰਜਿਜ਼ ਨਹੀਂ ਲਾਏ ਗਏ ਹਨ ਤੇ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ukttc UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Air Brake Classes Sat-Sun 8am to 4pm
Counterbalance
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਪੰਜਾਬੀ ਪੋਸਟ 'ਚ ਸੇਲਜ਼ ਐਗਜ਼ੀਕਿਊਟਵਜ਼ ਦੀ ਲੋੜ
ਤਨਖਾਹ+ ਕਮਿਸ਼ਨ, ਪ੍ਰਤੀ ਸਾਲ 50,000 ਡਾਲਰ, ਆਪਣੀ ਕਾਰ ਹੋਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਤੇ ਪੰਜਾਬੀ ਬੋਲਣ 'ਚ ਮੁਹਾਰਤ ਹਾਸਿਲ ਹੋਵੇ। ਆਪਣਾ ਬਾਇਓਡਾਟਾ balwinder@punjabi-post.ca ਈਮੇਲ ਆਈਡੀ ਉਤੇ ਭੇਜ ਸਕਦੇ ਹੋ।
ਸੰਪਰਕ: 905-793-2202

PUNJABI POST
NOW HIRING!
SALES EXECUTIVES
Salary $19/hr + Bonus, Must be Sales Skill Master, have own car, fluent in english & punjabi.
Send your resume at: balwinder@punjabipost.ca
Call Punjabi Post: 905.793.2202

# ਟੈਰਰ ਫੰਡਿੰਗ ਦਾ ਮਾਮਲਾ: ਪੰਜਾਬ ਵਿੱਚ ਦੁਬਈ ਤੋਂ ਆਇਆ ਸਿੱਖ ਨੌਜਵਾਨ ਅਤੇ ਫਰੀਦਕੋਟ ਦੀ ਨਰਸ ਗ੍ਰਿਫਤਾਰ

ਲੁਧਿਆਣਾ, 12 ਨਵੰਬਰ, (ਪੋਸਟ ਬਿਊਰੋ)- ਪੰਜਾਬ ਵਿੱਚਖਾੜਕੂਆਂ ਲਈ ਪੈਸੇ ਦੀ ਸਪਲਾਈ (ਟੈਰਰ ਫੰਡਿੰਗ) ਦੇ ਵੱਡੇ ਮਾਮਲੇ ਦਾ ਖੁਲਾਸਾ ਕਰਨ ਦਾ ਦਾਅਵਾ ਕਰਦੇ ਹੋਏ ਪੰਜਾਬ ਪੁਲਿਸ ਦੇ ਸਟੇਟ ਆਪ੍ਰੇਸ਼ਨ ਸੈੱਲ ਨੇਦੁਬਈ ਤੋਂ ਆਏ ਸਿੱਖ ਨੌਜਵਾਨ ਸਣੇ ਤਿੰਨ ਜਣਿਆਂ ਨੂੰ ਗ੍ਰਿਫਤਾਰ ਕਰ ਲਿਆ ਹੈ। ਦੱਸਿਆ ਜਾ ਰਿਹਾ ਹੈ ਕਿ ਇਨ੍ਹਾਂ ਲੋਕਾਂ ਦੇ ਸੰਬੰਧ ਖ਼ਾਲਿਸਤਾਨੀ ਖਾੜਕੂਆਂ ਨਾਲ ਜੁੜੇ ਹੋਏ ਹਨ ਅਤੇ ਇਸ-ਬਾਰੇਗੁਪ-ਚੁੱਪ ਚੱਲ ਰਹੀ ਸਰਗਰਮੀ ਦਾ ਖੁਲਾਸਾ ਇਸ ਹਫ਼ਤੇ ਅਚਾਨਕ ਦੋ ਖ਼ਾਲਿਸਤਾਨੀ ਖਾੜਕੂਆਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਨਾਲ ਹੋਇਆ ਹੈ।

ਪਤਾ ਲੱਗਾ ਹੈ ਕਿ ਪੰਜਾਬ ਪੁਲਸ ਦੇ ਸਟੇਟ ਆਪ੍ਰੇਸ਼ਨ ਸੈੱਲ ਨੇ ਹੁਸ਼ਿਆਰਪੁਰ ਜ਼ਿਲੇ ਦੇ ਲਖਵੀਰ ਸਿੰਘ ਦੇ ਨਾਲ ਹੀ ਫ਼ਰੀਦਕੋਟ ਜ਼ਿਲੇ ਦੀ ਸੁਰਿੰਦਰ ਕੌਰ ਨਾਂਅ ਦੀ ਔਰਤ ਨੂੰ ਗ੍ਰਿਫ਼ਤਾਰ ਕੀਤਾ ਸੀ। ਦੋਵੇਂ ਜਣੇ ਇਸ ਵਕਤਪੁਲਿਸ ਰਿਮਾਂਡ ਉੱਤੇ ਹਨ ਅਤੇ ਇਨ੍ਹਾਂ ਤੋਂ ਕੀਤੀ ਪੁੱਛਗਿੱਛ ਦੇ ਆਧਾਰ ਉੱਤੇ ਸਟੇਟ ਆਪ੍ਰੇਸ਼ਨ ਸੈੱਲ ਨੇ ਪੰਜਾਬ ਦੀਆਂ ਹੋਰ ਵੀ ਕਈ ਥਾਵਾਂ ਉੱਤੇ ਕਾਰਵਾਈ ਕਰ ਕੇ ਤਿੰਨ ਲੋਕਾਂ ਨੂੰ ਹਿਰਾਸਤ ਵਿੱਚ ਲਿਆ। ਦੱਸਿਆ ਜਾਂਦਾ ਹੈ ਕਿ ਸਟੇਟ ਆਪ੍ਰੇਸ਼ਨ ਸੈੱਲ ਦੀ ਇਕਖਾਸ ਟੀਮ ਲੁਧਿਆਣਾ ਵਿੱਚ ਲਗਾਤਾਰ ਜਾਂਚ ਕਰ ਰਹੀ ਹੈ ਅਤੇ ਏਥੇ ਨਿੱਜੀ ਹਸਪਤਾਲ ਵਿੱਚਕੰਮ ਕਰਦੀ ਨਰਸ ਦੇ ਨਾਲ ਸੰਬੰਧ ਰੱਖਣ ਵਾਲੇ ਲੋਕਾਂ ਦੀ ਉਚੇਚੀ ਘੋਖ ਕਰ ਰਹੀ ਹੈ। ਇਹ ਨਰਸਪਿੱਛੋਂ ਫ਼ਰੀਦਕੋਟ ਜ਼ਿਲੇ ਦੀ ਵਸਨੀਕ ਦੱਸੀ ਗਈ ਹੈ। ਸਮਝਿਆ ਜਾ ਰਿਹਾ ਹੈ ਕਿ ਪੁਲਿਸ ਨੇ ਦੋਵਾਂ ਜ਼ਿਲ੍ਹਿਆਂ ਵਿੱਚ ਕਾਰਵਾਈ ਤੋਂ ਬਾਅਦ ਤਿੰਨਾਂ ਨੂੰ ਫੜਿਆ ਹੈ, ਪਰ ਇਸ ਦੀ ਪੁਸ਼ਟੀ ਕਿਸੇ ਪਾਸੇ ਤੋਂ ਨਹੀਂ ਕੀਤੀ ਗਈ। ਕਿਹਾ ਜਾਂਦਾ ਹੈ ਕਿ ਸਟੇਟ ਆਪ੍ਰੇਸ਼ਨ ਸੈੱਲ ਪੂਰੀ ਕਾਰਵਾਈ ਚੰਡੀਗੜ੍ਹ ਤੋਂ ਚਲਾ ਰਿਹਾ ਹੈ ਤੇ ਉਸਨੇ ਇਸ ਬਾਰੇ ਲੁਧਿਆਣਾ ਪੁਲਿਸ ਨੂੰ ਵੀ ਕੁਝ ਨਹੀਂ ਦੱਸਿਆ।

ਜਾਣਕਾਰ ਸੂਤਰਾਂ ਅਨੁਸਾਰ ਸਟੇਟ ਆਪ੍ਰੇਸ਼ਨ ਸੈੱਲ ਵੱਲੋਂਫੜਿਆ ਗਿਆ ਲਖਬੀਰ ਸਿੰਘ ਹੁਸ਼ਿਆਰਪੁਰ ਦਾ ਰਹਿਣ ਵਾਲਾ ਤੇ ਦੁਬਈ ਵਿੱਚ ਡਰਾਈਵਰ ਦਾ ਕੰਮ ਕਰ ਚੁੱਕਾ ਹੈ। ਅੱਜਕੱਲ੍ਹ ਉਹ ਗੁਰਦਾਸਪੁਰਰਹਿੰਦਾ ਸੀ। ਔਰਤ ਫ਼ਰੀਦਕੋਟ ਦੀ ਰਹਿਣ ਵਾਲੀ ਹੈ ਤੇ ਲੁਧਿਆਣਾ ਵਿੱਚ ਨਰਸ ਦੀ ਨੌਕਰੀ ਕਰਦੀ ਸੀ। ਪੁਲਿਸ ਵਾਲਿਆਂ ਦਾ ਕਹਿਣਾ ਹੈ ਕਿ ਦੋਵੇਂ ਇਕ-ਦੂਸਰੇ ਨਾਲ ਸੋਸ਼ਲ ਮੀਡੀਆ ਰਾਹੀਂ ਦੋਸਤ ਬਣੇ ਅਤੇ ਫੇਸਬੁੱਕ ਫਰੈਂਡ ਸਨ। ਪੰਜਾਬ ਪੁਲਿਸ ਦੀ ਸਾਈਬਰ ਕ੍ਰਾਈਮ ਸੈੱਲ ਦੀ ਟੀਮ ਅੱਜਕਲ੍ਹ ਇਹੋ ਜਿਹੀਆਂ ਸਾਈਬਰ ਸਰਗਰਮੀਆਂ ਉੱਤੇ ਕਾਫ਼ੀ ਨਜ਼ਰ ਰੱਖਦੀ ਹੈ ਤੇ ਇਸੇ ਕਾਰਨ ਪੰਜਾਬ ਵਿੱਚ ਪਹਿਲਾਂ ਵੀ ਅਸਲਾ ਅਤੇ ਸੰਬੰਧਤ ਬੰਦੇ ਫੜੇ ਗਏ ਹਨ ਅਤੇ ਰਿਫਰੈਂਡਮ 2020 ਕਾਰਨ ਵੀ ਖਾਸ ਚੌਕਸੀ ਹੈ।

ਹੁਸ਼ਿਆਰਪੁਰ ਜ਼ਿਲੇ ਦੇ ਹਰਿਆਣਾ ਥਾਣੇ ਦੇ ਪਿੰਡ ਡਡਿਆਣਾ ਕਲਾਂ ਦੇ ਵਾਸੀ ਲਖਬੀਰ ਸਿੰਘ ਨੂੰ ਸਟੇਟ ਆਪ੍ਰੇਸ਼ਨ ਸੈੱਲ ਮੋਹਾਲੀ ਨੇ ਟੈਰਰ ਫੰਡਿੰਗ ਕੇਸ ਵਿਚ ਫੜਿਆ ਤਾਂ ਉਸ ਪਿੱਛੋਂ ਮੰਗਲਵਾਰ ਮੀਡੀਆ ਵਾਲਿਆਂ ਦੀ ਇਸ ਪਿੰਡ ਤੱਕ ਪਹੁੰਚ ਦੇ ਬਾਅਦ ਗੱਲ ਨਿਕਲੀ ਕਿ ਉਸ ਦੇ ਪਰਿਵਾਰ ਨੂੰ 5 ਨਵੰਬਰ ਹੀ ਪਤਾ ਲੱਗ ਗਿਆ ਸੀ ਕਿ ਉਸਨੂੰ ਦੁਬਈ ਜਾਣ ਵੇਲੇ ਮੋਹਾਲੀ ਇੰਟਰਨੈਸ਼ਨਲ ਏਅਰਪੋਰਟ ਤੋਂ ਇਕ ਲੜਕੀ ਨਾਲਫੜਿਆ ਗਿਆ ਹੈ। ਉਸ ਦੇ ਪਿਤਾ ਹਰਜਿੰਦਰ ਸਿੰਘ ਤੇ ਪਿੰਡ ਦੇ ਹੋਰ ਲੋਕਾਂ ਨੇ ਦੋਸ਼ ਲਾਇਆ ਕਿ ਸਟੇਟ ਆਪ੍ਰੇਸ਼ਨ ਸੈੱਲ ਦੀ ਪੁਲਸ ਸਾਜ਼ਿਸ਼ ਹੇਠ ਲਖਬੀਰ ਨੂੰ ਫਸਾ ਰਹੀ ਹੋਵੇਗੀ, ਉਹ ਬੇਕਸੂਰ ਹੈ। ਹਰਜਿੰਦਰ ਸਿੰਘ ਨੇ ਦੱਸਿਆ ਕਿ ਉਸ ਦਾ ਪੁੱਤਰਲਖਬੀਰ ਸਿੰਘ 10ਵੀਂ ਜਮਾਤ ਪਾਸ ਕਰਨ ਪਿੱਛੋਂ ਆਈ ਟੀ ਆਈ ਕਰਕੇ ਆਪਣੇ ਪਿੰਡ ਵਿਚ ਏ ਸੀ ਰਿਪੇਅਰਿੰਗ ਦਾ ਕੰਮ ਕਰਦਾ ਰਿਹਾ ਸੀ। ਕਰੀਬ 23 ਮਹੀਨੇ ਪਹਿਲਾਂ ਉਸ ਨੂੰ ਏ ਸੀ ਮਕੈਨਿਕ ਵਜੋਂ ਦੁਬਈ ਵਿੱਚ ਪੈਕਿੰਗ ਦਾ ਕੰਮ ਮਿਲਿਆ ਸੀ। ਅੱਜਕੱਲ੍ਹ ਉਹ ਛੁੱਟੀ ਆਇਆ ਹੋਇਆ ਸੀ ਤੇ 15 ਦਿਨ ਕੱਟਣ ਪਿੱਛੋਂ ਜਦੋਂ ਦੁਬਈ ਜਾਣਾ ਸੀ ਤਾਂ ਪੁਲਸ ਨੇ ਬਿਨਾਂ ਕਿਸੇ ਸਬੂਤ ਦੇ ਗ੍ਰਿਫਤਾਰ ਕਰ ਲਿਆ ਹੈ।

# ਮਹਾਰਾਸ਼ਟਰ ’ਚ ਰਾਸ਼ਟਰਪਤੀ ਸ਼ਾਸਨ ਲਾਗੂ



ਨਵੀਂ ਦਿੱਲੀ, 12 ਨਵੰਬਰ, (ਪੋਸਟ ਬਿਊਰੋ)- ਮਹਾਰਾਸ਼ਟਰ ਵਿੱਚ ਰਾਸ਼ਟਰਪਤੀ ਰਾਜ ਲਾਗੂ ਹੋ ਗਿਆ ਹੈ। ਗਵਰਨਰ ਤੇ ਕੇਂਦਰੀ ਕੈਬਨਿਟ ਦੀ ਸਿਫ਼ਾਰਿਸ਼ ਉੱਤੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਇਸ ਦੀ ਮਨਜ਼ੂਰੀ ਦੇ ਦਿੱਤੀ ਹੈ।

ਇਸ ਤੋਂ ਪਹਿਲਾਂ ਬੀਤੇ ਸੋਮਵਾਰ ਸ਼ਿਵ ਸੈਨਾ ਵੱਲੋਂ ਬਹੁਮਤ ਸਾਬਤ ਨਾ ਕਰ ਸਕਣ ਉੱਤੇ ਗਵਰਨਰ ਭਗਤ ਸਿੰਘ ਕੋਸ਼ਿਆਰੀ ਨੇ ਓਸੇ ਰਾਤ ਨੂੰ ਰਾਸ਼ਟਰਵਾਦੀ ਕਾਂਗਰਸ ਪਾਰਟੀ (ਐੱਨ ਸੀ ਪੀ) ਨੂੰ ਸਰਕਾਰ ਬਣਾਉਣ ਲਈ ਸੱਦਾ ਦੇ ਦਿੱਤਾ ਅਤੇ ਮੰਗਲਵਾਰ ਨੂੰ ਬਹੁਮਤ ਸਾਬਤ ਕਰਨ ਨੂੰ ਕਿਹਾ ਸੀ, ਪਰ ਇਸ ਤੋਂ ਪਹਿਲਾਂ ਰਾਸ਼ਟਰਪਤੀ ਰਾਜ ਲਾਗੂ ਕਰਨ ਵਾਸਤੇ ਸਿਫਾਰਸ਼ ਕਰ ਦਿੱਤੀ ਗਈ।ਇਹ ਸਿਫਾਰਸ਼ ਨੂੰ ਰਾਸ਼ਟਰਪਤੀ ਦੇ ਕੋਲ ਭੇਜਣ ਤੋਂ ਪਹਿਲਾਂ ਗਵਰਨਰ ਦੀ ਸਿਫ਼ਾਰਿਸ਼ ਉੱਤੇ ਕੇਂਦਰੀ ਕੈਬਨਿਟ ਦੀ ਬੈਠਕ ਬੁਲਾਈ ਗਈ ਅਤੇਫਿਰ ਇਹ ਫੈਸਲਾ ਰਾਸ਼ਟਰਪਤੀ ਨੂੰ ਭੇਜ ਦਿੱਤਾ ਗਿਆ, ਜਿਨ੍ਹਾਂ ਨੇ ਇਸ ਦੀ ਪ੍ਰਵਾਨਗੀ ਦੇ ਦਿੱਤੀ ਅਤੇ ਲੋਕਤੰਤਰੀ ਸਰਕਾਰ ਦਾ ਭੋਗ ਪੈ ਗਿਆ ਹੈ।

ਸੋਮਵਾਰ ਸ਼ਾਮ ਨੂੰ ਜਦੋਂ ਸ਼ਿਵ ਸੈਨਾ ਨੂੰ ਸਰਕਾਰ ਬਣਾਉਣ ਲਈ ਦਿੱਤੇ ਗਏ ਸੱਦੇ ਦੀ ਮਿਆਦ ਖਤਮ ਹੋ ਗਈ ਸੀ ਤੇ ਗਵਰਨਰ ਨੇ ਐੱਨ ਸੀ ਪੀ ਨੂੰ ਤੀਸਰੀ ਵੱਡੀ ਪਾਰਟੀ ਵਜੋਂ ਸਰਕਾਰ ਬਣਾਉਣ ਦਾ ਸੱਦਾ ਦੇ ਦਿੱਤਾ ਸੀ, ਉਸ ਦੇ ਬਾਅਦ ਹੀ ਇਹ ਗੱਲ ਕਹੀ ਜਾਣ ਲੱਗ ਪਈ ਸੀ ਕਿ ਗਵਰਨਰੀ ਰਾਜ ਲਾਗੂ ਹੋ ਜਾਵੇਗਾ। ਇਸ ਦਾ ਕਾਰਨ ਇਹ ਕਿਹਾ ਜਾ ਰਿਹਾ ਸੀ ਕਿ ਭਾਜਪਾ ਨੂੰ ਇਸ ਰਾਜ ਵਿੱਚ ਕਾਂਗਰਸ ਨਾਲ ਮਿਲ ਕੇ ਸ਼ਿਵ ਸੈਨਾ ਅਤੇ ਐੱਨ ਸੀ ਪੀ ਦੀ ਸਰਕਾਰ ਬਣਾਉਣ ਵਾਲਾ ਵਿਚਾਰ ਪਸੰਦ ਨਹੀਂ ਆ ਸਕਦਾ, ਇਸ ਲਈ ਉਸ ਤੋਂ ਪਹਿਲਾਂ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਜਾਵੇਗਾ।

# ਨਿੱਕੀ ਹੇਲੀ ਵੱਲੋਂ ਦੋਸ਼: ਸਾਡੇ ਫ਼ੌਜੀਆਂ ਉੱਤੇ ਹਮਲੇ ਕਰ ਰਹੇ ਅੱਤਵਾਦੀਆਂ ਨੂੰ ਪਾਕਿ ਸ਼ਰਨ ਦਿੰਦੈ



ਵਾਸ਼ਿੰਗਟਨ, 12 ਨਵੰਬਰ, (ਪੋਸਟ ਬਿਊਰੋ)- ਯੂ ਐਨ ਓ ਵਿੱਚ ਅਮਰੀਕਾ ਦੀ ਸਾਬਕਾ ਰਾਜਦੂਤ ਨਿੱਕੀ ਹੇਲੀ ਨੇ ਕਿਹਾ ਹੈ ਕਿ ਪਾਕਿਸਤਾਨ ਉਨ੍ਹਾਂ ਅੱਤਵਾਦੀਆਂ ਨੂੰ ਸ਼ਰਨ ਦਿੰਦਾ ਹੈ,ਜਿਹੜੇ ਅਮਰੀਕੀ ਫ਼ੌਜੀਆਂ ਨੂੰ ਮਾਰਦੇ ਹਨ। ਹੇਲੀ ਨੇ ਇਹ ਦੋਸ਼ਆਪਣੀ ਕਿਤਾਬ 'ਵਿਦ ਆਲ ਡਿਊ ਰਿਸਪੈਕਟ' ਵਿੱਚ ਲਾਇਆ ਹੈ।

ਭਾਰਤੀ ਮੂਲ ਦੀ ਅਮਰੀਕੀ ਨਾਗਰਿਕ ਨਿੱਕੀ ਹੇਲੀ ਨੇ ਬਾਜ਼ਾਰ ਵਿੱਚ ਆਈ ਆਪਣੀ ਕਿਤਾਬ ਵਿਚ ਲਿਖਿਆ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਓਦੋਂ ਨਾਰਾਜ਼ ਹੋ ਗਏ ਸਨ, ਜਦੋਂ ਉਨ੍ਹਾਂ ਨੇ ਉਨ੍ਹਾਂ ਨੂੰ ਆਪਣੀ ਇਹ ਰਿਪੋਰਟ ਸੌਂਪੀ ਸੀ ਕਿ ਅਮਰੀਕੀ ਮਦਦ ਲੈਣ ਵਾਲੇ ਮੁੱਖ ਦੇਸ਼ਾਂ ਵਿਚ ਸ਼ਾਮਲ ਹੋਣ ਦੇ ਬਾਵਜੂਦ ਪਾਕਿਸਤਾਨ ਨੇ ਨਾ ਕੇਵਲ ਯੂ ਐੱਨ ਓ ਵਿਚ ਅਮਰੀਕਾ ਦੇ ਖ਼ਿਲਾਫ਼ ਵੋਟ ਦਿੱਤੀ, ਬਲਕਿ ਅੱਤਵਾਦੀਆਂ ਨੂੰ ਸ਼ਰਨ ਵੀ ਦਿੱਤੀ ਹੈ।

ਇਸ ਸੰਬੰਧ ਵਿੱਚ ਨਿੱਕੀ ਹੇਲੀ ਨੇ ਆਪਣੀ ਕਿਤਾਬ ਵਿਚ ਲਿਖਿਆ ਹੈ ਕਿ ਅਸੀਂ ਪਾਕਿਸਤਾਨ ਨੂੰ ਹੋਰਨਾਂ ਦੇਸ਼ਾਂ ਦੇ ਮੁਕਾਬਲੇ ਵੱਧ ਮਦਦ ਦਿੱਤੀ ਤੇ ਸਾਲ 2017 ਵਿਚ ਅਮਰੀਕਾ ਨੇ ਉਸ ਦੀ ਫ਼ੌਜ ਨੂੰ ਕਰੀਬ ਇਕ ਅਰਬ ਅਮਰੀਕੀ ਡਾਲਰ ਦਿੱਤੇ ਸਨ, ਪਰ ਪਾਕਿਸਤਾਨ ਯੂ ਐੱਨ ਵਿਚ 76 ਫੀਸਦੀ ਸਮਾਂ ਸਾਡਾ ਵਿਰੋਧ ਕਰਦਾ ਹੈ। ਸਭ ਤੋਂ ਬੁਰੀ ਇਹ ਗੱਲ ਹੈ ਕਿ ਉਹ ਅੱਤਵਾਦੀਆਂ ਨੂੰ ਸ਼ਰਨ ਦਿੰਦਾ ਹੈ, ਜਿਹੜੇ ਸਾਡੇ ਅਮਰੀਕੀ ਫ਼ੌਜੀਆਂ ਨੂੰ ਮਾਰਨ ਜਾਂਦੇ ਹਨ।ਹੇਲੀ ਨੇ ਕਿਹਾ ਕਿ ਇਨ੍ਹਾਂ ਸਭ ਕਾਰਨਾਂ ਅਤੇ ਹੋਰ ਚੀਜ਼ਾਂ ਬਾਰੇ ਮੈਂ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਜਾਣੂ ਕਰਾਇਆ ਤਾਂ ਉਹ ਨਾਰਾਜ਼ ਹੋ ਗਏ। ਉਸ ਦੇ ਤੁਰੰਤ ਬਾਅਦ ਉਨ੍ਹਾਂ ਨੇ ਕਾਂਗਰਸ ਤੋਂ ਇਕ ਬਿੱਲ ਪਾਸ ਕਰਾਉਣ ਨੂੰ ਕਿਹਾ। ਇਸ ਵਿਚ ਇਹ ਨਿਸ਼ਚਿਤ ਕਰਨਾ ਸੀ ਕਿ ਅਮਰੀਕੀ ਵਿਦੇਸ਼ੀ ਮਦਦ ਕੇਵਲ ਅਮਰੀਕੀ ਹਿੱਤਾਂ ਤੇ ਅਮਰੀਕੀ ਮਿੱਤਰਾਂ ਨੂੰ ਉਤਸ਼ਾਹ ਦੇਣ ਲਈ ਦਿੱਤੀ ਜਾਏ।

# ਵਿਦੇਸ਼ਾਂ ਵਿੱਚ ਵਸੇ ਕਾਨੂੰਨੀ ਭਗੌੜਿਆਂ ਬਾਰੇ ਪੰਜਾਬ ਸਰਕਾਰ ਵੱਡਾ ਕਦਮ ਚੁੱਕੇਗੀ

## ਦੇਸ਼ ਵਾਪਸੀ ਦਾ ਰਾਹ ਦੇਣ ਲਈ ਕੋਰਟ ਵਿੱਚ ਪਹੁੰਚ ਕੀਤੀ ਜਾਵੇਗੀ



ਜਲੰਧਰ, 12 ਨਵੰਬਰ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਿਦੇਸ਼ਾਂ ਵਿਚ ਵੱਸਦੇ ਪੰਜਾਬੀਆਂ ਨੂੰ ਭਰੋਸਾ ਦਿੱਤਾ ਹੈ ਕਿ ਖਾੜਕੂਵਾਦ ਦੇ ਦਿਨਾਂ ਦੌਰਾਨ ਪੰਜਾਬ ਛੱਡ ਕੇ ਗਏ ਲੋਕਾਂ, ਜਿਨ੍ਹਾਂ ਨੂੰ ਇਸ ਦੇ ਬਾਅਦ ਭਗੌੜੇ ਕਰਾਰ ਦੇ ਦਿਤਾ ਗਿਆ ਸੀ, ਦੇ ਕੇਸਾਂ ਦੇ ਜਲਦੀ ਹੱਲ ਲਈ ਉਹ ਵਿਸ਼ੇਸ਼ ਅਦਾਲਤਾਂ ਕਾਇਮ ਕਰਨ ਲਈ ਹਾਈ ਕੋਰਟ ਦੇ ਚੀਫ਼ ਜਸਟਿਸ ਅਤੇ ਕੇਂਦਰ ਸਰਕਾਰ ਕੋਲ ਇਹ ਮਸਲਾ ਉਠਾਉਣਗੇ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਏਥੇ ਉਚੇਚੇ ਆਏ ਐਨ ਆਰ ਆਈਜ਼ ਦੇ ਇਕ ਗਰੁੱਪ ਦੀ ਬੇਨਤੀ ਦੇ ਜਵਾਬ ਵਿੱਚ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਇਹ ਗੱਲ ਕਹੀ ਹੈ। ਉਨ੍ਹਾਂ ਕੋਲ ਪਰਵਾਸੀ ਭਾਰਤੀਆਂ ਨੇ ਚਿੰਤਾ ਜ਼ਾਹਰ ਕੀਤੀ ਕਿ ਵਿਦੇਸ਼ ਦਾ ਵਸੇਬਾ ਕਰ ਚੁੱਕੇ ਕਈ ਵਿਅਕਤੀ ਪੰਜਾਬ ਨਹੀਂ ਆ ਸਕਦੇ ਤੇ ਨਾ ਦਰਬਾਰ ਸਾਹਿਬ ਤੇ ਹੋਰ ਪਵਿੱਤਰ ਅਸਥਾਨਾਂ ਵਿਖੇ ਜਾ ਸਕਦੇ ਹਨ, ਕਿਉਂਕਿ ਉਨਾਂ ਨੂੰ ਕੁਝ ਕੇਸਾਂ ਵਿਚ ਅਦਾਲਤ ਅੱਗੇਨਾ ਪੇਸ਼ ਹੋਣ ਕਰਕੇ ਭਗੌੜੇ ਐਲਾਨਿਆ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਹ ਅਜਿਹੇ ਕੇਸਾਂ ਦੇ ਜਲਦ ਨਿਪਟਾਰੇ ਲਈ ਹਾਈ ਕੋਰਟ ਦੇ ਚੀਫ਼ ਜਸਟਿਸ ਨਾਲ ਵਿਸ਼ੇਸ਼ ਅਦਾਲਤ ਬਣਾਉਣ ਦੀ ਸੰਭਾਵਨਾ ਬਾਰੇ ਵਿਚਾਰ ਚਰਚਾ ਕਰਨਗੇ।

ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਉਹ ਭਾਰਤ ਸਰਕਾਰ ਨਾਲ ਵਿਦੇਸ਼ਾਂ ਵਿਚਲੇ ਕੁਝ ਭਾਰਤੀ ਮਿਸ਼ਨਾਂ ਜਿਵੇਂ ਯੂ ਕੇ, ਅਮਰੀਕਾ, ਕਨੇਡਾ, ਜਰਮਨੀ ਤੇ ਫਰਾਂਸ, ਜਿੱਥੇ ਵੱਡੀ ਗਿਣਤੀ ਵਿਚ ਪੰਜਾਬੀ ਵਸਦੇ ਹਨ, ਵਿਚ ਏਦਾਂ ਦੀਆਂ ਵਿਸ਼ੇਸ਼ ਅਦਾਲਤਾਂ ਬਣਾਉਣਬਾਰੇ ਵਿਚਾਰ ਕਰਨਗੇ। ਉਨ੍ਹਾਂ ਨੇ ਪਰਵਾਸੀ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਅਗਲੀਆਂ ਪੀੜ੍ਹੀਆਂ ਦੀ ਸੁਰੱਖਿਆ ਤੇ ਪ੍ਰਗਤੀ ਦੇ ਉਦੇਸ਼ ਨਾਲ ਪੰਜਾਬ ਨੂੰ ਵਿਕਾਸ ਵੱਲ ਲਿਜਾਣ ਲਈ ਪੰਜਾਬ ਸਰਕਾਰ ਦੇ ਯਤਨਾਂ ਦਾ ਸਾਥ ਦੇਣ। ਆਪਣੀ ਸਰਕਾਰ ਦੇ ਪ੍ਰਮੁੱਖ ਪ੍ਰੋਗਰਾਮ 'ਆਪਣੀਆਂ ਜੜ੍ਹਾਂ ਨਾਲ ਜੁੜੋ' ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਨੇ ਉਸ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਆਪਣੇ ਬੱਚਿਆਂ ਨੂੰ ਪ੍ਰੇਰਤ ਕਰਨ ਵਾਲੇ ਪਰਵਾਸੀ ਭਾਰਤੀਆਂ ਦਾ ਧੰਨਵਾਦ ਕੀਤਾ ਤੇ ਅਪੀਲ ਕੀਤੀ ਕਿ ਉਹ ਹੋਰ ਨੌਜਵਾਨਾਂ ਨੂੰ ਪੰਜਾਬ ਆ ਕੇ ਵਿਰਾਸਤ ਨਾਲ ਜੁੜਨ ਲਈ ਉਤਸ਼ਾਹਿਤ ਕਰਨ।

# ਸੜਕ ਹਾਦਸੇ ਵਿੱਚ ਨਨਾਣ-ਭਰਜਾਈ ਦੀ ਮੌਤ

ਤਰਨ ਤਾਰਨ, 12 ਨਵੰਬਰ (ਪੋਸਟ ਬਿਊਰੋ)- ਨੈਸ਼ਨਲ ਹਾਈਵੇ ਉੱਤੇ ਪਿੰਡ ਅਲਾਦੀਨਪੁਰ ਨੇੜੇ ਹੋਏ ਭਿਆਨਕ ਹਾਦਸੇ 'ਚ ਦੋ ਔਰਤਾਂ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਚਾਰ ਜਾਣੇ ਗੰਭੀਰ ਜ਼ਖਮੀ ਹੋ ਗਏ।

ਥਾਣਾ ਸਦਰ ਦੇ ਏ ਐਸ ਆਈ ਸਵਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਕੁਲਦੀਪ ਕੌਰ (35) ਪਤਨੀ ਅਮਰਜੀਤ ਸਿੰਘ ਤੇ ਉਸ ਦੀ ਨਾਨਣ ਕੁਲਦੀਪ ਕੌਰ (26) ਵਾਸੀ ਚੰਬਲ ਵਜੋਂ ਹੋਈ ਹੈ। ਮ੍ਰਿਤਕ ਕੁਲਜੀਤ ਕੌਰ ਦਾ ਭਰਾ ਹਰਪਾਲ ਸਿੰਘ ਅਤੇ ਮ੍ਰਿਤਕ ਕੁਲਦੀਪ ਕੌਰ ਦੀ ਤਿੰਨ ਵਰ੍ਹਿਆਂ ਦੀ ਧੀ ਸ਼ਰਨਪ੍ਰੀਤ ਕੌਰ ਤੋਂ ਇਲਾਵਾ ਦੂਸਰੀ ਕਾਰ ਵਿੱਚ ਸਵਾਰ ਕੁਲਜਿੰਦਰ ਸਿੰਘ ਅਤੇ ਉਸ ਦੀ ਪਤਨੀ ਗੁਰਪ੍ਰੀਤ ਕੌਰ ਵਾਸੀ ਮਜੀਠਾ ਰੋਡ, ਅੰਮ੍ਰਿਤਸਰ ਹਾਦਸੇ 'ਚ ਜ਼ਖਮੀ ਹੋਏ ਹਨ। ਹਾਦਸੇ ਦੌਰਾਨ ਕੁਲਜਿੰਦਰ ਸਿੰਘ ਦੀ ਮਾਤਾ ਸੁਰਜੀਤ ਕੌਰ ਅਤੇ 11 ਸਾਲਾ ਬੇਟੀ ਜਸਮੇ ਕੌਰ ਤੋਂ ਇਲਾਵਾ ਹਰਪਾਲ ਸਿੰਘ ਦੀ ਤਿੰਨ ਸਾਲਾ ਭਤੀਜੀ ਸ਼ਰਨਜੀਤ ਕੌਰ ਦਾ ਬਚਾਅ ਹੋ ਗਿਆ। ਜ਼ਖਮੀਆਂ ਨੂੰ ਗੁਰੂ ਨਾਨਕ ਦੇਵ ਸੁਪਰ ਸਪੈਸ਼ਲਿਟੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ।

ਜਾਂਚ ਅਧਿਕਾਰੀ ਦੇ ਮੁਤਾਬਕ ਹਰਪਾਲ ਸਿੰਘ ਆਪਣੀ ਮਾਰੂਤੀ ਕਾਰ ਵਿੱਚ ਸਵਾਰ ਹੋ ਕੇ ਤਰਨ ਤਾਰਨ ਤੋਂ ਆਪਣੇ ਪਿੰਡ ਚੰਬਲ ਨੂੰ ਪਰਤ ਰਿਹਾ ਸੀ। ਜਦੋਂ ਉਹ ਅਲਾਦੀਨਪੁਰ ਨੇੜੇ ਪੁੱਜਿਆ ਤਾਂ ਸਾਹਮਣੇ ਤੋਂ ਆਈ ਸਵਿਫਟ ਕਾਰ ਨੇ ਉਨ੍ਹਾਂ ਦੀ ਕਾਰ ਨੂੰ ਟੱਕਰ ਮਾਰ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਸਵਿਫਟ ਕਾਰ ਏਨੀ ਤੇਜ਼ ਰਫਤਾਰ ਨਾਲ ਆ ਰਹੀ ਸੀ ਕਿ ਉਹ ਨੈਸ਼ਨਲ ਹਾਈਵੇ ਦੇ ਪੰਜ ਫੁੱਟ ਚੌੜੇ ਡਿਵਾਈਡਰ 'ਤੇ ਲੱਗੀਆਂ ਰੋਕਾਂ ਤੋੜ ਕੇ ਦੂਸਰੇ ਪਾਸੇ ਮਾਰੂਤੀ ਕਾਰ ਵਿੱਚ ਜਾ ਵੱਜੀ। ਅਧਿਕਾਰੀ ਨੇ ਦੱਸਿਆ ਕਿ ਮਾਰੂਤੀ ਕਾਰ ਦੇ ਚਾਲਕ ਹਰਪਾਲ ਸਿੰਘ ਦੀ ਸ਼ਿਕਾਇਤ 'ਤੇ ਸਵਿਫਟ ਕਾਰ ਦੇ ਚਾਲਕ ਕੁਲਜਿੰਦਰ ਸਿੰਘ ਖਿਲਾਫ ਕੇਸ ਦਰਜ ਕੀਤਾ ਗਿਆ ਹੈ।

# ਕਤਲ ਦੇ ਦੋਸ਼ੀ ਸਾਬਕਾ ਪਾਕਿਸਤਾਨੀ ਵਿਧਾਇਕ ਬਲਦੇਵ ਸਿੰਘ ਦਾ ਵੀਜ਼ਾ ਖ਼ਤਮ

## * ਭਾਰਤ ਨਹੀਂ ਛੱਡਾਂਗਾ: ਬਲਦੇਵ ਸਿੰਘ



ਖੰਨਾ, 12 ਨਵੰਬਰ, (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਵਿਧਾਇਕ ਬਲਦੇਵ ਕੁਮਾਰ ਦਾ ਤਿੰਨ ਮਹੀਨੇ ਦਾ ਭਾਰਤ ਦਾ ਵੀਜ਼ਾ ਅੱਜ ਮੰਗਲਵਾਰ 12 ਨਵੰਬਰ ਨੂੰ ਖ਼ਤਮ ਹੋ ਗਿਆ। ਉਸ ਨੇ ਭਾਰਤ ਸਰਕਾਰ ਨੂੰ ਦੋ ਮਹੀਨੇ ਪਹਿਲਾਂ ਵੀਜ਼ਾ ਹੋਰ ਵਧਾਉਣ ਲਈ ਕਿਹਾ ਸੀ, ਪਰ ਹਾਲੇ ਤਕ ਉਸ ਦਾ ਕੋਈ ਜਵਾਬ ਸਰਕਾਰ ਨੇਨਹੀਂਆਇਆ।

ਵਰਨਣ ਯੋਗ ਹੈ ਕਿ ਬਲਦੇਵ ਕੁਮਾਰ ਉਰਫ ਬਲਦੇਵ ਸਿੰਘ ਨੇ ਭਾਰਤ ਆਉਣ ਤੋਂ ਕੁਝ ਦਿਨ ਮਗਰੋਂ ਪਕਿਸਤਾਨ ਵਿੱਚ ਘੱਟ ਗਿਣਤੀਆਂ ਉੱਤੇ ਪੱਖ-ਪਾਤ ਤੇ ਧੱਕੇਸ਼ਾਹੀ ਕੀਤੇ ਜਾਣ ਦਾ ਖ਼ੁਲਾਸਾ ਕੀਤਾ ਸੀ। ਉਸ ਨੇ ਆਪਣੇ ਵੀਜ਼ੇ ਬਾਰੇ ਦੋ ਦਿਨ ਪਹਿਲਾਂ ਇੱਕ ਯਾਦ ਪੱਤਰ ਸਰਕਾਰ ਨੂੰ ਭੇਜਿਆ ਸੀ। ਤਿੰਨ ਮਹੀਨੇ ਪਹਿਲਾਂ 12 ਅਗਸਤ ਨੂੰ ਈਦ ਦੇ ਦਿਨ ਭਾਰਤ ਪੁੱਜੇ ਬਲਦੇਵ ਸਿੰਘ ਦਾ ਸਹੁਰਾ ਪਰਿਵਾਰ ਖੰਨਾ ਵਿੱਚ ਰਹਿੰਦਾ ਹੈ ਅਤੇ ਉਸ ਦੀ ਧੀ ਥੈਲੇਸੀਮੀਆ ਦੀ ਬਿਮਾਰੀ ਤੋਂ ਪੀੜਤ ਹੈ। ਉਸ ਨੇ ਭਾਰਤ ਵਿੱਚ ਸਿਆਸੀ ਸ਼ਰਨ ਦੀ ਮੰਗ ਕੀਤੀ ਹੋਈ ਹੈ। ਬਲਦੇਵ ਸਿੰਘ ਨੇ ਕਰੀਬ ਦੋ ਮਹੀਨੇ ਪਹਿਲਾਂ ਲੰਬੀ ਮਿਆਦ ਦੇ ਵੀਜ਼ੇ ਲਈ ਅਪਲਾਈ ਕੀਤਾ ਸੀ, ਪਰ ਕੇਂਦਰ ਸਰਕਾਰ ਨੇ ਹਾਲੇ ਕੋਈ ਜਵਾਬ ਨਹੀਂ ਦਿੱਤਾ।


ਇਸ ਬਾਰੇ ਬਲਦੇਵ ਸਿੰਘ ਨੇ ਕਿਹਾ ਕਿ ਉਨ੍ਹਾਂ ਲਈ ਭਾਰਤ ਹੀ ਦੇਸ਼ ਰਹਿ ਗਿਆ ਹੈ, ਜਦ ਕਿ ਪਾਕਿ-ਸਤਾਨ ਵਿੱਚ ਉਨ੍ਹਾਂ ਨੂੰ ਅੱਤਵਾਦੀਆਂ ਅਤੇ ਆਈ ਐੱਸਆਈ ਤੋਂ ਖ਼ਤਰਾ ਹੈ। ਇਸ ਲਈ ਉਹ ਓਧਰ ਵਾਪਸ ਨਹੀਂ ਜਾਣਾ ਚਾਹੁੰਦੇ।

ਦੂਸਰੇ ਪਾਸੇ ਬਲਦੇਵ ਸਿੰਘ ਉੱਤੇ ਦੋਸ਼ ਹੈ ਕਿ ਉਸ ਦਾ ਪਹਿਲਾ ਨਾਂਅ ਬਲਦੇਵ ਕੁਮਾਰ ਸੀ ਅਤੇ ਉਸ ਨੇ ਆਪਣੇ ਸੂਬੇ ਖੈਬਰ ਪਖਤੂਨਖਵਾ ਦੀ ਵਿਧਾਨ ਸਭਾ ਦਾ ਮੈਂਬਰ ਬਣਨ ਲਈ ਘੱਟ-ਗਿਣਤੀ ਕੋਟੇ ਦੇ ਸਿੱਖ ਵਿਧਾਇਕ ਸੋਰਨ ਸਿੰਘ ਦਾ ਕਤਲ ਕਰਵਾ ਦਿੱਤਾ ਸੀ। ਇਸ ਦੋਸ਼ ਵਿੱਚ ਉਹ ਲੰਮਾ ਸਮਾਂ ਜੇਲ੍ਹ ਵਿੱਚ ਰਿਹਾ ਹੈ ਅਤੇ ਉਸ ਦੇ ਖਿਲਾਫ ਅਪੀਲ ਹਾਈ ਕੋਰਟ ਵਿੱਚ ਪੈਂਡਿੰਗ ਹੁੰਦਿਆਂ ਉਹ ਪਹਿਲਾਂ ਧਰਮ ਬਦਲ ਕੇ ਹਿੰਦੂ ਤੋਂ ਸਿੱਖ ਬਣਿਆ ਅਤੇ ਫਿਰ ਵਿਧਾਨ ਸਭਾ ਟੁੱਟਣ ਦੇ ਬਾਅਦ ਭਾਰਤ ਆਣ ਕੇ ਏਥੇ ਰਾਜਸੀ ਸ਼ਰਣ ਮੰਗਣ ਲੱਗ ਪਿਆ ਹੈ।

## ਲੁਟੇਰਿਆਂ ਨੇ ਦਸ ਹਜ਼ਾਰ ਤੇ ਮੋਬਾਈਲ ਖੋਹਿਆ

ਬਿਲਗਾ, 12 ਨਵੰਬਰ (ਪੋਸਟ ਬਿਊਰੋ)- ਸਥਾਨਕ ਮੁਹਲਾ ਪੱਤੀ ਬੱਗਾ 'ਚ ਇੱਕ ਮਿਸਤਰੀ ਨੂੰ ਸੱਟਾਂ ਮਾਰ ਕੇ ਦਸ ਹਜ਼ਾਰ ਰੁਪਏ ਅਤੇ ਇੱਕ ਮੋਬਾਈਲ ਫੋਨ ਲੁੱਟਣ ਦਾ ਸਮਾਚਾਰ ਮਿਲਿਆ ਹੈ।

ਸਰਕਾਰੀ ਹਸਪਤਾਲ ਬਿਲਗਾ ਵਿੱਚ ਇਲਾਜ ਲਈ ਦਾਖਲ ਸਤਨਾਮ ਪੁੱਤਰ ਗਿਰਧਾਰੀ ਲਾਲ ਵਾਸੀ ਬਿਲਗਾ ਨੇ ਦੱਸਿਆ ਕਿ ਉਹ ਰਾਜ ਮਿਸਤਰੀ ਦਾ ਕੰਮ ਕਰਦਾ ਹੈ। ਉਹ 8 ਨਵੰਬਰ ਸ਼ਾਮ ਛੇ ਵਜੇ ਦੇ ਕਰੀਬ ਠੇਕੇਦਾਰ ਭੁਪਿੰਦਰ ਦੇ ਘਰੋਂ ਦਸ ਹਜ਼ਾਰ ਰੁਪਏ ਲੈ ਕੇ ਜਦੋਂ ਬਾਹਰ ਰਸਤੇ ਵਿੱਚ ਆਇਆ ਤਾਂ ਓਥੇ ਮੋੜ 'ਤੇ 4-5 ਨੌਜਵਾਨਾਂ ਨੇ ਫੜ ਕੇ ਸੁੱਟ ਲਿਆ ਤੇ ਸਿਰ ਵਿੱਚ ਸੱਟਾਂ ਮਾਰਨ ਪਿੱਛੋਂ ਕਮੀਜ਼ ਦੀ ਜੇਬ ਵਿੱਚੋਂ ਦਸ ਹਜ਼ਾਰ ਰੁਪਏ ਤੇ ਇੱਕ ਓਪੋ ਕੰਪਨੀ ਦਾ ਮੋਬਾਈਲ ਫੋਨ ਕੱਢ ਕੇ ਫਰਾਰ ਹੋ ਗਏ। ਉਸ ਨੇ ਰੌਲਾ ਪਾਇਆ ਤਾਂ ਇਲਾਜ ਲਈ ਉਸ ਦਾ ਭਰਾ ਟੇਕਾ, ਜੋ ਥੋੜ੍ਹੀ ਦੂਰ ਇੱਕ ਦੁਕਾਨ 'ਤੇ ਕੰਮ ਕਰਦਾ ਹੈ, ਨੇ ਹਸਪਤਾਲ ਪਹੁੰਚਾਇਆ। ਇਸ ਬਾਰੇ ਐਸ ਆਈ ਸੁਰਿੰਦਰ ਸਿੰਘ ਨੇ ਦੱਸਿਆ ਕਿ ਸੁਲਤਾਨਪੁਰ ਸਮਾਗਮ ਵਿੱਚ ਡਿਊਟੀ ਕਾਰਨ ਅਜੇ ਕੋਈ ਕਾਰਵਾਈ ਨਹੀਂ ਕੀਤੀ ਜਾ ਸਕੀ।






# ਪੰਜਾਬ ਵਿਚ ਵਿਦਿਅਕ ਸੰਸਥਾਵਾਂ ਬੱਚਿਆਂ ਲਈ ਮਿਆਰੀ ਸਿੱਖਿਆ ਵੱਲ ਧਿਆਨ ਦੇਣ : ਡਾ. ਭੰਡਾਲ

## ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਨਾਲ ਪੰਜਾਬ ਦੇ ਅਜੋਕੇ ਹਾਲਾਤ ਤੇ ਸਿੱਖਿਆ ਬਾਰੇ ਹੋਈ ਵਿਚਾਰ



ਬਰੈਂਪਟਨ, (ਡਾ. ਝੰਡ) -ਲੰਘੇ ਸ਼ਨੀਵਾਰ 9 ਨਵੰਬਰ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਮੈਂਬਰਾਂ ਵੱਲੋਂ ਅਮਰੀਕਾ ਦੇ ਸ਼ਹਿਰ ਕਲੀਵਲੈਂਡ ਤੋਂ ਆਏ ਵਿਦਵਾਨ ਡਾ. ਗੁਰਬਖ਼ਸ਼ ਸਿੰਘ ਭੰਡਾਲ ਨਾਲ ਸ਼ਾਮੀਂ ਪੰਜ ਵਜੇ 'ਸ਼ੇਰਗਿੱਲ ਲਾਅ ਆਫ਼ਿਸ' ਦੇ ਮੀਟਿੰਗ-ਰੂਮ ਵਿਚ ਮਿੱਤਰ-ਮਿਲਣੀ ਦਾ ਆਯੋਜਨ ਕੀਤਾ ਗਿਆ। ਇਸ ਇਕੱਤਰਤਾ ਵਿਚ ਗੁਰੂ ਨਾਨਕ ਦੇਵ ਜੀ ਦੇ 550'ਵੇਂ ਪ੍ਰਕਾਸ਼-ਪੁਰਬ ਤੋਂ ਤਿੰਨ ਦਿਨ ਪਹਿਲਾਂ 9 ਨਵੰਬਰ ਨੂੰ ਸ੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ) ਤੇ ਡੇਰਾ ਬਾਬਾ ਨਾਨਕ (ਭਾਰਤ) ਦਰਮਿਆਨ ਖੋਲ੍ਹੇ ਗਏ ਲਾਂਘੇ, ਪ੍ਰਕਾਸ਼-ਉਤਸਵ ਸਬੰਧੀ ਵੱਖ-ਵੱਖ ਥਾਵਾਂ 'ਤੇ ਮਨਾਏ ਜਾ ਰਹੇ ਜਸ਼ਨਾਂ ਅਤੇ ਪੰਜਾਬ ਦੇ ਅਜੋਕੇ ਹਾਲਾਤ ਬਾਰੇ ਵਿਚਾਰ-ਚਰਚਾ ਹੋਈ। ਚਰਚਾ ਵਿਚ ਪੰਜਾਬ ਦੇ ਕਿਸਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਖ਼ੁਦਕਸ਼ੀਆਂ, ਨੌਜੁਆਨਾਂ ਵਿਚ ਨਸ਼ਿਆਂ ਦੇ ਦਿਨੋਂ-ਦਿਨ ਵੱਧ ਰਹੇ ਰੁਝਾਨ, ਉਨ੍ਹਾਂ ਦੇ ਹਰ ਹੀਲੇ ਵਿਦੇਸ਼ਾਂ ਵਿਚ ਆਉਣ ਦਾ ਮੁਹਾਣ ਅਤੇ ਸੂਬੇ ਤੇ ਦੇਸ਼ ਦੀ ਸਿਆਸਤ ਮੁੱਖ ਵਿਸ਼ੇ ਬਣੇ।

### ਪ੍ਰੋ. ਰਾਮ ਸਿੰਘ ਦਾ ਪੰਜਾਬੀ ਸਾਹਿਤ ਆਲੋਚਨਾ ਬਾਰੇ ਵਿਸ਼ੇਸ਼ ਭਾਸ਼ਨ ਤੇ ਕਵੀ ਦਰਬਾਰ 17 ਨੂੰ

ਇਸ ਦੌਰਾਨ ਮੁੱਖ-ਬੁਲਾਰੇ ਡਾ. ਭੰਡਾਲ ਦਾ ਇਸ ਬਾਰੇ ਕਹਿਣਾ ਸੀ ਕਿ ਬਿਹਾਰ ਵਿਚ ਲੜਕੇ ਲੜਕੀਆਂ ਆਈ.ਏ.ਐਸ. ਬਣਨ ਦੀਆਂ ਗੱਲਾਂ ਕਰਦੇ ਹਨ, ਜਦਕਿ ਸਾਡੇ ਪੰਜਾਬ ਵਿਚ ਉਹ ਕੇਵਲ 'ਆਇਲੈੱਟਸ' ਵਿਚ ਬੈਂਡ ਲੈਣ ਦੀ ਹੀ ਚਰਚਾ ਕਰਦੇ ਹਨ। ਮੁਕਾਬਲੇ ਦੇ ਇਮਤਿਹਾਨਾਂ ਵਿਚ ਬੈਠਣ ਦੀ ਹੁਣ ਉੱਥੇ ਕੋਈ ਨਹੀਂ ਸੋਚ ਰਿਹਾ, ਸਗੋਂ ਹੁਣ ਤਾਂ ਉਨ੍ਹਾਂ ਦਾ ਸਾਰਾ ਜ਼ੋਰ ਵਿਦੇਸ਼ਾਂ ਵਿਚ ਜਾਣ ਲਈ ਹੀ ਲੱਗ ਰਿਹਾ ਹੈ। ਖ਼ਡੂਰ ਸਾਹਿਬ ਵਾਲੇ ਬਾਬਾ ਸੇਵਾ ਸਿੰਘ ਜੀ ਦੀ ਉਦਾਹਰਣ ਦਿੰਦਿਆਂ ਉਨ੍ਹਾਂ ਕਿਹਾ ਕਿ ਬਾਬਾ ਸੇਵਾ ਸਿੰਘ ਹੀ ਪੰਜਾਬ ਵਿਚ ਬੱਚਿਆਂ ਨੂੰ ਮਿਆਰੀ ਵਿੱਦਿਆ ਦਿਵਾਉਣ ਅਤੇ ਉਨ੍ਹਾਂ ਨੂੰ ਮੁਕਾਬਲੇ ਦੇ ਇਮਤਿਹਾਨਾਂ ਲਈ ਤਿਆਰ ਕਰਨ ਲਈ ਪਹਿਲ-ਕਦਮੀ ਕਰ ਰਹੇ ਹਨ। ਉੱਥੋਂ ਦੇ ਕਈ ਵਿਦਿਆਰਥੀ ਫ਼ੌਜ ਅਤੇ ਪੈਰਾ-ਮਿਲਟਰੀ ਫ਼ੋਰਸਿਜ਼ ਵਿਚ ਚੰਗੀਆਂ ਪੋਜ਼ੀਸ਼ਨਾਂ ਲਈ ਚੁਣੇ ਗਏ ਹਨ। ਕਈ ਮੈਡੀਕਲ ਅਤੇ ਇੰਜੀਨੀਅਰਿੰਗ ਕਾਲਜਾਂ ਵਿਚ ਦਾਖ਼ਲਾ ਲੈ ਚੁੱਕੇ ਹਨ। ਬਾਬਾ ਜੀ ਹੁਣ ਉੱਥੇ ਆਈ.ਏ.ਐੱਸ./ਆਈ.ਪੀ.ਐੱਸ/ਪੀ.ਸੀ.ਐੱਸ. ਵਰਗੇ ਮੁਕਾਬਲੇ ਦੇ ਇਮਤਿਹਾਨਾਂ ਲਈ ਵੀ ਬੱਚਿਆਂ ਨੂੰ ਤਿਆਰੀ ਕਰਵਾਉਣ ਲਈ ਉਸ ਸੈਂਟਰ ਵਿਚ ਯੋਗ ਪ੍ਰਬੰਧ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਹੋਰ ਬਾਬਿਆਂ ਅਤੇ ਸੰਸਥਾਵਾਂ ਨੂੰ ਵੀ ਪੰਜਾਬ ਵਿਚ ਬੱਚਿਆਂ ਲਈ ਵਧੀਆ ਤੇ ਮਿਆਰੀ ਸਿੱਖਿਆ ਵੱਲ ਧਿਆਨ ਦੇਣਾ ਚਾਹੀਦਾ ਹੈ।

ਇੱਥੇ ਪਾਠਕਾਂ ਨੂੰ ਇਹ ਵੀ ਯਾਦ ਕਰਾਇਆ ਜਾਂਦਾ ਹੈ ਕਿ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀ 17 ਨਵੰਬਰ ਨੂੰ ਹੋਣ ਵਾਲੀ ਮਾਸਿਕ-ਇਕੱਤਰਤਾ ਵਿਚ ਉੱਘੇ ਵਿਦਵਾਨ ਪ੍ਰੋ. ਰਾਮ ਸਿੰਘ ਹੋਰਾਂ ਦਾ 'ਪੰਜਾਬੀ ਸਾਹਿਤ ਅਤੇ ਆਲੋਚਨਾ' ਵਿਸ਼ੇ 'ਤੇ ਵਿਸ਼ੇਸ਼ ਵਿੱਦਿਅਕ-ਲੈੱਕਚਰ ਹੋਵੇਗਾ। ਇਸ ਦੇ ਨਾਲ ਹੀ ਦੋ ਨਵੀਆਂ ਪੁਸਤਕਾਂ ਲੋਕ-ਅਰਪਿਤ ਕੀਤੀਆਂ ਜਾਣਗੀਆਂ ਅਤੇ ਆਮ ਵਾਂਗ ਕਵੀ ਦਰਬਾਰ ਵੀ ਹੋਵੇਗਾ।

# ਸੰਜੂ ਗੁਪਤਾ ਨੇ 9 ਨਵੰਬਰ ਨੂੰ ਵਾਟਰਲੂ ਵਿਖੇ ਹੋਈ 'ਰੀਮੈਂਬਰੈਂਸ ਡੇਅ' ਨੂੰ ਸਮਰਪਿਤ 11 ਕਿਲੋਮੀਟਰ ਦੌੜ ਵਿਚ ਲਿਆ ਹਿੱਸਾ

ਵਾਟਰਲੂ, (ਡਾ. ਝੰਡ) -ਪ੍ਰਾਪਤ ਸੂਚਨਾ ਅਨੁਸਾਰ ਟੀ.ਪੀ.ਏ.ਆਰ. ਕਲੱਬ ਦੇ ਸਰਗ਼ਰਮ ਮੈਂਬਰ ਸੰਜੂ ਗੁਪਤਾ ਨੇ ਵਾਟਰਲੂ ਵਿਖੇ 9 ਨਵੰਬਰ ਦਿਨ ਸ਼ਨੀਵਾਰ ਨੂੰ ਹੋਈ 'ਰੀਮੈਂਬਰੈਂਸ ਡੇਅ ਨੂੰ ਸਮੱਰਪਿਤ 11 ਕਿਲੋ ਮੀਟਰ ਰੇਸ ਵਿਚ ਭਾਗ ਲਿਆ। ਜ਼ਿਕਰਯੋਗ ਹੈ ਕਿ ਇਸ ਦੌੜ ਵਿਚ 190 ਦੌੜਾਕ ਸ਼ਾਮਲ ਸਨ ਜਿਨ੍ਹਾਂ ਵਿੱਚੋਂ 76 ਮਰਦ ਅਤੇ 114 ਇਸਤਰੀਆਂ ਸਨ।



ਸੰਜੂ ਗੁਪਤਾ ਨੇ ਇਹ ਦੌੜ 1 ਘੰਟਾ 15 ਮਿੰਟ 33 ਸਕਿੰਟ ਵਿਚ ਸੰਪੰਨ ਕੀਤੀ ਅਤੇ ਉਹ ਓਵਰਆਲ 176'ਵੇਂ ਸਥਾਨ 'ਤੇ ਆਇਆ, ਜਦ ਕਿ ਮਰਦ ਦੌੜਾਕਾਂ ਵਿਚੋਂ ਉਸ ਦਾ 72'ਵਾਂ ਨੰਬਰ ਸੀ। ਇਨ੍ਹਾਂ ਦੌੜਾਂ ਵਿਚ ਸਥਾਨ ਪ੍ਰਾਪਤੀ ਏਨੀ ਮਹੱਤਵਪੂਰਨ ਨਹੀਂ ਹੈ ਜਿੰਨਾਂ ਇਨਾਂ ਵਿਚ ਭਾਗ ਲੈਣਾ ਅਹਿਮੀਅਤ ਰੱਖਦਾ ਹੈ। ਇਹ ਦੌੜ ਤਾਂ ਵੈਸੇ ਵੀ 'ਰੀਮੈਂਬਰੈਂਸ ਡੇਅ' ਨੂੰ ਸਮੱਰਪਿਤ ਸੀ ਜਿਹੜੀ ਕਿ ਵੱਖ-ਵੱਖ ਜੰਗਾਂ ਵਿਚ ਸ਼ਹੀਦ ਹੋਏ ਫ਼ੌਜੀ ਸਿਪਾਹੀਆਂ ਦੀ ਮਾਣਮੱਤੀ ਯਾਦ ਤਾਜ਼ਾ ਕਰਾਉਂਦੀ ਹੈ। ਇਹ ਸੰਜੂ ਦੀ ਇਸ ਸਾਲ 2019 ਦੀ 49'ਵੀਂ ਦੌੜ ਸੀ ਅਤੇ ਉਸ ਦਾ ਟੀਚਾ ਇਸ ਸਾਲ 55 ਦੌੜਾਂ ਦੌੜਨ ਦਾ ਹੈ।

# ਭਾਰਤ ਨੂੰ ਰਿਕਾਰਡ 15ਵਾਂ ਓਲੰਪਿਕ ਕੋਟਾ ਮਿਲ ਗਿਆ

ਦੋਹਾ, 12 ਨਵੰਬਰ (ਪੋਸਟ ਬਿਊਰੋ)- ਅੰਗਦ ਵੀਰ ਸਿੰਘ ਬਾਜਵਾ ਤੇ ਮੇਰਾਜ ਅਹਿਮਦ ਨੇ ਪੁਰਸ਼ਾਂ ਦੇ ਸਕੀਟ ਮੁਕਾਬਲੇ ਵਿੱਚ ਕ੍ਰਮਵਾਰ ਪਹਿਲੇ ਤੇ ਦੂਜੇ ਸਥਾਨ 'ਤੇ ਰਹਿ ਕੇ ਅਤੇ ਨੌਜਵਾਨ ਨਿਸ਼ਾਨੇਬਾਜ਼ ਐਸ਼ਵਰਿਆ ਪ੍ਰਤਾਪ ਸਿੰਘ ਤੋਮਰ ਨੇ ਪੁਰਸ਼ਾਂ ਦੀ 50 ਮੀਟਰ ਥ੍ਰੀ ਪੁਜ਼ੀਸ਼ਨ ਵਿੱਚ ਕਾਂਸੀ ਤਮਗਾ ਜਿੱਤ ਕੇ ਬੀਤੇ ਐਤਵਾਰ ਨੂੰ 14ਵੀਂ ਏਸ਼ੀਅਨ ਨਿਸ਼ਾਨੇਬਾਜ਼ੀ ਚੈਂਪੀਅਨਸ਼ਿਪ ਵਿੱਚ ਭਾਰਤ ਨੂੰ ਤਿੰਨ ਓਲੰਪਿਕ ਕੋਟੇ ਦਿਵਾਏ ਹਨ। ਇਨ੍ਹਾਂ ਨਿਸ਼ਾਨੇਬਾਜ਼ਾਂ ਦੇ ਤਮਗੇ ਜਿੱਤਣ ਨਾਲ ਟੋਕੀਓ ਓਲੰਪਿਕ 2020 ਲਈ ਭਾਰਤੀ ਨਿਸ਼ਾਨੇਬਾਜ਼ਾਂ ਨੇ ਰਿਕਾਰਡ 15 ਕੋਟਾ ਸਥਾਨ ਹਾਸਲ ਕਰ ਲਏ ਹਨ।

ਲੰਡਨ ਓਲੰਪਿਕ 2012 ਵਿੱਚ ਭਾਰਤ ਦੇ 11 ਨਿਸ਼ਾਨੇਬਾਜ਼ਾਂ ਨੇ ਹਿੱਸਾ ਲਿਆ ਸੀ, ਜਦ ਕਿ ਰੀਓ ਓਲੰਪਿਕ 2016 ਵਿੱਚ 12 ਭਾਰਤੀ ਨਿਸ਼ਾਨੇਬਾਜ਼ ਉਤਰੇ ਸਨ। ਇਥੇ ਲੁਸੈਨ ਨਿਸ਼ਾਨੇਬਾਜ਼ੀ ਕੰਪਲੈਕਸ ਵਿੱਚ ਸਕੀਟ ਮੁਕਾਬਲੇ ਦੇ ਫਾਈਨਲ ਵਿੱਚ ਦੋਵੇਂ ਭਾਰਤੀ ਖਿਡਾਰੀ 56 ਅੰਕਾਂ ਨਾਲ ਸਾਂਝੇ ਤੌਰ 'ਤੇ ਚੋਟੀ 'ਤੇ ਸਨ, ਜਿਸ ਤੋਂ ਬਾਅਦ ਜੇਤੂ ਦਾ ਫੈਸਲਾ ਸ਼ੂਟਆਫ ਵਿੱਚ ਹੋਇਆ। ਅੰਗਦ ਨੇ ਸ਼ੂਟਆਫ ਵਿੱਚ ਮੇਰਾਜ ਨੂੰ ਪੰਜ-ਛੇ ਨਾਲ ਪਛਾੜ ਦਿੱਤਾ।

### * ਤੋਮਰ, ਅੰਗਦ ਤੇ ਮੇਰਾਜ ਨੇ ਕੀਤਾ ਕਮਾਲ

ਇਸ ਤੋਂ ਪਹਿਲਾਂ ਮੱਧ ਪ੍ਰਦੇਸ਼ ਦੇ ਖਾਰਗੋਂਨ ਜ਼ਿਲੇ ਦੇ ਰਤਨਪੁਰ ਪਿੰਡ ਦੇ ਇਸ 18 ਸਾਲਾ ਨੌਜਵਾਨ ਨਿਸ਼ਾਨੇਬਾਜ਼ ਨੇ ਸ਼ਾਨਦਾਰ ਪ੍ਰਦਰਸ਼ਨ ਕਰ ਕੇ ਦੇਸ਼ ਦਾ ਨਾਂਅ ਰੋਸ਼ਨ ਕਰ ਦਿੱਤਾ। ਐਸ਼ਵਰਿਆ ਦੀ ਸੀਨੀਅਰ ਪੱਧਰ 'ਤੇ ਇਹ ਪਹਿਲੀ ਵੱਡੀ ਪ੍ਰਤੀਯੋਗਤਾ ਸੀ। ਉਹ ਇਸ ਤੋਂ ਪਹਿਲਾਂ ਜੂਨੀਅਰ ਵਿਸ਼ਵ ਕੱਪ ਵਿੱਚ ਸੋਨ ਤਮਗਾ ਜਿੱਤ ਚੁੱਕਾ ਹੈ, ਜਿਸ ਵਿੱਚ ਉਸ ਨੇ ਜੂਨੀਅਰ ਵਿਸ਼ਵ ਰਿਕਾਰਡ ਬਣਾਇਆ ਸੀ। ਉਹ ਏਸ਼ੀਆ ਵਿੱਚ ਜੂਨੀਅਰ ਪੱਧਰ 'ਤੇ ਵੀ ਜਿੱਤ ਚੁੱਕਾ ਹੈ, ਜਿੱਥੇ ਉਸ ਨੇ ਸੰਜੀਵ ਰਾਜਪੂਤ ਵਰਗੇ ਤਜਰਬੇਕਾਰ ਨਿਸ਼ਾਨੇਬਾਜ਼ ਨੂੰ ਹਰਾਇਆ ਸੀ। ਐਸ਼ਵਰਿਆ ਨੇ 120 ਸ਼ਾਟ ਦੇ ਕੁਆਲੀਫਿਕੇਸ਼ਨ ਵਿੱਚ 1168 ਦਾ ਸਕੋਰ ਕੀਤਾ ਤੇ 8 ਨਿਸ਼ਾਨੇਬਾਜ਼ਾਂ ਵਿੱਚ ਰਹਿੰਦੇ ਹੋਏ 45 ਸ਼ਾਟ ਦੇ ਫਾਈਨਲ ਲਈ ਕੁਆਲੀਫਾਈ ਕੀਤਾ। ਉਸ ਨੇ 4491 ਦੇ ਸਕੋਰ ਦੇ ਨਾਲ ਕਾਂਸੀ ਤਮਗਾ ਜਿੱਤਿਆ। ਵਿਅਕਤੀਗਤ ਕਾਂਸੀ ਦੇ ਨਾਲ ਐਸ਼ਵਰਿਆ ਨੇ ਚੈਨ ਸਿੰਘ (1155) ਤੇ ਪਾਰੁਲ ਕੁਮਾਰ (1154) ਨਾਲ ਟੀਮ ਪ੍ਰਤੀਯੋਗਤਾ ਦਾ ਵੀ ਕਾਂਸੀ ਤਮਗਾ ਜਿੱਤਿਆ।

















# ਕਰਨਾਟਕ ਦੇ ਅਯੋਗ ਠਹਿਰਾਏ ਵਿਧਾਇਕਾਂ ਬਾਰੇ ਸੁਪਰੀਮ ਕੋਰਟ ਦਾ ਫੈਸਲਾ 13 ਨੂੰ



ਨਵੀਂ ਦਿੱਲੀ, 12 ਨਵੰਬਰ, (ਪੋਸਟ ਬਿਊਰੋ)- ਕਰਨਾਟਕ ਦੇ ਕਾਂਗਰਸ-ਜਨਤਾ ਦਲ (ਐੱਸ) ਦੇ ਅਯੋਗ ਠਹਿਰਾਏ ਗਏ 17 ਵਿਧਾਇਕਾਂ ਦੀ ਪਟੀਸ਼ਨ ਉੱਤੇ ਸੁਪਰੀਮ ਕੋਰਟ 13 ਨਵੰਬਰ ਨੂੰ ਆਪਣਾ ਫ਼ੈਸਲਾ ਦੇਵੇਗੀ। ਇਨ੍ਹਾਂ ਵਿਧਾਇਕਾਂ ਨੇ ਓਦੋਂ ਦੇ ਵਿਧਾਨ ਸਭਾ ਸਪੀਕਰ ਕੇ ਆਰ ਰਮੇਸ਼ ਵੱਲੋਂ ਉਨ੍ਹਾਂ ਨੂੰ ਅਯੋਗ ਠਹਿਰਾਉਣ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਹੈ।

ਇਸ ਸੰਬੰਧ ਵਿੱਚ ਜਸਟਿਸ ਐੱਨ ਵੀ ਰਮਨਾ, ਜਸਟਿਸ ਸੰਜੀਵ ਖੰਨਾ ਅਤੇ ਜਸਟਿਸ ਕ੍ਰਿਸ਼ਨ ਮੁਰਾਰੀ ਵਾਲੇ ਤਿੰਨ ਮੈਂਬਰੀ ਬੈਂਚ ਨੇ 25 ਅਕਤੂਬਰ ਨੂੰ ਆਪਣਾ ਫ਼ੈਸਲਾ ਰਾਖਵਾਂ ਰੱਖ ਲਿਆ ਸੀ। ਵਿਧਾਨ ਸਭਾ ਸਪੀਕਰ ਕੇ ਆਰ ਰਮੇਸ਼ ਨੇ ਸੱਤਾਧਾਰੀ ਕਾਂਗਰਸ-ਜਨਤਾ ਦਲ (ਐੱਸ) ਗਠਜੋੜ ਦੇ 17 ਵਿਧਾਇਕਾਂ ਨੂੰ ਜੁਲਾਈ ਵਿੱਚ ਭਰੋਸੇ ਦੀ ਵੋਟ ਹਾਸਲ ਕਰਨ ਤੋਂ ਪਹਿਲਾਂ ਅਯੋਗ ਕਰਾਰ ਦੇ ਦਿੱਤਾ ਸੀ। ਭਰੋਸੇ ਦੀ ਵੋਟ ਵਿੱਚ ਹਾਰਨ ਪਿੱਛੋਂ ਓਦੋਂ ਦੇ ਮੰਤਰੀ ਐੱਚ ਡੀ ਕੁਮਾਰ ਸਵਾਮੀ ਨੂੰ ਅਸਤੀਫ਼ਾ ਦੇਣਾ ਪਿਆ ਤੇ ਰਾਜ ਵਿੱਚ ਯੇਦੀਯੁਰੱਪਾ ਦੀ ਅਗਵਾਈ ਵਿੱਚ ਭਾਜਪਾ ਦੀ ਸਰਕਾਰ ਬਣੀ ਸੀ।

ਉਸ ਵਕਤ ਅਯੋਗ ਠਹਿਰਾਏ ਗਏ ਵਿਧਾਇਕਾਂ ਦੀਆਂ ਖਾਲੀ ਹੋਈਆਂ ਵਿਧਾਨ ਸਭਾ ਸੀਟਾਂ 17 ਵਿੱਚੋਂ 15 ਉੱਤੇ ਪੰਜ ਦਸੰਬਰ ਨੂੰ ਉੱਪ ਚੋਣ ਕਰਾਈ ਜਾਣੀ ਹੈ ਅਤੇ ਉਮੀਦਵਾਰਾਂ ਨੇ 11 ਤੋਂ 18 ਨਵੰਬਰ ਵਿਚਾਲੇ ਕਾਗਜ਼ ਭਰਨੇ ਹਨ ਤਾਂ ਅਯੋਗ ਕਰਾਰ ਦਿੱਤੇ ਵਿਧਾਇਕਾਂ ਨੇ ਸੁਪਰੀਮ ਕੋਰਟ ਦਾ ਫ਼ੈਸਲਾ ਹੋਣ ਤਕ ਚੋਣ ਕਮਿਸ਼ਨ ਨੂੰ ਇਨ੍ਹਾਂ 15 ਸੀਟਾਂ ਦੀ ਉੱਪ ਚੋਣ ਮੁਲਤਵੀ ਕਰਨ ਦਾ ਨਿਰਦੇਸ਼ ਦੇਣ ਦੀ ਅਪੀਲ ਕੀਤੀ ਸੀ।

# ਸਾਰੇ ਭਾਰਤ ਵਿੱਚ ਪਿਆਜ਼ ਕਾਰੋਬਾਰੀਆਂ ਦੇ 100 ਅੱਡਿਆਂ ਉੱਤੇ ਇਨਕਮ ਟੈਕਸ ਦੇ ਛਾਪੇ

ਨਵੀਂ ਦਿੱਲੀ, 12 ਨਵੰਬਰ, (ਪੋਸਟ ਬਿਊਰੋ)- ਭਾਰਤ ਵਿੱਚ ਪਿਆਜ਼ ਦੀ ਆਮਦ ਵਧਾਉਣ ਦੇ ਬਾਵਜੂਦ ਕੀਮਤਾਂ ਵਿੱਚ ਕਮੀ ਨਾ ਆਉਣ ਉੱਤੇ ਕੇਂਦਰ ਸਰਕਾਰ ਨੇ ਸਖਤ ਕਦਮ ਚੁੱਕਣਾ ਸ਼ੁਰੂ ਕਰ ਦਿੱਤਾ ਹੈ। ਇਸ ਮਕਸਦ ਦੇ ਲਈ ਸਾਰੇ ਦੇਸ਼ ਵਿੱਚ ਪਿਆਜ਼ ਦੇ ਕਾਰੋਬਾਰੀਆਂ ਵਲੋਂ ਪਿਆਜ਼ ਦੀ ਜਮ੍ਹਾਂਖੋਰੀ ਕਰਨ ਅਤੇ ਕੀਮਤਾਂ ਵਿੱਚ ਵੱਡੀ ਤੇਜ਼ੀ ਆਉਣ ਦੀ ਸੂਚਨਾ ਦੇ ਬਾਅਦ ਆਮਦਨ ਟੈਕਸ ਵਿਭਾਗ ਨੇ ਦੇਸ਼ ਵਿੱਚ ਪਿਆਜ਼ ਕਾਰੋਬਾਰੀਆਂ ਦੇ ਅੱਡਿਆਂ ਉੱਤੇ ਛਾਪੇ ਮਾਰੇ ਹਨ। ਆਮਦਨ ਟੈਕਸ ਵਿਭਾਗ ਨੇ ਦੇਸ਼ ਵਿੱਚ 100 ਤੋਂ ਵੱਧ ਥਾਵਾਂ ਉੱਤੇ ਦਿੱਲੀ, ਰਾਜਸਥਾਨ, ਗੁਜਰਾਤ, ਪੰਜਾਬ, ਹਰਿਆਣਾ, ਚੰਡੀਗੜ੍ਹ, ਨਾਗਪੁਰ, ਨਾਸਿਕ ਤੇ ਮੁੰਬਈ ਵਿੱਚ ਪਿਆਜ਼ ਕਾਰੋਬਾਰੀਆਂ ਦੇ ਟਿਕਾਣਿਆਂ ਉੱਤੇ ਛਾਪੇ ਮਾਰੇ ਹਨ।

ਵਰਨਣ ਯੋਗ ਹੈ ਕਿ ਦੇਸ਼ ਦੀਆਂ ਮੰਡੀਆਂ ਵਿੱਚ ਪਿਆਜ਼ ਸਪਲਾਈ ਵਧਾਉਣ ਦੇ ਕਈ ਯਤਨਾਂ ਦੇ ਬਾਵਜੂਦ ਇਸ ਦੀਆਂ ਕੀਮਤਾਂ ਵਿੱਚ ਵਾਧਾ ਲਗਾਤਾਰ ਜਾਰੀ ਹੈ। ਭਾਰਤ ਦੀ ਰਾਜਧਾਨੀ ਦਿੱਲੀ ਦੀ ਆਜ਼ਾਦਪੁਰ ਮੰਡੀ ਵਿੱਚ ਅੱਜ ਸੋਮਵਾਰ ਨੂੰ ਪਿਆਜ਼ ਦੀ ਆਮਦ ਵਿੱਚ ਵਾਧਾ ਹੋਣ ਦੇ ਬਾਵਜੂਦ ਕੀਮਤਾਂ ਘਟਣ ਦੀ ਥਾਂ ਵਧੀਆਂ ਹਨ। ਕਾਰੋਬਾਰੀਆਂ ਨੇ ਦੱਸਿਆ ਕਿ ਆਜ਼ਾਦਪੁਰ ਮੰਡੀ ਵਿੱਚ ਪਿਆਜ਼ ਦੇ ਥੋਕ ਭਾਅ ਵਿੱਚ ਕਰੀਬ ਪੰਜ ਰੁਪਏ ਪ੍ਰਤੀ ਕਿਲੋ (500 ਰੁਪਏ ਪ੍ਰਤੀ ਕਵਿੰਟਲ) ਦਾ ਵਾਧਾ ਹੋਇਆ ਹੈ। ਆਜ਼ਾਦਪੁਰ ਮੰਡੀ ਵਿੱਚ ਸ਼ਨੀਵਾਰ ਪਿਆਜ਼ ਦੇ ਥੋਕ ਭਾਅ 35-55 ਰੁਪਏ ਪ੍ਰਤੀ ਕਿਲੋ ਸਨ, ਸੋਮਵਾਰ ਨੂੰ ਥੋਕ ਭਾਅ 50-60 ਰੁਪਏ ਪ੍ਰਤੀ ਕਿਲੋ ਹੋ ਗਿਆ। ਦਿੱਲੀ ਐਨ ਸੀ ਆਰ (ਨੈਸ਼ਨਲ ਕੈਪੀਟਲ ਰੀਜਨ) ਦੇ ਬਜ਼ਾਰ ਵਿੱਚ ਰਿਟੇਲ ਕਾਰੋਬਾਰੀ 80-100 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਪਿਆਜ਼ ਵੇਚ ਰਹੇ ਹਨ। ਇਸ ਦੀ ਸਪਲਾਈ ਵਿੱਚ ਕਮੀ ਦਾ ਕਾਰਨ ਬੇਮੌਸਮੀ ਬਾਰਿਸ਼ ਹੈ, ਜਿਸ ਨਾਲ ਇਸ ਸਾਲ 30 ਤੋਂ 40 ਫ਼ੀਸਦੀ ਉਤਪਾਦਨ ਪ੍ਰਭਾਵਤ ਹੋਇਆ ਹੈ। ਪਿਆਜ਼ ਦੀ ਕੀਮਤ 100 ਰੁਪਏ ਪ੍ਰਤੀ ਕਿਲੋ ਤੋਂ ਟੱਪ ਗਈ ਹੈ।

ਖਪਤਕਾਰ ਮਾਮਲਿਆਂ ਦੇ ਮੰਤਰਾਲੇ ਨੇ ਐਲਾਨ ਕੀਤਾ ਸੀ ਕਿ ਸਰਕਾਰ ਪਿਆਜ਼ ਦੀ ਇੰਪੋਰਟ ਤੇ ਇਸ ਪ੍ਰਕਿਰਿਆ ਨੂੰ ਸੌਖਾ ਕਰਨ ਲਈ ਮਦਦ ਕਰੇਗੀ ਤੇ ਦੂਜੇ ਦੇਸ਼ਾਂ ਤੋਂ ਛੇਤੀ ਸਪਲਾਈ ਕਰਾਵੇਗੀ। ਇਸ ਨੂੰ ਲੈਣ ਲਈ ਖੇਤੀ ਮੰਤਰਾਲਾ ਨੇ ਫਾਇਟੋਸੈਨੇਟਰੀ ਤੇ ਫਿਊਮਿਗੇਸ਼ਨ ਦੀਆਂ ਲੋੜਾਂ ਨੂੰ ਸਰਲ ਬਣਾਇਆ ਹੈ। ਅਫਗਾਨਿਸਤਾਨ, ਮਿਸਰ, ਤੁਰਕੀ ਤੇ ਈਰਾਨ ਵਿੱਚ ਭਾਰਤੀ ਮਿਸ਼ਨਾਂ ਨੂੰ ਭਾਰਤ ਨੂੰ ਪਿਆਜ਼ ਦੀ ਸਪਲਾਈ ਸੌਖਾ ਬਣਾਉਣ ਲਈ ਕਿਹਾ ਗਿਆ ਹੈ।

# ਦੋ ਨਾਬਾਲਗਾਂ ਨੇ ਨਾਟਕੀ ਢੰਗ ਨਾਲ ਵਿਆਂਹਦੜ ਜੋੜੇ ਦੇ ਗਹਿਣੇ ਤੇ ਨਕਦੀ ਚੋਰੀ ਕਰ ਲਏ

ਕੋਟਕਪੂਰਾ, 12 ਨਵੰਬਰ (ਪੋਸਟ ਬਿਊਰੋ)- ਏਥੋਂ ਨੇੜਲੇ ਪਿੰਡ ਢਿੱਲਵਾਂ ਕਲਾਂ ਦੇ ਗੁਰਦੁਆਰਾ ਗੋਦਾਵਰੀਸਰ ਪਾਤਸ਼ਾਹੀ ਦਸਵੀਂ ਵਿਖੇ ਨਾਬਾਲਗ ਲੜਕੇ-ਲੜਕੀਆਂ ਨੇ ਨਾਟਕੀ ਢੰਗ ਨਾਲ ਇੱਕ ਵਿਆਂਹਦੜ ਜੋੜੇ ਦੇ ਆਨੰਦ ਕਾਰਜ ਮੌਕੇ ਕਰੀਬ ਤਿੰਨ ਲੱਖ ਰੁਪਿਆ ਨਕਦ ਤੇ ਸੋਨੇ ਦੇ ਗਹਿਣੇ ਚੋਰੀ ਕਰ ਲਏ। ਸਥਾਨਕ ਸਦਰ ਥਾਣੇ ਦੀ ਪੁਲਸ ਨੇ 14-15 ਸਾਲ ਅਤੇ 16-17 ਸਾਲ ਦੇ ਜਾਪਦੇ ਨਾਬਾਲਗ ਕ੍ਰਮਵਾਰ ਲੜਕੀ ਅਤੇ ਲੜਕੇ ਵਿਰੁੱਧ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਅਤੇ ਦੋਸ਼ੀਆਂ ਨੂੰ ਛੇਤੀ ਲੱਭ ਲੈਣ ਦਾ ਦਾਅਵਾ ਕੀਤਾ ਹੈ।


ਬੀਤੀ ਨੌਂ ਨਵੰਬਰ ਨੂੰ ਬਾਅਦ ਦੁਪਹਿਰ ਹੋਈ ਇਸ ਘਟਨਾ ਦੇ ਤੀਹ ਘੰਟੇ ਵਾਪਰਨ ਪਿੱਛੋਂ ਵੀ ਪੁਲਸ ਨੂੰ ਅਜੇ ਤੱਕ ਕੋਈ ਸੁਰਾਗ ਨਹੀਂ ਲੱਗਾ। ਪੀੜਤ ਪੱਖ ਦੇ ਅਨੁਸਾਰ ਉਨ੍ਹਾਂ ਦਾ 10 ਲੱਖ ਰੁਪਏ ਤੋਂ ਵੱਧ ਨੁਕਸਾਨ ਹੋ ਗਿਆ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਨਰਿੰਦਰ ਸਿੰਘ ਵਾਸੀ ਬਠਿੰਡਾ ਨੇ ਕਿਹਾ ਕਿ ਉਸ ਦੀ ਬੇਟੀ ਰੁਪਿੰਦਰ ਕੌਰ ਦਾ ਵਿਆਹ ਪੁਸ਼ਪਿੰਦਰ ਸਿੰਘ ਪੁੱਤਰ ਕਰਮਜੀਤ ਸਿੰਘ ਭਲੂਰੀਆ ਵਾਸੀ ਕੋਟਕਪੂਰਾ ਨਾਲ ਸ਼ਹਿਨਸ਼ਾਹ ਪੈਲੇਸ ਵਿਖੇ ਹੋਇਆ ਤਾਂ ਉਹ ਰਿਸ਼ਤੇਦਾਰਾਂ ਸਮੇਤ ਗੁਰਦੁਆਰਾ ਸਾਹਿਬ ਢਿੱਲਵਾਂ ਵਿਖੇ ਆਨੰਦ ਕਾਰਜ ਕਰਾਉਣ ਚਲੇ ਗਏ। ਓਥੋਂ ਵਿਹਲੇ ਹੋਣ ਪਿੱਛੋਂ ਇੱਕ ਨਾਬਾਲਗ ਲੜਕੀ ਨੇ ਉਸ ਦੀ ਪਤਨੀ ਅੰਮ੍ਰਿਤ ਕੌਰ ਦੇ ਕੱਪੜਿਆਂ ਉੱਤੇ ਸੌਸ ਪਾ ਕੇ ਖੁਦ ਹੀ ਕਿਹਾ ਕਿ ਉਨ੍ਹਾਂ ਦੇ ਕੱਪੜੇ ਸੌਸ ਨਾਲ ਖਰਾਬ ਹੋ ਗਏ ਹਨ। ਜਦ ਉਹ ਨਕਦੀ ਤੇ ਗਹਿਣਿਆਂ ਵਾਲਾ ਪਰਸ ਰੱਖ ਕੇ ਪਿੱਛੋਂ ਆਪਣਾ ਸੂਟ ਦੇਖਣ ਲੱਗੀ ਤਾਂ ਅੱਖ ਦੇ ਫੇਰ ਨਾਲ ਉਕਤ ਲੜਕੀ ਅਤੇ ਨਾਭੀ ਸ਼ਰਟ ਵਾਲੇ ਸਿਰੋਂ ਮੋਨੇ ਲੜਕੇ ਨੇ ਉਹ ਪਰਸ ਚੁੱਕਿਆ ਅਤੇ ਫਰਾਰ ਹੋ ਗਏ। ਇਸ ਬਾਰੇ ਬਲਕਾਰ ਸਿੰਘ ਸੰਧੂ ਡੀ ਐੱਸ ਪੀ ਕੋਟਕਪੂਰਾ ਦੀ ਅਗਵਾਈ 'ਚ ਪੁੱਜੀ ਪੁਲਸ ਪਾਰਟੀ ਨੇ ਮੌਕੇ ਦਾ ਜਾਇਜ਼ਾ ਲਿਆ ਅਤੇ ਦੱਸਿਆ ਕਿ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਮੁਤਾਬਕ ਚੋਰੀ ਕਰਨ ਵਾਲੇ ਲੜਕਾ ਤੇ ਲੜਕੀ ਨਾਬਾਲਗ ਹਨ। ਡੀ ਐੱਸ ਪੀ ਅਨੁਸਾਰ ਚੋਰਾਂ ਦੀ ਭਾਲ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਮਾਲਵੇ ਦਾ 60 ਸਾਲਾ ਬਲਦੇਵ ਸਿੰਘ ਅਜੇ ਊਠ ਨਾਲ ਖੇਤੀ ਕਰਦੈ

ਫਾਜ਼ਿਲਕਾ, 12 ਨਵੰਬਰ (ਪੋਸਟ ਬਿਊਰੋ)- ਜਿੱਥੇ ਮਹਿੰਗੀ ਮਸ਼ੀਨਰੀ ਕਾਰਨ ਕੱਲ੍ਹ ਕਿਸਾਨਾਂ ਲਈ ਖੇਤੀਬਾੜੀ ਲਾਹੇਵੰਦ ਧੰਦਾ ਨਹੀਂ ਰਹੀ, ਉਥੇ ਬਹੁਤ ਸਾਰੇ ਕਿਸਾਨ ਅਜਿਹੇ ਹਨ ਜਿਹੜੇ ਇਸ ਵਜ੍ਹਾ ਨਾਲ ਊਠਾਂ ਅਤੇ ਬਲਦਾਂ ਨਾਲ ਖੇਤੀ ਕਰਨ ਨੂੰ ਪਹਿਲ ਦੇ ਰਹੇ ਹਨ। ਅਜਿਹੇ ਕਿਸਾਨ ਖੇਤੀ ਲਾਗਤਾਂ ਘੱਟ ਕਰਨ ਵਿੱਚ ਕਾਮਯਾਬ ਹੁੰਦੇ ਹਨ ਅਤੇ ਦੂਜੇ ਕਿਸਾਨਾਂ ਲਈ ਪ੍ਰੇਰਣਾ ਦਾ ਸਰੋਤ ਬਣਦੇ ਹਨ, ਜਿਸ ਦੀ ਹਰ ਥਾਂ ਚਰਚਾ ਹੁੰਦੀ ਹੈ।

ਫਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਬਕੈਣਵਾਲਾ ਦਾ ਕਿਸਾਨ ਬਲਦੇਵ ਸਿੰਘ ਏਦਾਂ ਦਾ ਹੀ ਕਿਸਾਨ ਹੈ, ਜਿਹੜਾ ਊਠ ਨਾਲ ਖੇਤੀ ਕਰਨ ਨੂੰ ਪਹਿਲ ਦੇ ਰਿਹਾ ਹੈ। ਬਲਦੇਵ ਸਿੰਘ ਦੇ ਪਰਵਾਰ ਕੋਲ ਪੰਜ ਏਕੜ ਜ਼ਮੀਨ ਹੈ ਅਤੇ ਉਹ ਪੰਜ ਭਰਾ ਹਨ। ਉਹ ਪਿਛਲੇ ਕਈ ਸਾਲਾਂ ਤੋਂ ਆਪਣੀ ਜ਼ਮੀਨ ਦੀ ਵਹਾਈ ਊਠ ਨਾਲ ਕਰਦਾ ਆ ਰਿਹਾ ਹੈ। ਊਠ ਨਾਲ ਖੇਤੀ ਕਰਨਾ ਉਸ ਦੀ ਕੋਈ ਮਜ਼ਬੂਰੀ ਨਹੀਂ, ਸ਼ੌਕ ਹੈ। ਉਸ ਦੀ ਹੱਥੀਂ ਕਿਰਤ ਕਰਨ ਦੀ ਆਦਤ ਕਾਰਨ ਉਹ ਆਪਣੇ ਘਰ ਦਾ ਗੁਜ਼ਾਰਾ ਚੰਗੇ ਤਰੀਕੇ ਨਾਲ ਕਰ ਰਿਹਾ ਹੈ। ਉਸ ਦੀ ਉਮਰ 60 ਸਾਲ ਦੇ ਲਗੱਭਗ ਹੋ ਚੁੱਕੀ ਹੈ ਅਤੇ ਉਸ ਦੇ ਤਿੰਨ ਬੱਚੇ ਹਨ। ਰੋਜ਼ ਖੇਤਾਂ 'ਚ ਕੰਮ ਕਰਕੇ ਪਸੀਨਾ ਵਹਾਉਣ ਕਾਰਨ ਕੱਲ੍ਹ ਤੱਕ ਉਸ ਨੂੰ ਕਿਸੇ ਤਰ੍ਹਾਂ ਦੀ ਬਿਮਾਰੀ ਨੇ ਨਹੀਂ ਘੇਰਿਆ।

ਬਲਦੇਵ ਸਿੰਘ ਦੇ ਮੁਤਾਬਕ ਬਾਗਾਂ ਦੀ ਖੇਤੀ ਵਾਲੀਆਂ ਜ਼ਮੀਨਾਂ ਵਿੱਚ ਊਠ ਨਾਲ ਵਹਾਈ ਕਰਨੀ ਸੌਖੀ ਹੁੰਦੀ ਹੈ। ਇਸ ਨਾਲ ਬਾਗਾਂ ਦਾ ਨੁਕਸਾਨ ਨਹੀਂ ਹੁੰਦਾ ਅਤੇ ਜਿੱਥੇ ਪੈਸੇ ਦੀ ਬਚਤ ਹੁੰਦੀ ਹੈ, ਉਥੇ ਕਈ ਵਾਰ ਉਹ 400 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਹੋਰ ਕਿਸਾਨਾਂ ਦੀ ਜ਼ਮੀਨ ਦੀ ਵਹਾਈ ਵੀ ਕਰ ਦਿੰਦਾ ਹੈ। ਊਠ ਨਾਲ ਖੇਤੀ ਕਰਨ ਨਾਲ ਫਸਲ ਦਾ ਝਾੜ ਵੱਧ ਹੁੰਦਾ ਹੈ ਅਤੇ ਜ਼ਮੀਨ ਦਾ ਪੱਧਰ ਵੀ ਬਰਾਬਰ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਪਹਿਲਾਂ ਉਸ ਦੇ ਦਾਦੇ-ਪੜਦਾਦੇ ਵੀ ਊਠਾਂ ਨਾਲ ਖੇਤੀ ਕਰਦੇ ਸਨ। ਉਸ ਨੇ ਆਪਣੇ ਪੁਰਖਿਆਂ ਦੀ ਵਿਰਾਸਤ ਨੂੰ ਸੰਭਾਲ ਕੇ ਰੱਖਿਆ ਹੈ। ਸਮੇਂ ਦੇ ਨਾਲ ਹੋਰ ਕਿਸਾਨਾਂ ਨੇ ਊਠਾਂ ਅਤੇ ਬਲਦਾਂ ਨਾਲ ਖੇਤੀ ਕਰਨੀ ਛੱਡ ਦਿੱਤੀ ਹੈ ਪਰ ਇਸ ਕਾਰਨ ਬਹੁਤ ਸਾਰੀਆਂ ਸਮੱਸਿਆਵਾਂ ਸਹੇੜ ਲਈਆਂ ਹਨ। ਅਸਲ ਵਿੱਚ ਪੰਜਾਬ ਦੀ ਕਿਸਾਨੀ ਹੱਥੀਂ ਕਿਰਤ ਕਰਨ ਤੋਂ ਕਤਰਾਉਣ ਲੱਗੀ ਹੈ। ਪੂਰੀ ਤਰ੍ਹਾਂ ਮਸ਼ੀਨਰੀ 'ਤੇ ਨਿਰਭਰ ਰਹਿਣ ਕਾਰਨ ਹੀ ਕਿਸਾਨਾਂ ਦੀ ਹਾਲਤ ਖਰਾਬ ਹੋਈ ਪਈ ਹੈ। ਕਿਸਾਨ ਬਲਦੇਵ ਸਿੰਘ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਵੱਲੋਂ ਦਿੱਤਾ ਗਿਆ 'ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ' ਦਾ ਸੰਦੇਸ਼ ਉਨ੍ਹਾਂ ਦਾ ਰਾਹ ਦਸੇਰਾ ਹੈ।




# ਤੇਜੱਸਵੀ ਯਾਦਵ ਨੇ ਆਪਣਾ ਜਨਮ ਦਿਨ ਉੱਡਦੇ ਜਹਾਜ਼ ਦੇ ਵਿੱਚ ਸ਼ਾਹੀ ਅੰਦਾਜ ਵਿੱਚ ਮਨਾਇਆ



ਪਟਨਾ, 12 ਨਵੰਬਰ, (ਪੋਸਟ ਬਿਊਰੋ)- ਬਿਹਾਰ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਅਤੇ ਲਾਲੂ ਪ੍ਰਸਾਦ ਯਾਦਵ ਦੇ ਛੋਟੇ ਬੇਟੇ ਤੇਜੱਸਵੀ ਯਾਦਵ ਨੇ ਆਪਣਾ ਜਨਮ ਦਿਨ ਸ਼ਾਹੀ ਅੰਦਾਜ ਵਿੱਚ ਮਨਾਇਆ ਹੈ। ਉਸ ਨੇ ਪਟਨਾ ਵਿੱਚ ਪਾਰਟੀ ਦਫ਼ਤਰ ਵਿੱਚ ਕੇਕ ਕੱਟਿਆ ਤੇ ਫਿਰ ਦਿੱਲੀ ਰਵਾਨਾ ਹੋ ਗਏ। ਇਸ ਪਿੱਛੋਂ ਤੇਜਸਵੀ ਦੇ ਜਨਮ ਦਿਨ ਦੀਆਂ ਤਸਵੀਰਾਂ ਸੋਸ਼ਲ ਮੀਡੀਆ ਵਿੱਚ ਤੇਜ਼ੀ ਨਾਲ ਵਾਇਰਲ ਹੋਈਆਂ ਹਨ। ਸ਼ਾਹੀ ਪਾਰਟੀ ਦੀਆਂ ਇਨ੍ਹਾਂ ਤਸਵੀਰਾਂ ਵਿੱਚ ਤੇਜਸਵੀ ਨਾਲ ਉਨ੍ਹਾਂ ਦੇ ਕਰੀਬੀ ਤੇ ਕਿੰਗਮੇਕਰ ਕਹੇ ਜਾਣ ਵਾਲੇ ਸੰਜੇ ਯਾਦਵ ਅਤੇ ਮਣੀ ਯਾਦਵ ਵੀ ਦਿੱਸ ਰਹੇ ਹਨ।

ਇਸ ਮੌਕੇ ਉੱਡਦੇ ਪਲੇਨ ਵਿੱਚ ਤੇਜਸਵੀ ਯਾਦਵ ਦਾ ਜਨਮ ਦਿਨ ਕੇਕ ਕੱਟਣ ਵੇਲੇ ਉਨ੍ਹਾਂ ਨਾਲ ਲਾਲੂ ਪ੍ਰਸਾਦ ਦੇ ਸਭ ਤੋਂ ਪੁਰਾਣੇ ਅਤੇ ਭਰੋਸੇਮੰਦ ਸਹਿਯੋਗੀ ਭੋਲਾ ਯਾਦਵ ਵੀ ਸ਼ਾਮਲ ਸਨ। ਇਹ ਤਸਵੀਰਾਂ ਕਿੱਥੋਂ ਦੀਆਂ ਹਨ, ਇਹ ਪਤਾ ਨਹੀਂ ਲੱਗ ਸਕਿਆ। ਲਾਲੂ ਪ੍ਰਸਾਦ ਦੇ ਛੋਟੇ ਬੇਟੇ ਦਾ ਜਨਮ ਦਿਨ ਸ਼ਨੀਵਾਰ ਨੂੰ ਸੀ। ਇਸ ਤੋਂ ਪਹਿਲਾਂ ਸ਼ੁੱਕਰਵਾਰ ਸ਼ਾਮ ਨੂੰ ਉਹ ਲਾਲੂ ਪ੍ਰਸਾਦ ਦੀ ਸਿਹਤ ਬਾਰੇ ਜਾਣਨ ਲਈ ਰਾਂਚੀ ਦੇ ਰਿਮਜ਼ (ਰਾਂਚੀ ਇੰਸਟੀਚਿੰਊਟ ਆਫ ਮੈਡੀਕਲ ਸਾਇੰਸਿਜ਼) ਗਏ ਸਨ। ਤੇਜਸਵੀ ਯਾਦਵ ਆਪਣੇ ਜਨਮ ਦਿਨ ਨੂੰ ਸਵੇਰੇ ਪਟਨਾ ਆਏ ਤੇ ਓਥੇ ਕੇਕ ਕੱਟਣ ਤੋਂ ਬਾਅਦ ਸ਼ਾਮ ਨੂੰ ਵਾਪਸ ਦਿੱਲੀ ਚਲੇ ਗਏ। ਜਨਮ ਦਿਨ ਮੌਕੇ ਵੀ ਤੇਜਸਵੀ ਤੇ ਤੇਜ ਪ੍ਰਤਾਪ ਦੋਵਾਂ ਭਰਾਵਾਂ ਦੀ ਦੂਰੀ ਕਾਇਮ ਰਹੀ। ਤੇਜ ਪ੍ਰਤਾਪ ਨੇ ਉਨ੍ਹਾਂ ਦੀ ਇਕ ਪੁਰਾਣੀ ਤਸਵੀਰ ਪੋਸਟ ਕੀਤੀ, ਪਰ ਜਨਮ ਦਿਨ ਕੇਕ ਕੱਟਣ ਵੇਲੇ ਦੋਵੇਂ ਭਰਾ ਇਕੱਠੇ ਨਹੀਂ ਹੋ ਸਕੇ।



ਤੇਜਸਵੀ ਯਾਦਵ ਦੀਆਂ ਇਨ੍ਹਾਂ ਤਸਵੀਰਾਂ ਦੇ ਵਾਇਰਲ ਹੁੰਦੇ ਹੀ ਉਨ੍ਹਾਂ ਦੇ ਵਿਰੋਧੀਆਂ ਨੇ ਕਈ ਸਵਾਲ ਪੁੱਛੇ ਸਨ। ਭਾਜਪਾ ਦੇ ਬੁਲਾਰੇ ਨਿਖਿਲ ਆਨੰਦ ਨੇ ਕਿਹਾ ਕਿ ਚਾਂਦੀ ਦੇ ਚਮਚ ਵਿੱਚ ਪਲੇ ਇਹ ਨੇਤਾ ਗਰੀਬਾਂ ਦਾ ਮਜ਼ਾਕ ਉਡਾਉਂਦੇ ਹਨ। ਉਨ੍ਹਾਂ ਕਿਹਾ ਕਿ ਰਾਸ਼ਟਰੀ ਜਨਤਾ ਦਲ ਇਕ ਪਰਿਵਾਰਕ ਪਾਰਟੀ ਹੈ, ਜੋ ਦਿਸ਼ਾਹੀਣ ਤੇ ਬੁੱਧੀਹੀਣ ਹੈ।

# ਪੰਜਾਬੀ ਲਿਖਾਈ ਮੁਕਾਬਲੇ 17 ਨਵੰਬਰ ਨੂੰ

ਬਰੈਂਪਟਨ, (ਡਾ. ਝੰਡ) - ਡਾ. ਗੁਰਨਾਮ ਸਿੰਘ ਢਿੱਲੋਂ ਤੋਂ ਪ੍ਰਾਪਤ ਸੂਚਨਾ ਅਨੁਸਾਰ ਇਸ ਸਾਲ 2019 ਦੇ ਪੰਜਾਬੀ ਲਿਖਾਈ ਮੁਕਾਬਲੇ 17 ਨਵੰਬਰ ਦਿਨ ਐਤਵਾਰ ਨੂੰ ਲਿੰਕਨ ਐੱਮ. ਅਲੈਗਜ਼ੈਂਡਰ ਸਕੂਲ ਵਿਚ ਬਾਅਦ ਦੁਪਹਿਰ 1.30 ਵਜੇ ਤੋਂ ਸ਼ਾਮ 4.30 ਵਜੇ ਤੀਕ ਕਰਵਾਏ ਜਾ ਰਹੇ ਹਨ। ਇਹ ਸਾਲ 2019 ਕਿਉਂਜੋ ਗੁਰੂ ਨਾਨਕ ਦੇਵ ਜੀ ਦੇ 550'ਵੇਂ ਪ੍ਰਕਾਸ਼-ਪੁਰਬ ਵਜੋਂ ਮਨਾਇਆ ਜਾ ਰਿਹਾ ਹੈ, ਇਸ ਲਈ ਇਹ ਲਿਖਾਈ ਮੁਕਾਬਲੇ ਵੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿੱਖਿਆਵਾਂ ਨਾਲ ਹੀ ਸਬੰਧਿਤ ਹੋਣਗੇ। ਵੱਖ-ਵੱਖ ਉਮਰ-ਵਰਗ ਦੇ ਬੱਚਿਆਂ ਅਤੇ ਵੱਡਿਆਂ ਨੂੰ ਗੁਰੂ ਨਾਨਕ ਦੇਵ ਜੀ ਦੇ ਬਾਰੇ ਸ਼ਬਦ, ਵਾਕ ਤੇ ਲੇਖ ਸੁੰਦਰ ਲਿਖਾਈ ਵਿਚ ਲਿਖਣੇ ਹੋਣਗੇ। ਜਿੱਥੇ ਜੇ.ਕੇ./ਐੱਸ.ਕੇ. ਤੋਂ ਲੈ ਕੇ ਗਰੇਡ-6 ਤੱਕ ਦੇ ਬੱਚਿਆਂ ਲਈ ਦਿੱਤੇ ਹੋਏ ਸ਼ਬਦ ਜਾਂ ਵਾਕ ਵੇਖ-ਵੇਖ ਕੇ ਲਿਖਣੇ ਹੋਣਗੇ, ਉੱਥੇ ਗਰੇਡ 7-8 ਦੇ ਵਿਦਿਆਰਥੀ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ "ਵੰਡ ਕੇ ਛਕਣ" ਬਾਰੇ 100 ਸ਼ਬਦ (ਭਾਰਤ ਵਿਚ ਜਨਮੇ) ਅਤੇ 60 ਸ਼ਬਦ (ਭਾਰਤ ਤੋਂ ਬਾਹਰ ਜਨਮੇ) ਆਪਣੇ ਆਪ ਲਿਖਣਗੇ।

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗੁ ਚਾਨਣ ਹੋਆ।
ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਬਹੁਤ ਬਹੁਤ ਵਧਾਈਆਂ!

## ਪੰਜਾਬੀ ਲਿਖਾਈ ਮੁਕਾਬਲੇ, 2019

ਇਹ ਮੁਕਾਬਲੇ ਪੰਜਾਬ ਚੈਰਿਟੀ ਵਲੋਂ ਲਿੰਕਨ ਸਕੂਲ, ਮਾਲਟਨ ਵਿਖੇ ਕਰਵਾਏ ਜਾਂਦੇ ਹਨ। ਇਸ ਵਾਰ ਇਹ ਮੁਕਾਬਲੇ 17 ਨਵੰਬਰ ਦਿਨ ਐਤਵਾਰ ਨੂੰ 1:30 ਤੋਂ 4:30 ਤੱਕ ਹੋਣਗੇ। ਆਪ ਜਾਣਦੇ ਹੋ ਕਿ ਇਸ ਸਾਲ ਸਾਰੇ ਸੰਸਾਰ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਮਨਾਇਆ ਜਾ ਰਿਹਾ ਹੈ। ਇਸ ਕਰਕੇ ਪ੍ਰਬੰਧਕਾਂ ਨੇ ਮਨ ਬਣਾਇਆ ਕਿ ਇਸ ਵਾਰ ਦੇ ਵਿਸ਼ੇ ਗੁਰੂ ਸਾਹਿਬ ਜੀ ਦੇ ਜੀਵਨ ਅਤੇ ਸਿੱਖਿਆਵਾਂ ਦੇ ਬਾਰੇ ਹੀ ਹੋਣਗੇ।

| ਗਰੁੱਪ | ਵਿਸ਼ਾ |
|---|---|
| JK - SK | ਦਿੱਤੇ ਹੋਏ ਸ਼ਬਦ ਜਾਂ ਅੱਖਰ ਕਾਪੀ ਕਰਨੇ ਹੋਣਗੇ। |
| 1 - 2 | ਦਿੱਤੇ ਹੋਏ ਸ਼ਬਦ ਜਾਂ ਵਾਕ ਕਾਪੀ ਕਰਨੇ ਹੋਣਗੇ। |
| 3 - 4 | ਦਿੱਤੇ ਹੋਏ ਵਾਕ ਜਾਂ ਪੈਰ੍ਹਾ ਕਾਪੀ ਕਰਨੇ ਹੋਣਗੇ। |
| 5 - 6 | ਦਿੱਤੇ ਹੋਏ ਸ਼ਬਦ ਜਾਂ ਅੱਖਰ ਕਾਪੀ ਕਰਨੇ ਹੋਣਗੇ। |
| 7 - 8 | ਗੁਰੂ ਸਾਹਿਬ ਦੀ ਸਿੱਖਿਆ (ਵੰਡ ਕੇ ਛਕਣਾ) ਬਾਰੇ 100 ਸ਼ਬਦ, (ਭਾਰਤ ਚ ਜਨਮੇ) ਅਤੇ 60 ਸ਼ਬਦ (ਭਾਰਤ ਤੋਂ ਬਾਹਰ ਜਨਮੇ) ਲਿਖਣਗੇ। |
| 9 - 10 | ਗੁਰੂ ਸਾਹਿਬ ਦੀ ਸਿੱਖਿਆ (ਮਿਹਨਤ ਕਰਨਾ) ਬਾਰੇ 150 ਸ਼ਬਦ, (ਭਾਰਤ ਚ ਜਨਮੇ) ਅਤੇ 100 ਸ਼ਬਦ (ਭਾਰਤ ਤੋਂ ਬਾਹਰ ਜਨਮੇ) ਲਿਖਣਗੇ। |
| 11 - 12 | ਗੁਰੂ ਸਾਹਿਬ ਦੀ ਸਿੱਖਿਆ (ਮਿਹਨਤ ਕਰਨਾ) ਬਾਰੇ 200 ਸ਼ਬਦ, (ਭਾਰਤ ਚ ਜਨਮੇ) ਅਤੇ 150 ਸ਼ਬਦ (ਭਾਰਤ ਤੋਂ ਬਾਹਰ ਜਨਮੇ) ਲਿਖਣਗੇ। |
| Adults | ਕਰਤਾਰਪੁਰ ਸਾਹਿਬ ਦੇ ਲਾਂਘੇ ਬਾਰੇ 300 ਸ਼ਬਦ ਲਿਖਣਗੇ। |
| College University students | ਗੁਰੂ ਸਾਹਿਬ ਦੀ ਸਿੱਖਿਆ (ਵੰਡ ਕੇ ਛਕਣਾ) ਬਾਰੇ 200 ਸ਼ਬਦ, (ਭਾਰਤ ਚ ਜਨਮੇ) ਅਤੇ 150 ਸ਼ਬਦ (ਭਾਰਤ ਤੋਂ ਬਾਹਰ ਜਨਮੇ) ਲਿਖਣਗੇ। |

**ਸਾਰੇ ਸ਼ਬਦ, ਵਾਕ, ਪੈਰ੍ਹਾ, ਲੇਖ ਗੁਰੂ ਸਾਹਿਬ ਜੀ ਦੀ ਜ਼ਿੰਦਗੀ ਬਾਰੇ ਹੋਣਗੇ।**

ਸਾਰੇ ਲਿਖਣ ਵਾਲ਼ਿਆਂ ਨੇ ਆਪਣੇ ਜਵਾਬ ਵਿੱਚ ਹੇਠਾਂ ਲਿਖੇ ਸਵਾਲਾਂ ਬਾਰੇ ਲਿਖਣਗੇ।
- ਵਿਸ਼ੇ ਦੀ ਜਾਣਕਾਰੀ
- ਤੁਹਾਡੀ ਜ਼ਿੰਦਗੀ ਤੇ ਅਸਰ।
- ਮਾਨਵਤਾ ਲਈ ਸੁਨੇਹਾ।

ਨੰਬਰ ਲਗਾਉਣ ਸਮੇਂ ਸ਼ੁੱਧ ਸ਼ਬਦ-ਜੋੜ (spellings, punjabi words), ਸੁੰਦਰ ਲਿਖਾਈ ਨੂੰ ਧਿਆਨ'ਚ ਰੱਖਿਆ ਜਾਵੇਗਾ। ਅੰਗਰੇਜ਼ੀ ਸ਼ਬਦ ਲਿਖਣ ਨਾਲ਼ ਨੰਬਰ ਘਟਣਗੇ।

ਏਸੇ ਤਰ੍ਹਾਂ, ਗਰੇਡ 9-10 ਦੇ ਵਿਦਿਆਰਥੀ ਗੁਰੂ ਜੀ ਦੀ ਸਿੱਖਿਆ "ਕਿਰਤ ਜਾਂ ਮਿਹਨਤ ਕਰਨ" ਬਾਰੇ 150 ਸ਼ਬਦ (ਭਾਰਤ ਵਿਚ ਜਨਮੇ) ਤੇ 100 ਸ਼ਬਦ (ਭਾਰਤ ਤੋਂ ਬਾਹਰ ਜਨਮੇ) ਲਿਖਣਗੇ, ਅਤੇ ਗਰੇਡ 11-12 ਦੇ ਵਿਦਿਆਰਥੀ ਗੁਰੂ ਸਾਹਿਬ ਦੀ ਸਿੱਖਿਆ "ਕਿਰਤ ਜਾਂ ਮਿਹਨਤ ਕਰਨ" ਬਾਰੇ 200 ਸ਼ਬਦ (ਭਾਰਤ ਵਿਚ ਜਨਮੇ) ਤੇ 150 ਸ਼ਬਦ (ਭਾਰਤ ਤੋਂ ਬਾਹਰ ਜਨਮੇ) ਆਪਣੇ ਆਪ ਹੀ ਲਿਖਣਗੇ। ਇਸ ਦੇ ਨਾਲ ਹੀ ਕਾਲਜਾਂ ਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੂੰ ਗੁਰੂ ਸਾਹਿਬ ਦੀ ਸਿੱਖਿਆ "ਵੰਡ ਕੇ ਛਕਣ" ਬਾਰੇ 250 ਸ਼ਬਦ (ਭਾਰਤ ਵਿਚ ਜਨਮਿਆਂ ਨੂੰ) ਅਤੇ 200 ਸ਼ਬਦ (ਭਾਰਤ ਤੋਂ ਬਾਹਰ ਜਨਮਿਆਂ ਨੂੰ) ਅਤੇ ਬਾਲਗ਼ਾਂ ਨੂੰ "ਕਰਤਾਰਪੁਰ ਦੇ ਲਾਂਘੇ" ਬਾਰੇ 300 ਸ਼ਬਦ ਆਪਣੀ ਸ਼ਬਦਾਵਲੀ ਵਿਚ ਲਿਖਣ ਲਈ ਕਿਹਾ ਜਾਏਗਾ।

ਇਹ ਸਾਰੇ ਸ਼ਬਦ, ਵਾਕ, ਪੈਰ੍ਹੇ ਜਾਂ ਲੇਖ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਬਾਰੇ ਹੋਣਗੇ। ਇਨ੍ਹਾਂ ਮੁਕਾਬਲਿਆਂ ਵਿਚ ਭਾਗ ਲੈਣ ਵਾਲਿਆਂ ਨੂੰ ਆਪਣੀ ਲੇਖਣੀ ਵਿਚ ਵਿਸ਼ੇ ਦੀ ਜਾਣਕਾਰੀ, ਗੁਰੂ ਜੀ ਦੀਆਂ ਸਿੱਖਿਆਵਾਂ ਦੇ ਉਨ੍ਹਾਂ ਦੀ ਜ਼ਿੰਦਗੀ 'ਤੇ ਪਏ ਅਸਰ ਅਤੇ ਮਾਨਵਤਾ ਲਈ ਸੁਨੇਹੇ ਆਦਿ ਸੁਆਲਾਂ ਦੇ ਜੁਆਬ ਦੇਣੇ ਹੋਣਗੇ। ਇਨ੍ਹਾਂ ਲਿਖਾਈਆਂ ਦੇ ਨੰਬਰ ਦੇਣ ਸਮੇਂ ਸ਼ੁੱਧ ਸ਼ਬਦ-ਜੋੜਾਂ ਅਤੇ ਸੁੰਦਰ ਲਿਖਾਈ ਨੂੰ ਧਿਆਨ ਵਿਚ ਰੱਖਿਆ ਜਾਏਗਾ। ਇਸ ਦੌਰਾਨ ਅੰਗਰੇਜ਼ੀ ਸ਼ਬਦਾਂ ਦੀ ਵਰਤੋਂ ਕਰਨ ਵਾਲਿਆਂ ਦੇ ਨੰਬਰ ਘੱਟਣਗੇ। ਇਸ ਲਈ ਇਨ੍ਹਾਂ ਲਿਖਾਈ-ਮੁਕਾਬਲਿਆਂ ਵਿਚ ਭਾਗ ਲੈਣ ਵਾਲਿਆਂ ਨੂੰ ਵੱਧ ਤੋਂ ਵੱਧ ਪੰਜਾਬੀ ਸ਼ਬਦਾਂ ਦੀ ਵਰਤੋਂ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ।




ਕੈਨੇਡੀਅਨ ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia; Gyan Singh; Angrej Singh |
| Office Admin | Priya Sodhi |
| Marketing Executives | Priya Sodhi; Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.













GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

# ਗੁਰੂ ਨਾਨਕ ਦੀ ਬਾਣੀ ਤੋਂ ਨਿੱਤਰਦੀ ਸਿੱਖ ਦੀ ਪਛਾਣ

-ਡਾ: ਸਤਿੰਦਰ ਸਿੰਘ-

ਗੁਰਸਿੱਖ ਕੌਣ ਹੈ? ਇਸ ਗੂੜ੍ਹ ਪ੍ਰਸ਼ਨ ਦਾ ਕੋਈ ਇਕ, ਕੁਝ ਪੰਕਤੀਆਂ ਦਾ ਜਵਾਬ ਸੰਭਵ ਨਹੀਂ ਹੈ। ਗੁਰਸਿੱਖ ਹੋਣਾ ਹਰ ਕਿਸੇ ਦਾ ਆਪੋ-ਆਪਣਾ ਅਨੁਭਵ ਹੈ, ਜਿਸ ਨੂੰ ਸ਼ਬਦਾਂ 'ਚ ਨਹੀਂ ਬੰਨ੍ਹਿਆ ਜਾ ਸਕਦਾ। ਗੁਰਸਿੱਖੀ ਕੋਈ ਬਾਣਾ, ਕੋਈ ਵਿਉਹਾਰ, ਕੋਈ ਢੰਗ ਨਹੀਂ ਹੈ। ਗੁਰਸਿੱਖੀ ਇਕ ਮਾਰਗ ਹੈ। ਇਸ ਮਾਰਗ 'ਤੇ ਚੱਲਦਿਆਂ ਜਿਸ ਨੂੰ ਜਿਹੋ ਜਿਹੀ ਬਖਸ਼ਿਸ਼ ਹੁੰਦੀ ਹੈ, ਉਹੋ ਜਿਹੀ ਸੋਝੀ ਪ੍ਰਾਪਤ ਹੁੰਦੀ ਹੈ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਜੀਵਨ ਦੇ ਕੁਝ ਮੁੱਢਲੇ ਸਿਧਾਂਤ ਸਿਰਜੇ, ਜੋ ਉਨ੍ਹਾਂ ਦੀ ਬਾਣੀ ਅੰਦਰ ਪ੍ਰਗਟ ਹੁੰਦੇ ਹਨ। ਇਨ੍ਹਾਂ ਨੂੰ ਗੁਰਸਿੱਖ ਦੀ ਪਛਾਣ ਦੇ ਸੂਤਰ ਕਿਹਾ ਜਾ ਸਕਦਾ ਹੈ। ਵਿਲੱਖਣਤਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਕਿਸੇ ਵੀ ਸ਼ਬਦ ਅੰਦਰ ਇਨ੍ਹਾਂ ਤੱਤਾਂ ਦੇ ਦਰਸ਼ਨ ਕਿਸੇ ਨਾ ਕਿਸੇ ਰੂਪ 'ਚ ਹੋ ਜਾਂਦੇ ਹਨ। ਗੁਰੂ ਸਾਹਿਬ ਨੇ ਆਪਣੀ ਬਾਣੀ ਅੰਦਰ ਪਰਮਾਤਮਾ ਦੀ ਗੱਲ ਕੀਤੀ ਹੈ ਜਾਂ ਮਨੁੱਖ ਦੀ ਜਾਂ ਸੰਸਾਰ ਦੀ। ਇਹ ਤਿੰਨੋ ਹੀ ਪੱਖ ਇਕ-ਦੂਜੇ ਨਾਲ ਅੰਤਰ ਸਬੰਧਤ ਹਨ ਤੇ ਇਕ ਆਦਰਸ਼ ਅਵਸਥਾ ਵੱਲ ਹੀ ਤੋਰਦੇ ਹਨ।

ਅਪੁਨੇ ਠਾਕੁਰ ਕੀ ਹਉ ਚੇਰੀ॥
ਚਰਨ ਗਹੇ ਜਗਜੀਵਨ ਪ੍ਰਭ ਕੇਹਉਮੈ ਮਾਰਿ ਨਿਬੇਰੀ॥ ੧॥ ਰਹਾਉ॥
ਪੂਰਨ ਪਰਮ ਜੋਤਿ ਪਰਮੇਸਰਪ੍ਰੀਤਮ ਪ੍ਰਾਨ ਹਮਾਰੇ॥
ਮੋਹਨ ਮੋਹਿ ਲੀਆ ਮਨੁਮੇਰਾ ਸਮਝਸਿ ਸਬਦੁ ਬੀਚਾਰੇ॥ ੧॥
(ਪੰਨਾ ੧੧੯੭)

ਉਪਰੋਕਤ ਗੁਰੂ ਵਚਨ ਦੀ ਪਹਿਲੀ ਪੰਕਤੀ ਅੰਦਰ ਮਨੁੱਖ ਤੇ ਪ੍ਰਮਾਤਮਾ ਦੀ ਰੌਸ਼ਨੀ ਪ੍ਰਾਪਤ ਹੁੰਦੀ ਹੈ। ਪਰਮਾਤਮਾ ਸੁਵਾਮੀ ਹੈ, ਸਰਬ ਸ਼ਕਤੀਆਂ ਦਾ ਮਾਲਕ ਹੈ, ਜਿਸ ਦਾ ਹੁਕਮ ਚੱਲ ਰਿਹਾ ਹੈ। ਮਨੁੱਖ ਦਾ ਧਰਮ ਹੈ ਕਿ ਉਹ ਪਰਮਾਤਮਾ ਨੂੰ ਆਪਣਾ ਸੁਆਮੀ ਧਾਰਨ ਕਰੇ ਤੇ ਸੇਵਕ ਬਣ ਕੇ ਰਹੇ। ਪਰਮ-ਾਤਮਾ ਨਾਲ ਮਨੁੱਖ ਦਾ ਸਬੰਧ ਹੀ ਸੱਚਾ ਸਬੰਧ ਹੈ। ਪਰਮਾਤਮਾ ਹੀ ਉਸ ਦਾ ਆਪਣਾ ਹੈ ਤੇ ਉਸ ਆਪਣੇ ਦਾ ਸੇਵਕ ਬਣ ਕੇ ਰਹਿਣਾ ਉਸ ਦਾ ਧਰਮ ਹੈ। ਇਸ ਸਬੰਧ ਅੰਦਰ ਦੀ ਰਮਜ਼ ਖੋਲ੍ਹਦਿਆਂ ਗੁਰੂ ਨਾਨਕ ਸਾਹਿਬ ਨੇ ਵਚਨ ਕੀਤੇ ਕਿ ਮਨੁੱਖ ਦੀ ਅਵਸਥਾ ਅਤਿ ਨਿਮਾਣੀ ਹੈ। ਉਸ ਦਾ ਮਨੋਰਥ ਪਰਮਾਤਮਾ ਦੀ ਸ਼ਰਨ 'ਚ ਆਉਣਾ ਹੈ। ਵਿਕਾਰਾਂ, ਮਾਇਆ ਦੇ ਮਾਰੇ ਹੋਏ ਮਨੁੱਖ ਲਈ ਪਰਮਾਤਮਾ ਜੀਵਨ ਤੁਲ ਹੈ। ਪਰਮਾਤਮਾ ਕਿਸੇ ਇਕ ਮਨੁੱਖ ਲਈ ਨਹੀਂ, ਪੂਰੇ ਸੰਸਾਰ ਦਾ ਜੀਵਨ ਦਾਤਾ ਹੈ। ਪਰਮਾਤਮਾ ਮਨੁੱਖ ਨੂੰ ਸਿਰਜ ਰਿਹਾ ਹੈ, ਵਿਕਾਰਾਂ, ਮਾਇਆ ਦੇ ਜਾਲ ਤੋਂ ਬਚਾ ਰਿਹਾ ਹੈ। ਪਰਮਾਤਮਾ ਦੀ ਸ਼ਰਨ ਆਉਣਾ ਵਿਕਾਰਾਂ ਤੋਂ ਮੁਕਤ ਹੋਣਾ ਹੈ, ਮਾਇਆ ਦੀ ਝੂਠੀ ਚਮਕ ਤੋਂ ਉਦਾਸ ਹੋਣਾ ਹੈ। ਜੋ ਮਨੁੱਖ ਦੇ ਯੋਗ ਨਹੀਂ, ਜੋ ਅਧਰਮ ਹੈ, ਉਸ ਤੋਂ ਉਭਰ ਜਾਣਾ ਹੈ। ਇਹ ਪਰਮਾਤਮਾ ਦੀ ਕਿਰਪਾ ਨਾਲ ਹੀ ਮੁਮਕਿਨ ਹੋ ਸਕਦਾ ਹੈ। ਪਰਮਾਤਮਾ ਦੀ ਸ਼ਰਨ ਆਏ ਬਿਨਾਂ, ਪਰਮਾਤਮਾ ਦੀ ਮਿਹਰ ਬਿਨਾਂ ਵਿਕਾਰਾਂ, ਮਾਇਆ ਤੋਂ ਮੁਕਤ ਨਹੀਂ ਹੋਇਆ ਜਾ ਸਕਦਾ। ਇਹ ਸਮਰੱਥਾ ਇਕੋ-ਇਕ ਪਰਮਾਤਮਾ ਅੰਦਰ ਹੀ ਹੈ।

ਗੁਰੂ ਨਾਨਕ ਸਾਹਿਬ ਨੇ ਵਚਨ ਕੀਤੇ ਕਿ ਇਹ ਪਰਮਾਤਮਾ ਦਾ ਸਭ ਤੋਂ ਮਨੋਹਰ ਰੂਪ ਹੈ, ਜੋ ਮਨੁੱਖ ਮਨ ਅੰਦਰ ਪਰਮ-ਾਤਮਾ ਲਈ ਪ੍ਰੇਮ ਭਾਵ ਪੈਦਾ ਕਰਨ ਵਾਲਾ ਹੈ। ਦਾਸ ਭਾਵ ਨਾਲ ਪ੍ਰੇਮ ਭਾਵ ਦਾ ਵੀ ਸੰਜੋਗ ਹੋ ਜਾਂਦਾ ਹੈ।ਮਨੁੱਖ ਨੂੰ ਪਰਮਾਤਮਾ ਦੀਆਂ ਬੇਅੰਤ ਵਡਿਆਈਆਂ ਵਾਲੇ ਉਸ ਸਰੂਪ ਦੇ ਦਰਸ਼ਨ ਹੁੰਦੇ ਹਨ, ਜੋ ਸਾਰੇ ਦੁੱਖ ਨਿਦਾਨ ਕਰਨ ਵਾਲਾ ਹੈ, ਸਰਬ ਸੁੱਖਾਂ ਨਾਲ ਭਰਪੂਰ ਕਰਨ ਵਾਲਾ ਹੈ। ਪਰਮ-ਾਤਮਾ ਦੀ ਅਨੰਤ ਵਡਿਆਈ ਦੇ ਦਰਸ਼ਨ ਗੁਰੂ ਸ਼ਬਦ ਵੀਚਾਰਨ ਨਾਲ ਹੀ ਹੁੰਦੇ ਹਨ। ਜੀਵਨ ਗੁਰ ਦੇ ਹੁਕਮ ਹੇਠ ਲਿਆਉਣਾ ਪੈਂਦਾ ਹੈ। ਗੁਰੂ ਨਾਨਕ ਸਾਹਿਬ ਦੀ ਉਪਰੋਕਤ ਬਾਣੀ ਤੋਂ ਗੁਰਸਿੱਖ ਬਾਰੇ ਕਾਫੀ ਕੁਝ ਸਮਝਿਆ ਜਾ ਸਕਦਾ ਹੈ। ਗੁਰਸਿੱਖ ਉਹ ਜਿਸ ਨੇ ਪਰਮਾਤਮਾ ਨੂੰ ਆਪਣਾ ਸੁਆਮੀ ਧਾਰ ਲਿਆ ਹੈ ਤੇ ਆਪਣੇ-ਆਪ ਨੂੰ ਪਰਮ-ਾਤਮਾ ਦਾ ਸੇਵਕ ਮੰਨ ਲਿਆ ਹੈ। ਇਹ ਪਰਮਾਤਮਾ ਪ੍ਰਤੀ ਗੁਰਸਿੱਖ ਦਾ ਪੂਰਨ ਸਮਰਪਣ ਹੈ।

ਗੁਰਸਿੱਖ ਨੇ ਪਰਮਾਤਮਾ ਦੀ ਪੂਰਨ ਸਮਰੱਥਾ ਤੇ ਅਸੀਮ ਵਡਿਆਈ ਦੇ ਦਰਸ਼ਨ ਕਰਦੇ ਹੋਏ ਆਪਣਾ ਜੀਵਨ ਉਸ ਦੇ ਭਰੋਸੇ 'ਤੇ ਟਿਕਾ ਦਿੱਤਾ ਹੈ ਤੇ ਪਰਮਾਤਮਾ ਦੀ ਕਿਰਪਾ ਨਾਲ ਵਿਕਾਰਾਂ, ਮਾਇਆ ਮੋਹ ਤੋਂ ਮੁਕਤ ਹੋਣ ਵੱਲ ਤੁਰ ਪਿਆ ਹੈ। ਪਰਮਾਤਮਾ ਦੀ ਸ਼ਰਨ ਆਉਣ ਤੋਂ ਬਾਅਦ ਪ੍ਰਗਟ ਹੋਣ ਵਾਲੇ ਪ੍ਰਮਾਤਮਾ ਦੇ ਬੇਅੰਤ ਗੁਣ, ਮਨ ਅੰਦਰ ਪਰਮਾਤਮਾ ਲਈ ਗੂੜ੍ਹੇ ਪ੍ਰੇਮ ਨੂੰ ਜਨਮ ਦੇ ਰਹੇ ਹਨ। ਉਸ ਦੀ ਸੇਵਾ ਤੇ ਭਗਤੀ ਭਾਵਨਾ ਅੰਦਰ ਪ੍ਰੇਮ ਰਸ ਸਮੋ ਗਿਆ ਹੈ। ਇਹ ਵਰਤਾਰਾ ਗੁਰ ਸ਼ਬਦ ਅਨੁਸ-ਾਰ ਜੀਵਨ ਨੂੰ ਢਾਲਣ ਤੋਂ ਬਾਅਦ ਵਰਤਦਾ ਹੈ, ਕਿਉਂਕਿ ਗੁਰੂ ਹੀ ਪਰਮ-ਾਤਮਾ ਨਾਲ ਜੋੜਨ ਵਾਲਾ ਤੇ ਪਰਮਾਤਮਾ ਦੀ ਵਡਿਆਈ ਦੀ ਸਮਝ ਬਖਸ਼ਣ ਵਾਲਾ ਹੈ।ਪਰਮਾਤਮਾ ਦੀ ਪ੍ਰੀਤਿ ਮਨ ਨੂੰ ਰੰਗਣ ਵਾਲੀ ਤੇ ਪੂਰਨ ਤ੍ਰਿਪਤ ਕਰਨ ਵਾਲੀ ਹੈ।

ਜਬ ਕੀ ਰਾਮ ਰੰਗੀਲੈ ਰਾਤੀਰਾਮ ਜਪਤ ਮਨ ਧੀਰੇ॥

ਪਰਮਾਤਮਾ ਤੋਂ ਦੂਰ ਮਨੁੱਖ ਸਦਾਪਾਪ ਕਰਮ ਕਰਦਾ ਰਹਿੰਦਾ ਹੈ ਤੇ ਦੁਖ ਭੋਗਦਾ ਹੈ।

ਮਨਮੁਖ ਹੀਨ ਹੋਛੀ ਮਤਿਝੂਠੀ ਮਨਿ ਤਨਿ ਪੀਰ ਸਰੀਰੇ॥

ਪਰਮਾਤਮਾ ਨਾਲ ਪ੍ਰੇਮ ਹੀ ਮਨ ਨੂੰ ਧੀਰਜ ਦੇਣ ਵਾਲਾ ਹੈ। ਗੁਰੂ ਨਾਨਕ ਸਾਹਿਬ ਨੇ ਪਰਮਾਤਮਾ ਨਾਲ ਪ੍ਰੇਮ ਸਬੰਧ ਸਦੀਵੀ ਕਾਇਮ ਰੱਖਣ ਲਈ ਬੇਨਤੀ ਦੀ ਰਾਹ ਦੱਸੀ।

ਕਰਉ ਬਿਨਉ ਗੁਰ ਅਪਨੇ ਪ੍ਰੀਤਮਹਰਿ ਵਰੁ ਆਣਿ ਮਿਲਾਵੈ॥
ਸੁਣਿ ਘਨਘੋਰ ਸੀਤਲੁ ਮਨੁ ਮੋਰਾਲਾਲ ਰਤੀ ਗੁਣ ਗਾਵੈ॥ ੧॥
ਬਰਸੁ ਘਨਾ ਮੇਰਾ ਮਨੁ ਭੀਨਾ॥
ਅੰਮ੍ਰਿਤ ਬੂੰਦ ਸੁਹਾਨੀ ਹੀਅਰੈ ਗੁਰਿ ਮੋਹੀ ਮਨੁ ਹਰਿ ਰਸਿ ਲੀਨਾ॥ ੧॥ ਰਹਾਉ॥
(ਪੰਨਾ ੧੨੫੪)

ਨਿਮਾਣਾ ਹੋ ਕੇ ਪਰਮਾਤਮਾ ਅੱਗੇ ਅਰਦਾਸ ਕਰਨਾ ਗੁਰਸਿੱਖ ਦਾ ਸੁਭਾਅ ਹੈ। ਪਰਮਾਤਮਾ ਦਾਤਾ ਹੈ ਤੇ ਗੁਰਸਿੱਖ ਮੰਗਤਾ ਹੈ। ਭਿਖਾਰੀ ਸਦਾ ਨਿਮਾਣਾ ਹੋ ਕੇ ਹੀ ਮੰਗਦਾ ਹੈ। ਆਮ ਭਿਖਾਰੀ ਤੇ ਗੁਰਸਿੱਖ 'ਚ ਵੱਡਾ ਫਰਕ ਹੈ। ਆਮ ਭਿਖਾਰੀ ਇਹ ਵੇਖ ਕੇ ਝੋਲੀ ਅੱਡਦਾ ਹੈ ਕਿ ਕੌਣ ਉਸ ਨੂੰ ਦੇ ਸਕਦਾ ਹੈ। ਇਸ ਮੰਗਣ ਦੇ ਕੇਂਦਰ 'ਚ ਮਾਤਰ ਲੈਣ-ਦੇਣ ਹੈ।

ਗੁਰਸਿੱਖ ਦੇ ਮੰਗਣ 'ਚ ਭਾਵਨਾ ਤੇ ਵਿਸ਼ਵਾਸ ਮੁੱਖ ਹੁੰਦਾ ਹੈ। ਗੁਰਸਿੱਖ ਨੂੰ ਭਰੋਸਾ ਹੈ ਕਿ ਪਰਮਾਤਮਾ ਉਸ ਦੀ ਬੇਨਤੀ ਪ੍ਰਵਾਨ ਕਰੇਗਾ। ਗੁਰਸਿੱਖ ਦੇ ਭਰੋਸੇ 'ਚ ਪ੍ਰੇਮ ਦਾ ਰੰਗ ਵੀ ਮਿਲਿਆ ਹੋਇਆ ਹੈ ਜੋ ਉਸ ਦੇ ਵਿਸ਼ਵਾਸ ਨੂੰ ਕਦੇ ਡਿੱਗਣ ਨਹੀਂ ਦਿੰਦਾ। ਉਸ ਦੀ ਬੇਨਤੀ ਪ੍ਰੇਮਮਈ ਹੈ ਤੇ ਉਮੰਗ ਨਾਲ ਭਰੇ ਮਨ ਤੋਂ ਨਿਕਲ ਰਹੀ ਹੈ। ਗੁਰਸਿੱਖ ਦੀ ਕਾਮਨਾ ਹੈ ਕਿ ਉਸ ਦਾ ਮਨ ਪਰਮਾਤਮਾ ਦੀ ਕਿਰਪਾ ਨਾਲ ਪੂਰੀ ਤਰ੍ਹਾਂ ਭਿੱਜ ਜਾਏ। ਗੁਰਸਿੱਖ ਦੀ ਅਰਦਾਸ ਕਿਸੇ ਰਾਜ ਭਾਗ, ਦੌਲਤ, ਤਾਕਤ, ਨਿੱਜੀ ਲੋੜਾਂ ਲਈ ਨਹੀਂ ਹੈ। ਗੁਰਸਿੱਖ ਦੀ ਅਰਦਾਸ ਨਿੱਕੀ ਤੇ ਸਹਿਜ ਜਿਹੀ ਹੈ ਕਿ ਉਸ ਦਾ ਪਰਮ-ਾਤਮਾ ਨਾਲ ਮੇਲ ਹੋ ਜਾਏ। ਇਹ ਬੇਮਿਸਾਲ ਹੈ। ਸਰਬ ਸਮਰੱਥ ਪਰਮ-ਾਤਮਾ ਅੱਗੇ ਆ ਕੇ ਸਾਰੀਆਂ ਸੰਸਾਰਕ ਲਾਲਸਾਵਾਂ ਮੁੱਕ ਗਾਈਆਂ ਹਨ। ਆਪਣੀਆਂ ਲੋੜਾਂ ਦਰਕਿਨਾਰ ਹੋ ਗਈਆਂ ਹਨ। ਮਨ ਅੰਦਰ ਆਸ ਹੈ ਤਾਂ ਪਰਮਾਤਮਾ ਦੀ ਨਦਰਿ ਲਈ। ਗੁਰਸਿੱਖ ਲਈ ਪਰਮਾਤਮਾ ਤੁਲ ਕੋਈ ਨਹੀਂ।


ਤੁਝ ਤੇ ਵਡਾ ਨਾਹੀ ਕੋਇ॥

ਇਹ ਦ੍ਰਿਸ਼ਟੀ ਧਾਰਨ ਕਰਨਾ ਬਹੁਤ ਹੀ ਕਠਿਨ ਹੈ। ਸੰਸਾਰਕ ਲਾਭ ਲਈ ਮਨੁੱਖ ਕਿਸੇ ਵੀ ਅੱਗੇ ਝੁਕ ਜਾਂਦਾ ਹੈ, ਬੇਨਤੀ ਕਰਨ 'ਚ ਸੰਕੋਚ ਨਹੀਂ ਕਰਦਾ। ਜਿਸ ਪ੍ਰਾਪਤੀ ਦੀ ਗੱਲ ਗੁਰੂ ਨਾਨਕ ਦੇਵ ਜੀ ਨੇ ਕੀਤੀ, ਉਹ ਆਤਮਿਕ ਤੇ ਅਦ੍ਰਿਸ਼ ਹੈ। ਸੰਸਾਰਕ ਲਾਭ ਲੁਭਾਉਣੇ ਹਨ, ਕਿਉਂਕਿ ਵਿਖਾਈ ਦਿੰਦੇ ਹਨ ਤੇ ਹਾਸਲ ਕਰਨ 'ਚ ਜ਼ਿਆਦਾ ਸਮਾਂ ਨਹੀਂ ਲੱਗਦਾ। ਸਾਰੀ ਦੁਨੀਆ ਦਾ ਰਾਜ ਮਿਲ ਸਕਦਾ ਹੈ ਪਰ ਪਰਮਾਤਮਾ ਨਾਲ ਮੇਲ, ਪਰਮਾਤਮਾ ਦੀ ਮਿਹਰ ਲਈ ਅਲੂਣੀ ਸਿਲ ਚੱਟਨੀ ਪੈਂਦੀ ਹੈ, ਖੰਡੇ ਦੀ ਧਾਰ 'ਤੇ ਚੱਲਣਾ ਪੈਂਦਾ ਹੈ, ਵਾਲ ਤੋਂ ਵੀ ਬਾਰੀਕ ਸਮਝ ਵਿਕਸਿਤ ਕਰਨੀ ਪੈਂਦੀ ਹੈ। ਮਨ ਅੰਦਰ ਪਰਮਾਤਮਾ ਲਈ ਪ੍ਰੇਮ ਤੇ ਭਗਤੀ ਦਾ ਚਾਓ ਪੈਦਾ ਹੋਣਾ ਹੀ ਆਪਣੇ-ਆਪ 'ਚ ਵੱਡੀ ਪ੍ਰਾਪਤੀ ਹੈ, ਜੋ ਪਰਮਾਤਮਾ ਦੀ ਕਿਰਪਾ ਨਾਲ ਹੀ ਮੁਮਕਿਨ ਹੁੰਦੀ ਹੈ।

ਨਦਰਿ ਕਰੇ ਤਾ ਸਿਮਰਿਆ ਜਾਇ,
ਆਤਮਾ ਦ੍ਰਵੈ ਰਹੈ ਲਿਵ ਲਾਇ॥

ਗੁਰੂ ਨਾਨਕ ਸਾਹਿਬ ਨੇ ਵਚਨ ਕੀਤੇ ਕਿ ਗੁਰਸਿੱਖ ਦਾ ਮਨ ਸਦਾ ਪਰਮਾਤਮਾ ਦੀ ਮਿਹਰ ਲਈ ਨਿਵਿਆ ਰਹੇ, ਸਿਮਰਨ ਭਗਤੀ 'ਚ ਰਮਿਆ ਰਹੇ, ਸਚ ਦੇ ਮਾਰਗ 'ਤੇ ਚੱਲਦਾ ਰਹੇ। ਇਹੋ ਇਕ ਵਿਧੀ ਹੈ ਪਰਮਾਤਮਾ ਲਈ ਪ੍ਰੇਮ ਜਾਗ੍ਰਿਤ ਕਰਨ ਦੀ।

ਸਚਿ ਸਿਮਰਿਐ ਹੋਵੈ ਪਰਗਾਸੁ॥



ਇਸ ਕਠਿਨ ਮਾਰਗ ਨੂੰ ਸਹਿਲਾ ਬਣਾਉਣ ਲਈ ਹੀ ਗੁਰੂ ਨਾਨਕ ਸਾਹਿਬ ਨੇ ਨਿਤਨੇਮ ਤੇ ਸਿਮਰਨ ਨੂੰ ਗੁਰਸਿੱਖ ਦੇ ਜੀਵਨ ਦਾ ਅੰਗ ਬਣਾ ਦਿੱਤਾ। ਗੁਰੂ ਸਾਹਿਬ ਜਾਣਦੇ ਸਨ ਕਿ ਮਨੁੱਖ ਦਾ ਮਨ ਤਾਂ ਵਿਕਾਰਾਂ, ਭਰਮਾਂ ਤੇ ਅਗਿਆਨਤਾ ਨਾਲ ਭਰਿਆ ਹੋਇਆ ਹੈ।

ਸੁਣਿ ਮਨ ਅੰਧੇ ਕੁਤੇ ਕੂੜਿਆਰ॥

ਧਰਮ ਜਗਤ ਦਾ ਹਾਲ ਵੀ ਨਿਰਾਸ਼ ਕਰਨ ਵਾਲਾ ਸੀ।ਗੁਰੂ ਨਾਨਕ ਸਾਹਿਬ ਨੇ ਗੁਰਸਿੱਖ ਲਈ ਰਾਹ ਉਸਾਰੀ।

ਅੰਤਰਿ ਸਾਚੁ ਸਭੇ ਸੁਖ ਨਾਲਾ,
ਨਦਰਿ ਕਰੇ ਰਾਖੈ ਰਖਵਾਲਾ॥

ਕੂੜ ਨਾਲ ਭਰਿਆ ਹੋਇਆ ਜੋ ਮਨ ਮਨੁੱਖ ਦੇ ਦੁੱਖਾਂ ਦਾ ਮੂਲ ਸੀ ਗੁਰੂ ਸਾਹਿਬ ਨੇ ਉਸ ਨੂੰ ਹੀ ਨਿਸ਼ਾਨੇ 'ਤੇ ਲਿਆ। ਮਨ ਦੀ ਨਿਰਮਲਤਾ ਲਈ ਆਪ ਨੇ ਗੁਰਸਿੱਖ ਨੂੰ ਗੁਰ ਸ਼ਬਦ ਦੇ ਲੜ ਲਾਇਆ।

ਮਾਇਆ ਮੋਹੁ ਗੁਰ ਸਬਦਿ ਜਲਾਏ,
ਨਿਰਮਲ ਨਾਮੁ ਸਦ ਹਿਰਦੈ ਧਿਆਏ॥

ਨਿਤਨੇਮ ਨਾਮ ਸਿਮਰਨ ਅੰਤਰ ਦੇ ਵਿਕਾਰਾਂ ਔਗੁਣਾਂ ਦਾ ਨਾਸ਼ ਕਰ ਕਰਨ ਵਾਲਾ ਹੈ ਤੇ ਪਰਮਾਤਮਾ ਦੀ ਪ੍ਰੀਤਿ ਨੂੰ ਸਦਾ ਲਈ ਥਿਰ ਕਰਨ ਵਾਲਾ ਹੈ। ਗੁਰਸਿੱਖ ਦੀ ਭਗਤੀ ਇਸ ਕਾਰਨ ਵਿਲੱਖਣ ਹੈ। ਸੰਸਾਰ ਅੰਦਰ ਭਗਤੀ ਪਦਾਰਥਾਂ ਤੇ ਪਦਵੀਆਂ ਲਈ ਹੋ ਰਹੀ ਹੈ ਪਰ ਗੁਰਸਿੱਖ ਦੀ ਭਗਤੀ ਪਦਾਰਥਾਂ ਤੇ ਪਦਵੀਆਂ ਤੋਂ ਉਦਾਸ ਹੋਣ ਲਈ ਹੈ।

ਜਗੁ ਮੋਹਿ ਬਾਧਾ ਬਹੁਤੀ ਆਸਾ,
ਗੁਰਮਤੀ ਇਕਿ ਭਏ ਉਦਾਸਾ॥

ਗੁਰਸਿੱਖ ਦੀ ਇਕੋ ਕਾਮਨਾ ਹੈ ਪਰਮਾਤਮਾ ਦੀ ਸ਼ਰਨ ਤੇ ਮਿਹਰ ਪ੍ਰਾਪਤ ਕਰਨਾ। ਇਸ ਲਈ ਗੁਰਸਿੱਖ ਗੁਣ ਦ੍ਰਿੜ੍ਹ ਕਰਦਾ ਹੈ ਤੇ ਵਾਹਿਗੁਰੂ ਦੁਆਰਾ ਵਿਖਾਏ ਸਚ ਦੇ ਮਾਰਗ 'ਤੇ ਚੱਲਦਾ ਹੈ।

ਜਤੁ ਸਤੁ ਸੰਜਮੁ ਸਾਚੁ ਦ੍ਰਿੜਾਇਆ
ਸਾਚ ਸਬਦਿ ਰਸਿ ਲੀਣਾ॥

ਨਿਰਮਲ ਤੇ ਸੱਚੇ ਮਨ ਨਾਲ ਸਵਾਸ ਸਵਾਸ ਕੀਤੀ ਭਗਤੀ ਹੀ ਪਰਵਾਨ ਹੁੰਦੀ ਹੈ।

ਮੇਰਾ ਗੁਰੁ ਦਇਆਲੁ ਸਦਾ ਰੰਗਿ ਲੀਣਾ,
ਅਹਿਨਿਸਿ ਰਹੈ ਏਕ ਲਿਵ ਲਾਗੀ ਸਾਚੇ ਦੇਖਿ ਪਤੀਣਾ॥

ਗੁਰਸਿੱਖ ਦੀ ਪ੍ਰੇਮ ਭਗਤੀ ਤੇ ਪ੍ਰਸੰਨ ਹੋ ਪ੍ਰਮਾਤਮਾ ਮਿਹਰ ਕਰਦਾ ਹੈ ਤਾਂ ਗੁਰਸਿੱਖ ਨਿਰਾਲੀ ਅਵਸਥਾ 'ਚ ਪ੍ਰਵੇਸ਼ ਕਰ ਜਾਂਦਾ ਹੈ।

ਤ੍ਰੈ ਗੁਣ ਮੇਟੇ ਚਉਥੈ ਵਰਤੈ ਏਹਾ ਭਗਤਿ ਨਿਰਾਰੀ॥

ਸੰਸਾਰ ਅੰਦਰ ਕਿਸੇ ਵਿਚ ਤਮੋ ਗੁਣ ਪ੍ਰਬਲ ਹੋਣ ਕਾਰਨ ਉਹ ਭੋਗ ਵਿਲਾਸ 'ਚ ਪਿਆ ਹੋਇਆ ਹੈ। ਕੋਈ ਰਜੋ ਗੁਣ ਦੀ ਪ੍ਰਧਾਨਤਾ ਕਾਰਨ ਸੰਸਾਰਕ ਬਲ, ਸੱਤਾ ਪਿੱਛੇ ਨੱਸ-ਭੱਜ ਕਰ ਰਿਹਾ ਹੈ। ਕੋਈ ਸਤੋ ਗੁਣ ਮੁੱਖ ਹੋਣ ਕਾਰਨ ਆਪਣੇ ਧਰਮ ਕਰਮ ਦੇ ਹੰਕਾਰ 'ਚ ਜੀਅ ਰਿਹਾ ਹੈ। ਗੁਰੂ ਨਾਨਕ ਸਾਹਿਬ ਦਾ ਸਿੱਖ ਇਨ੍ਹਾਂ ਤਿੰਨੋ ਅਵਸਥਾਵਾਂ ਤੋਂ ਉਪਰ ਸਹਿਜ ਵਿਚ ਆ ਜਾਂਦਾ ਹੈ ਤੇ ਕਿਸੇ ਵੀ ਤਰ੍ਹਾਂ ਦੇ ਮਾਣ-ਅਪਮਾਨ, ਜਸ-ਅਪਜਸ, ਹਰਖ-ਸੋਗ ਤੋਂ ਦੂਰ ਹੋ ਜਾਂਦਾ ਹੈ। ਗੁਰਸਿੱਖ ਆਪਣੀ ਬੁਧਿ, ਸਿਆਣਪ ਤਿਆਗ ਪਰਮਾਤਮਾ ਦੇ ਹੁਕਮ ਅੰਦਰ ਜੀਉਣਾ ਸਿਖ ਜਾਂਦਾ ਹੈ।

ਜੋ ਤੁਧੁ ਭਾਵੈ ਸੋਈ ਚੰਗਾ॥

# ਨਾਨਕ ਬਾਣੀ ਵਿਚ ਵਿਗਿਆਨਕ ਸੋਚ ਦੀ ਝਲਕ

-ਡਾ. ਵਿਦਵਾਨ ਸਿੰਘ ਸੋਨੀ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੁੱਖੋਂ ਉਚਰੀ ਬਾਣੀ ਵਿਚ ਵਿਗਿਆਨਕ ਸੋਚ ਸਪਸ਼ਟ ਦਿਸਦੀ ਹੈ। ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਗਿਆਨ ਦੀ ਪੁਸਤਕ ਨਹੀਂ, ਪਰ ਇਸ ਵਿਚ ਅੰਕਿਤ ਬਹੁਤ ਸਾਰੀ ਬਾਣੀ ਵਿਚ ਥਾਂ ਥਾਂ 'ਤੇ ਵਿਗਿਆਨਕ ਸੋਚ ਦ੍ਰਿਸ਼ਟਮਾਨ ਹੁੰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚੀ ਬਾਣੀ ਪੜ੍ਹ ਕੇ ਬ੍ਰਹਿਮੰਡ ਬਾਰੇ ਉਨ੍ਹਾਂ ਦੀ ਸਮਝ ਬਾਰੇ ਪਤਾ ਲੱਗਦਾ ਹੈ। ਜਿਵੇਂ ਉਹ ਲਿਖਦੇ ਹਨ:

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥

ਇਸ ਨੂੰ ਸੁਣ ਕੇ ਸਮਝ ਆਉਂਦਾ ਹੈ ਕਿ ਕਿਵੇਂ ਉਨ੍ਹਾਂ ਦੀ ਦਿੱਬ ਦ੍ਰਿਸ਼ਟੀ ਵਿਚ ਅਣਗਿਣਤ ਧਰਤੀਆਂ ਤੇ ਆਕਾਸ਼ਾਂ ਦੀ ਸੋਝੀ ਸਮਾਈ ਹੋਈ ਸੀ। ਏਥੇ ਲੱਖ ਤੋਂ ਭਾਵ 'ਅਣਗਿਣਤ' ਹੈ। ਗੁਰੂ ਸਾਹਿਬ ਆਖਦੇ ਹਨ:

ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥

ਆਕਾਸ਼ਾਂ ਪਾਤਾਲਾਂ ਦੀ ਗਿਣਤੀ ਏਨੀ ਜ਼ਿਆਦਾ ਹੈ ਕਿ ਉਸ ਨੂੰ ਲੇਖੇ ਦੁਆਰਾ ਪ੍ਰਗਟ ਨਹੀਂ ਕੀਤਾ ਜਾ ਸਕਦਾ ਭਾਵ ਮਨੁੱਖ ਦੀਆਂ ਮਿਥੀਆਂ ਲੇਖੇ ਦੀਆਂ ਇਕਾਈਆਂ (ਲੱਖ, ਕਰੋੜ, ਅਰਬ, ਅਸੰਖ ਆਦਿ) ਇਸ ਲੇਖੇ ਨੂੰ ਪ੍ਰਗਟਾਉਣ ਵਿਚ ਅਸਮਰੱਥ ਹਨ। ਇਸ ਸ੍ਰਿਸ਼ਟੀ ਦਾ ਕੋਈ ਅੰਤ ਨਹੀਂ। ਜਿੰਨਾ ਖੋਜੋ, ਇਹ ਓਨਾ ਹੋਰ ਡੂੰਘੀ ਦਿਸਦੀ ਹੈ। ਇਸ ਸਥਿਤੀ ਦਾ ਵਿਗਿਆਨ ਨੂੰ ਹੁਣ ਅਹਿਸਾਸ ਹੋਇਆ ਹੈ। ਇਕ ਵਿਗਿਆਨਕ ਮਨ ਦੀ ਵਿਸ਼ਲੇਸ਼ਣਾਤਮਕ ਰੁਚੀ ਵੀ ਇਸ ਸੱਚ ਨੂੰ ਪਛਾਣ ਲੈਂਦੀ ਹੈ ਕਿ ਉਹ ਕਿੰਨੀ ਗਹਿਰਾਈ ਤੱਕ ਸੋਚ ਸਕਦੇ ਸਨ। ਇਹ ਤੁਕਾਂ ਵੀ ਹਨ:

ਏਹੁ ਅੰਤੁ ਨ ਜਾਣੈ ਕੋਇ॥
ਬਹੁਤਾ ਕਹੀਐ ਬਹੁਤਾ ਹੋਇ॥

ਮੈਂ ਇਸ ਦੇ ਅਰਥ ਨੂੰ ਵੀ ਸ੍ਰਿਸ਼ਟੀ ਨਾਲ ਜੋੜਦਾ ਹਾਂ ਜਿਸ ਦਾ ਅੰਤ ਕੋਈ ਨਹੀਂ ਪਾ ਸਕਦਾ। ਜਿੰਨੀ ਵੇਖ ਲਈਏ, ਓਨੀ ਹੀ ਹੋਰ ਬਚੀ ਨਜ਼ਰ ਆਉਂਦੀ ਹੈ।

ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ॥
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥

ਭਾਵ ਕਿੰਨੀਆਂ ਧਰਤੀ ਵਰਗੀਆਂ ਹੋਰ ਧਰਤੀਆਂ (ਗ੍ਰਿਹਿ) ਹਨ ਤੇ ਕਿੰਨੇ ਧਰੂ ਭਗਤ (ਧਰੂ ਵਰਗੇ ਤਾਰੇ) ਤੇ ਕਿੰਨੇ ਉਨ੍ਹਾਂ ਨੂੰ ਉਪਦੇਸ਼ ਦੇਣ ਵਾਲੇ (ਨਾਰਦ ਮੁਨੀ) ਹਨ। ਕਿੰਨੇ ਇੰਦ ਰਾਜੇ, ਕਿੰਨੇ ਚੰਦਰਮਾ, ਕਿੰਨੇ ਹੀ ਸੂਰਜ (ਤਾਰੇ) ਹਨ ਤੇ ਅਣਗਿਣਤ ਹੀ ਤਾਰਾਮੰਡਲ ਹਨ।

ਗੁਰੂ ਗ੍ਰੰਥ ਸਾਹਿਬ ਦੇ ਪੰਨਾ 1283 'ਤੇ ਵੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਵਿਚ ਬ੍ਰਹਿਮੰਡ ਦੀ ਵਿਸ਼ਾਲਤਾ ਬਾਰੇ ਕਿਹਾ ਗਿਆ ਹੈ:

ਖੰਡ ਪਤਾਲ ਅਸੰਖ ਮੈ ਗਣਤ ਨ ਹੋਈ॥

ਜਦੋਂ ਬ੍ਰਹਿਮੰਡ ਉਪਜਿਆ ਸੀ ਤਾਂ ਤਾਰਾ ਵਿਗਿਆਨੀਆਂ ਦੀ ਸੋਚ ਅਨੁਸਾਰ ਉਦੋਂ ਬ੍ਰਹਿਮੰਡ ਸੁੰਨ ਅਵਸਥਾ ਵਿਚ ਸੀ। ਸਮਾਂ ਅਜੇ ਸ਼ੁਰੂ ਨਹੀਂ ਸੀ ਹੋਇਆ ਤੇ ਪਦਾਰਥ ਇਕ ਬਿੰਦੂ-ਨੁਮਾ ਗੋਲੇ ਵਿਚ ਇਕੱਠਾ ਸੀ। ਨਾ ਧਰਤੀ ਸੀ ਤੇ ਨਾ ਹੀ ਓਦੋਂ ਅਜੇ ਦਿਨ-ਰਾਤ ਬਣੇ ਸਨ, ਕੋਈ ਚੰਨ ਨਹੀਂ ਸੀ ਤੇ ਨਾ ਹੀ ਅੱਜ ਵਾਂਗ ਕੋਈ ਸੂਰਜ ਸੀ। ਉਹ ਗੋਲਾ ਫਟਿਆ, ਗੈਸਾਂ ਦਾ ਅੰਬਾਰ ਉਪਜਿਆ ਜਿਵੇਂ ਗੁਰੂ ਜੀ ਨੇ ਲਿਖਿਆ ਹੈ:

ਅਰਬਦ ਨਰਬਦ ਧੁੰਧੂਕਾਰਾ॥
ਧਰਣਿ ਨ ਗਗਨਾ ਹੁਕਮੁ ਅਪਾਰਾ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥

ਤੇ ਇਹ ਵੀ ਲਿਖਿਆ ਹੈ:

ਖੰਡ ਪਤਾਲ ਸਪਤ ਨਹੀ ਸਾਗਰ
ਨਦੀ ਨ ਨੀਰੁ ਵਹਾਇਦਾ॥

ਪਹਿਲਾਂ ਕਿਹਾ ਜਾਂਦਾ ਸੀ ਕਿ ਧਰਤੀ ਬਲਦ ਦੇ ਸਿੰਗਾਂ ਉੱਤੇ ਟਿਕੀ ਹੋਈ ਹੈ, ਪਰ ਗੁਰੂ ਜੀ ਨੇ ਕਿਹਾ:

ਜੇ ਕੋ ਬੁਝੈ ਹੋਵੈ ਸਚਿਆਰੁ॥
ਧਵਲੈ ਉਪਰਿ ਕੇਤਾ ਭਾਰੁ॥
ਧਰਤੀ ਹੋਰੁ ਪਰੈ ਹੋਰੁ ਹੋਰੁ॥
ਤਿਸ ਤੇ ਭਾਰੁ ਤਲੈ ਕਵਣੁ ਜੋਰੁ॥

ਜੇ ਕੋਈ ਸੱਚ ਜਾਣਨਾ ਚਾਹੇ ਤਾਂ ਪਹਿਲਾਂ ਇਹ ਸਮਝੇ ਕਿ ਧਰਤੀ ਕਿੰਨੀ ਕੁ ਭਾਰੀ ਤੇ ਵਿਸ਼ਾਲ ਹੈ, ਵਿਚਾਰਾ ਬਲਦ ਇਸ ਭਾਰ ਨੂੰ ਕਿਵੇਂ ਚੁੱਕਦਾ ਹੋਵੇਗਾ? ਇਹ ਵੀ ਕੋਈ ਸੋਚੇ ਕਿ ਮੰਨ ਲਓ ਧਰਤੀ ਬਲਦ ਦੇ ਸਿੰਗਾਂ ਦੇ ਸਹਾਰੇ ਖੜ੍ਹੀ ਹੈ ਤਾਂ ਬਲਦ ਅੱਗੋਂ ਕਿਸ 'ਤੇ ਖੜ੍ਹਾ ਹੈ? ਇਸੇ ਲਈ ਉਨ੍ਹਾਂ ਇਹ ਕਹਿਣ ਤੋਂ ਪਹਿਲਾਂ ਹੀ ਦੱਸ ਦਿੱਤਾ ਕਿ ਵਾਸਤਵ ਵਿਚ:

ਧੌਲੁ ਧਰਮੁ ਦਇਆ ਕਾ ਪੂਤੁ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥

ਗੁਰੂ ਜੀ ਨੇ ਬਾਣੀ ਰਚੀ:

ਕੀਤਾ ਪਸਾਉ ਏਕੋ ਕਵਾਉ॥
ਤਿਸ ਤੇ ਹੋਏ ਲਖ ਦਰੀਆਉ॥

ਜਦੋਂ ਧਰਤੀ ਬਣ ਗਈ, ਠੰਢੀ ਹੋਈ, ਇਸ 'ਤੇ ਬੜੇ ਮੀਂਹ ਵਰ੍ਹੇ, ਵੱਡੇ ਹੜ੍ਹ ਆਏ। ਜਦੋਂ ਕੁਝ ਆਰਾਮ ਮਿਲਿਆ, ਲੱਖਾਂ ਦਰਿਆ ਵਗ ਪਏ। ਇਸ ਸ੍ਰਿਸ਼ਟੀ ਵਿਚ ਸਭ ਕੁਝ ਕਿਸੇ ਤਰਤੀਬ ਵਿਚ, ਕਿਸੇ ਹੁਕਮ ਵਿਚ (ਕੁਦਰਤ ਦੇ ਅਸੂਲਾਂ ਮੁਤਾਬਿਕ) ਚੱਲ ਰਿਹਾ ਹੈ:

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥

ਸਭ ਦੇ ਪੁੱਛਣ 'ਤੇ ਕਿ ਫਿਰ ਕਦੋਂ ਸਭ ਕੁਝ ਬਣਿਆ? ਉਨ੍ਹਾਂ ਨੇ ਆਖ਼ਰ ਇਹ



ਜਵਾਬ ਦਿੱਤਾ:

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ॥
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥
ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ॥
ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥

ਉਹ ਕਿਹੜਾ ਵੇਲਾ ਸੀ, ਕਿਹੜੀ ਤਰੀਕ ਸੀ ਤੇ ਕਿਹੜਾ ਵਾਰ ਸੀ? ਉਹ ਕਿਹੜੀ ਰੁੱਤ ਸੀ ਤੇ ਕਿਹੜਾ ਮਹੀਨਾ ਸੀ ਜਦੋਂ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਗਈ? ਉਸ ਵੇਲੇ ਦਾ ਪੰਡਤਾਂ ਜਾਂ ਕਾਜ਼ੀਆਂ ਕਿਸੇ ਨੂੰ ਨਹੀਂ ਸੀ ਪਤਾ! ਜੇ ਪਤਾ ਹੁੰਦਾ ਤਾਂ ਉਹ ਕਿਸੇ ਨਾ ਕਿਸੇ ਧਰਮ ਗ੍ਰੰਥ ਵਿਚ ਲਿਖ ਦਿੰਦੇ? ਤਿੱਥ ਤੇ ਵਾਰ, ਮਹੀਨੇ ਰੁੱਤ ਆਦਿ ਦਾ ਕਿਸੇ ਜੋਗੀ ਨੂੰ ਵੀ ਨਹੀਂ ਪਤਾ। ਸੱਚ ਇਹ ਹੈ ਕਿ ਜਿਸ ਨੇ ਸ੍ਰਿਸ਼ਟੀ ਸਾਜੀ ਹੈ, ਉਹੀ ਜਾਣਦਾ ਹੈ।ਉਨ੍ਹਾਂ ਦਾ ਇਸ਼ਾਰਾ ਭਾਵੇਂ ਪਰਮਾਤਮਾ ਵੱਲ ਹੈ, ਪਰ ਦ੍ਰਿਸ਼ਟੀਕੋਣ ਵਿਗਿਆਨਕ ਹੈ। ਤੇ ਵਿਗਿਆਨੀ ਵੀ ਅਜੇ ਤੱਕ ਭੰਬਲਭੂਸੇ ਵਿਚ ਹਨ ਕਿਉਂਕਿ ਉਨ੍ਹਾਂ ਤੋਂ ਵੀ ਸ੍ਰਿਸ਼ਟੀ ਦੇ ਆਰੰਭ ਦਾ ਮਸਲਾ ਹੱਲ ਨਹੀਂ ਹੋ ਰਿਹਾ, ਭਾਵੇਂ ਉਨ੍ਹਾਂ ਦੀ ਪ੍ਰਵਿਰਤੀ ਵੀ ਅੰਤਿਮ ਸੱਚ ਪਾਉਣ ਦੀ ਹੈ।

ਗੁਰੂ ਨਾਨਕ ਦੇਵ ਜੀ ਕਿਸੇ ਵੀ ਬਹਿਸ ਵਿਚ ਆਪਣਾ ਸੰਤੁਲਿਤ ਦ੍ਰਿਸ਼ਟੀਕੋਣ ਕਾਇਮ ਰੱਖਦੇ। ਸਰਬ ਮਾਨਵ ਏਕਤਾ ਦਾ ਸਿਧਾਂਤ ਅਪਨਾਉਣਾ ਤੇ ਸਰਬ ਧਰਮ ਏਕਤਾ ਦੀ ਗੱਲ ਕਰਨਾ ਤਾਰਕਿਕ ਦ੍ਰਿਸ਼ਟੀਕੋਣ ਅਨੁਸਾਰ ਹੀ ਹੈ। ਜਦੋਂ ਗੁਰੂ ਸਾਹਿਬ ਮੱਕੇ ਗਏ ਤਾਂ ਉਨ੍ਹਾਂ ਦੀ ਹਾਜੀਆਂ ਨਾਲ ਬਹਿਸ ਹੋਈ। ਹਾਜੀ ਕੁਰਾਨ ਖੋਲ੍ਹ ਕੇ ਪੁੱਛਣ ਲੱਗੇ ਕਿ ਹਿੰਦੂ ਚੰਗਾ ਹੁੰਦਾ ਹੈ ਜਾਂ ਮੁਸਲਮਾਨ? ਤਾਂ ਭਾਈ ਗੁਰਦਾਸ ਅਨੁਸਾਰ ਗੁਰੂ ਸਾਹਿਬ ਦਾ ਉੱਤਰ ਸੀ:

ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ॥

ਗੁਰੂ ਨਾਨਕ ਸਾਹਿਬ ਦੀ ਪਾਖੰਡਾਂ ਵਿਰੁੱਧ ਨਿਰੋਲ ਵਿਗਿਆਨਕ ਸੋਚ ਸੀ। ਜਦੋਂ ਉਹ ਹਰਿਦੁਆਰ ਗਏ ਤਾਂ ਉਨ੍ਹਾਂ ਦੇਖਿਆ ਕਿਲੋਕ ਸੂਰਜ ਵੱਲ ਮੂੰਹ ਕਰਕੇ ਆਪਣੇ ਪਿੱਤਰਾਂ ਵੱਲ ਗੰਗਾ ਜਲਸੁੱਟ ਰਹੇ ਹਨ। ਗੁਰੂ ਜੀ ਨੇ ਓਧਰ ਪਿੱਠ ਕਰਕੇ ਕਰਤਾਰਪੁਰਵੱਲ ਪਾਣੀ ਸੁੱਟਣਾ ਸ਼ੁਰੂ ਕਰ ਦਿੱਤਾ। ਹੋਰ ਲੋਕ ਪੁੱਛਣ ਲੱਗੇ ਕਿ ਇਹ ਕੀ ਕਰ ਰਹੇ ਹੋ? ਗੁਰੂ ਜੀ ਨੇ ਅੱਗੋਂ ਉਨ੍ਹਾਂ ਨੂੰ ਸਵਾਲ ਕੀਤਾ ਕਿ ਤੁਸੀਂ ਕੀ ਰਹੇ ਸੀ? ਲੋਕ ਕਹਿਣ ਲੱਗੇ ਕਿ ਅਸੀ ਆਪਣੇ ਪਿੱਤਰਾਂ ਨੂੰ ਪਾਣੀ ਦੇ ਰਹੇ ਹਾਂ। ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਮੈਂ ਕਰਤਾਰਪੁਰ ਵਿਖੇ ਆਪਣੇ ਖੇਤਾਂ ਵੱਲ ਪਾਣੀ ਸੁੱਟ ਰਿਹਾ ਹਾਂ। ਲੋਕੀ ਹੱਸ ਕੇ ਕਹਿਣ ਲੱਗੇ ਕਿ ਤੁਹਾਡਾ ਪਿੰਡ ਏਥੋਂ ਸੈਂਕੜੇ ਮੀਲ ਦੂਰ ਹੈ, ਓਥੇ ਪਾਣੀ ਕਿਵੇਂ ਪੁੱਜੇਗਾ? ਇਸ 'ਤੇ ਗੁਰੂ ਜੀ ਨੇ ਉਨ੍ਹਾਂ ਨੂੰ ਸਵਾਲ ਕੀਤਾ ਕਿ ਜੇ ਸੈਂਕੜੇ ਮੀਲਾਂ ਤੱਕ ਮੇਰਾ ਪਾਣੀ ਨਹੀਂ ਪੁੱਜ ਸਕਦਾ ਤਾਂ ਕਰੋੜਾਂ ਮੀਲ ਦੂਰ ਸੂਰਜ ਤੋਂ ਪਾਰ ਤੁਹਾਡੇ ਪਿੱਤਰਾਂ ਤੱਕ ਤੁਹਾਡਾ ਦਿੱਤਾ ਪਾਣੀ ਕਿਵੇਂ ਪੁੱਜ ਜਾਵੇਗਾ? ਲੋਕਾਂ ਨੂੰ ਗੁਰੂ ਜੀ ਦੀ ਇਹ ਗੱਲ ਸਮਝ ਆ ਗਈ।

ਗੁਰੂ ਨਾਨਕ ਦੇਵ ਜੀ ਨੇ ਇਕ ਜਗ੍ਹਾ ਰਾਸ ਲੀਲਾ ਦੇਖੀ ਤੇ ਉਸ ਵਿਚ ਵੀ ਪਾਖੰਡ ਨੂੰ ਦੇਖ ਕੇ ਉਚਰਿਆ:

ਵਾਇਨਿ ਚੇਲੇ ਨਚਨਿ ਗੁਰ॥
ਪੈਰ ਹਲਾਇਨਿ ਫੇਰਨਿ ਸਿਰ॥
ਉਡਿ ਉਡਿ ਰਾਵਾ ਝਾਟੈ ਪਾਇ॥
ਵੇਖੈ ਲੋਕੁ ਹਸੈ ਘਰਿ ਜਾਇ॥
ਰੋਟੀਆ ਕਾਰਣਿ ਪੂਰਹਿ ਤਾਲ॥
ਆਪੁ ਪਛਾੜਹਿ ਧਰਤੀ ਨਾਲਿ॥

ਭਾਵ ਇਨ੍ਹਾਂ ਲੋਕਾਂ ਦਾ ਭਗਵਾਨ ਦੀ ਭਗਤੀ ਵਿਚ ਨੱਚਣਾ ਭੁੜਕਣਾ ਮਹਿਜ਼ ਦਿਖਾਵਾ ਹੈ ਜਿਸ ਨੂੰ ਵੇਖ ਕੇ ਲੋਕ ਹੱਸਦੇ ਤੇ ਘਰਾਂ ਨੂੰ ਚਲੇ ਜਾਂਦੇ ਹਨ। ਅਸਲ ਵਿਚ ਇਹ ਰੋਟੀਆਂ ਦੀ ਇਕ ਕਮਾਈ ਦਾ ਸਾਧਨ ਹੀ ਹੈ ਕਿ ਕਿਵੇਂ ਉਹ ਝਾਟੇ ਖਿਲਾਰ ਕੇ ਸਿਰ ਮਾਰਦੇ ਹਨ ਤੇ ਪੂਰੇ ਤਾਲ ਵਿਚ ਨੱਚਦੇ ਹਨ। ਇਸ ਤਰ੍ਹਾਂ ਲੋਕਾਂ ਨੂੰ ਸਹੀ ਰਸਤੇ 'ਤੇ ਪਾਉਣ ਵਾਸਤੇ ਗੁਰੂ ਜੀ ਆਪਣੀਆਂ ਤਾਰਕਿਕ ਦਲੀਲਾਂ ਵਾਲੀ ਕਥਨੀ ਨੂੰ ਕਰਨੀ ਵਿਚ ਬਦਲਦੇ ਸਨ।ਪਾਖੰਡੀ ਲੋਕ ਗ਼ਰੀਬ ਬੰਦਿਆਂ 'ਤੇ ਜ਼ੁਲਮ ਢਾਹੁੰਦੇ ਸਨ, ਪਰ ਕਿਸੇ ਜੀਵ ਦੀ ਹੱਤਿਆ ਕਾਰਨ ਲਹੂ ਦੀਆਂ ਛਿੱਟਾਂ ਕੱਪੜਿਆਂ 'ਤੇ ਪੈ ਜਾਂਦੀਆਂ ਤਾਂ ਆਪਣੇ ਕੱਪੜੇ ਭਿੱਟੇ ਗਏ ਸਮਝਦੇ ਸਨ। ਗੁਰੂ ਨਾਨਕ ਦੇਵ ਜੀ ਦਾ ਉੱਤਰ ਸੀ:

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥

ਵਣਾਂ ਵਿਚ ਰਹਿਣ ਵਾਲੇ ਸਾਧੂਆਂ ਦੀ ਤੁਲਨਾ ਵਿਚ ਭਗਵੇਂ ਵੇਸ ਵਾਲੇ ਭੁੱਖੇ ਪਾਖੰਡੀ ਸਾਧੂਆਂ ਬਾਰੇ ਕਹਿੰਦੇ ਹਨ:

ਇਕਿ ਕੰਦ ਮੂਲੁ ਚੁਣਿ ਖਾਹਿ ਵਣ ਖੰਡਿ ਵਾਸਾ॥
ਇਕਿ ਭਗਵਾ ਵੇਸੁ ਕਰਿ ਫਿਰਹਿ ਜੋਗੀ ਸੰਨਿਆਸਾ॥
ਅੰਦਰਿ ਤ੍ਰਿਸਨਾ ਬਹੁਤੁ ਛਾਦਨ ਭੋਜਨ ਕੀ ਆਸਾ॥

ਖ਼ੁਦਾ ਦਾ ਨਾਂ ਲੈਣ ਵਾਲੇ ਅਤੇ ਫਿਰ ਕੋਝੇ ਅਮਲ ਕਰਨ ਵਾਲਿਆਂ ਨੂੰ ਕਹਿੰਦੇ ਹਨ:

ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ॥
ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ॥

ਗੁਰੂ ਨਾਨਕ ਦੇਵ ਜੀ ਕੁਦਰਤ ਦੇ ਕਵੀ ਸਨ। ਉਨ੍ਹਾਂ ਨੇ ਆਰਤੀ ਨੂੰ ਬ੍ਰਹਿਮੰਡੀ ਰੂਪ ਦੇ ਦਿੱਤਾ ਸੀ ਤੇ ਸਾਰੀ ਸ੍ਰਿਸ਼ਟੀ ਦੀ ਹੀ ਆਰਤੀ ਉਚਾਰੀ:

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥੧॥
ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ॥
ਅਨਹਤਾ ਸਬਦ ਵਾਜੰਤ ਭੇਰੀ॥

ਭਾਰਤ ਵਿਚ ਔਰਤ ਨੂੰ ਨੀਵਾਂ ਮੰਨਿਆ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਨੇ ਔਰਤ ਨੂੰ ਮਰਦ ਬਰਾਬਰ ਸਮਝਿਆ। ਉਨ੍ਹਾਂ ਨੇ ਆਪਣੀ ਤਾਰਕਿਕ ਸੋਚਣੀ ਤਹਿਤ ਕਿਹਾ:

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥


ਇਸੇ ਵਿਗਿਆਨਕ ਵਿਚਾਰਧਾਰਾ ਅਨੁਸਾਰ ਉਹ ਅਖੌਤੀ ਨੀਵੀਂਆਂ ਜਾਤਾਂ ਦੇ ਲੋਕਾਂ ਨੂੰ ਵੀ ਉੱਚੀ ਜਾਤ ਵਾਲਿਆਂ ਦੇ ਬਰਾਬਰ ਮੰਨਦੇ ਸਨ। ਕਿਸੇ ਨੂੰ ਵੀ ਨੀਚ ਕਹਿਣ ਦੇ ਹੱਕ ਵਿਚ ਨਹੀਂ ਸਨ। ਉਨ੍ਹਾਂ ਨੇ ਊਚ ਨੀਚ ਦਾ ਵਿਤਕਰਾ ਮਿਟਾਉਣ ਖ਼ਾਤਰ ਕਿਹਾ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥

ਇਉਂ ਸਾਰੀ ਗੁਰਬਾਣੀ ਵਿਚ ਵਿਗਿਆਨਕ ਸੋਚ ਸੰਮਿਲਿਤ ਹੈ ਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਅਧਿਐਨ ਵਿਗਿਆਨਕ ਸੋਚ ਦੇ ਧਾਰਨੀਆਂ ਲਈ ਪ੍ਰੇਰਨਾ ਦਾ ਸਰੋਤ ਬਣ ਸਕਦਾ ਹੈ।

## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।



- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224

# ਗੁਰੂ ਨਾਨਕ ਬਾਣੀ ਦਾ ਸੱਤਾ ਪ੍ਰਸੰਗ

-ਜਸਵੰਤ ਸਿੰਘ ਜ਼ਫ਼ਰ-

ਜੋ ਲੋਕ ਸਮਾਜ ਦੇ ਚਲਨ-ਵਿਚਰਨ, ਆਚਾਰ-ਵਿਹਾਰ, ਮੁੱਲ-ਪ੍ਰਬੰਧ ਨੂੰ ਵੱਡੇ ਪੱਧਰ 'ਤੇ ਰੂਪਾਂਤਰ ਕਰਕੇ ਪੂਰਾ ਪੈਰਾਡਾਈਮ ਤਬਦੀਲ ਕਰਨਾ ਚਾਹੁੰਦੇ ਹੋਣ ਭਾਵ ਸਮਾਜ ਦੀ ਤਾਸੀਰ ਬਦਲਣਾ ਲੋੜਦੇ ਹੋਣ, ਉਨ੍ਹਾਂ ਲਈ ਲੋਕਾਈ ਦੀਆਂ ਸਮੂਹਿਕ ਮਨੌਤਾਂ, ਰਵਾਇਤਾਂ, ਧਾਰਨਾਵਾਂ ਆਦਿ ਨੂੰ ਵਿਸਥਾਪਤ ਕਰਨਾ ਲਾਜ਼ਮੀ ਹੁੰਦਾ ਹੈ। ਮੱਧ-ਕਾਲ ਵਿਚ ਲੋਕਾਈ ਨੇ ਰਾਜੇ, ਬ੍ਰਾਹਮਣ ਅਤੇ ਦੇਵੀ-ਦੇਵਤਿਆਂ ਦੀ ਸੱਤਾ ਨੂੰ ਅਟੱਲ ਸਚਾਈ ਵਾਂਗ ਮੰਨਿਆ ਹੋਇਆ ਸੀ। ਲੋਕਾਂ ਦਾ ਵਿਸ਼ਵਾਸ ਸੀ ਕਿ ਰਾਜੇ ਨੂੰ ਰੱਬ ਜਾਂ ਦੇਵਤਿਆਂ ਵੱਲੋਂ ਲੋਕਾਂ 'ਤੇ ਰਾਜ ਕਰਨ ਦਾ ਅਧਿਕਾਰ ਪ੍ਰਾਪਤ ਹੈ, ਜਿਸ ਵਿਚ ਜ਼ੁਲਮ ਕਰਨ ਦਾ ਅਧਿਕਾਰ ਵੀ ਹੈ। ਬ੍ਰਾਹਮਣ ਨੂੰ ਉਸ ਦੀ ਜਾਤ ਕਾਰਨ ਸਮਾਜਿਕ ਚੌਧਰ ਦਾ ਅਧਿਕਾਰ ਹੈ ਅਤੇ ਲੋਕਾਂ ਦੇ ਦੁੱਖ-ਸੁੱਖ, ਅਮੀਰੀ-ਗ਼ਰੀਬੀ, ਖ਼ੁਸ਼ੀ-ਗ਼ਮੀ, ਬਿਮਾਰੀ-ਤੰਦਰੁਸਤੀ, ਤਰੱਕੀ-ਬਰਬਾਦੀ, ਔੜ-ਬਾਰਸ਼ ਆਦਿ ਸਭ ਵੱਖ-ਵੱਖ ਦੇਵੀ ਦੇਵਤਿਆਂ ਦੇ ਹੱਥ ਹਨ। ਗੁਰਮਤਿ ਨੇ ਇਨ੍ਹਾਂ ਤਿੰਨਾਂ ਭਾਵ ਰਾਜੇ, ਬ੍ਰਾਹਮਣ ਤੇ ਦੇਵੀ-ਦੇਵਤਿਆਂ ਦੀ ਸੱਤਾ ਨੂੰ ਸਾਂਝੀਵਾਲਤਾ ਦੀ ਦੁਸ਼ਮਣ ਤਸਲੀਮ ਕੀਤਾ। ਇਕ ਨਿਰੰਕਾਰ ਦੀ ਸੱਤਾ ਸਥਾਪਤ ਕਰਕੇ ਇਨ੍ਹਾਂ ਤਿੰਨਾਂ ਦੀ ਸੱਤਾ ਨੂੰ ਮਲੀਆਮੇਟ ਕਰਨ ਦਾ ਕਾਰਜ ਆਰੰਭ ਕੀਤਾ।

ਨ ਦੇਵ ਦਾਨਵਾ ਨਰਾ॥ ਨ ਸਿਧ ਸਾਧਿਕਾ ਧਰਾ॥
ਅਸਤਿ ਏਕ ਦਿਗਰਿ ਕੁਈ॥ ਏਕ ਤੁਈ ਏਕ ਤੁਈ॥ (144, ਮ. 1)
ਸਬਦੁ ਵੀਚਾਰੇ ਏਕ ਲਿਵ ਤਾਰਾ॥
ਨਾਨਕ ਧੰਨੁ ਸਵਾਰਣਹਾਰਾ॥ (412, ਮ. 1)
ਸਭੁ ਕਿਹੁ ਤੇਰੈ ਵਸਿ ਹੈ ਤੂ ਸਚਾ ਸਾਹੁ॥
ਭਗਤ ਰਤੇ ਰੰਗਿ ਏਕ ਕੈ ਪੂਰਾ ਵੇਸਾਹੁ॥ (556, ਮ. 1)
ਕਹਤਉ ਪੜਤਉ ਸੁਣਤਉ ਏਕ॥
ਧੀਰਜ ਧਰਮੁ ਧਰਣੀਧਰ ਟੇਕ॥ (686, ਮ. 1)

ਇਸ ਇੱਕ ਦੇ ਆਵਾਜ਼ੇ ਨਾਲ ਸਭ ਦੇਵੀ ਦੇਵਤਿਆਂ ਦੀ ਸੱਤਾ ਨੂੰ ਪਰਮ-ਸੱਤਾ ਵਿਚ ਵਿਲੀਨ ਕਰ ਦਿੱਤਾ। ਪਰਮ ਸੱਤਾ ਦੇ ਮੰਨੇ ਜਾਂਦੇ ਤਿੰਨ ਅੰਗਾਂ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਦੀ ਵੱਖ-ਵੱਖ ਹਸਤੀ ਤੇ ਹੋਂਦ ਨੂੰ ਨਹੀਂ ਸਵੀਕਾਰਿਆ:

ਬ੍ਰਹਮਾ ਬਿਸਨੁ ਮਹੇਸੁ ਨ ਕੋਈ॥
ਅਵਰੁ ਨ ਦੀਸੈ ਏਕੋ ਸੋਈ॥ (1035, ਮ. 1)

ਗੁਰੂ ਨਾਨਕ ਜਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਆਰੰਭ ਓਅੰਕਾਰ ਦੇ ਅੱਗੇ ਏਕਾ ਲਾ ਕੇ ਪੂਰੀ ਸ੍ਰਿਸ਼ਟੀ ਅੰਦਰ ਪ੍ਰਭੂ ਦੀ ਇਕਲੌਤੀ ਸੱਤਾ ਦੇ ਐਲਾਨ ਨਾਲ ਹੁੰਦਾ ਹੈ। ਇਹ ਇਕ ਓਅੰਕਾਰ ਨਿਰੰਕਾਰ ਹੈ, ਪਰਾ-ਭੌਤਿਕ ਹੈ, ਬੇਅੰਤ ਹੈ, ਸਭ ਦਾ ਮਾਲਕ ਹੈ, ਸਭ ਵਿਚ ਬਰਾਬਰ ਦਾ ਰਸਿਆ ਵਸਿਆ ਵੀ ਹੈ। ਇਸ ਕੇਂਦਰੀ ਸੱਤਾ ਨਾਲ ਸਭ ਦਾ ਬਰਾਬਰੀ ਵਾਲਾ ਸਬੰਧ ਹੈ। ਸਭ ਉਸ ਦੀ ਕਿਰਪਾ ਅਤੇ ਪਿਆਰ ਦੇ ਬਰਾਬਰ ਦੇ ਪਾਤਰ ਹਨ। ਉਹ ਆਪ ਨਿਰਭਉ, ਨਿਰਵੈਰ ਅਤੇ ਕਰਤਾ ਹੈ। ਉਸ ਦੇ ਸਾਰੇ ਧੀਆਂ ਪੁੱਤਰ ਵੀ ਨਿਰਭਉ, ਨਿਰਵੈਰ ਅਤੇ ਸਿਰਜਕ ਹੋਣੇ ਚਾਹੀਦੇ ਹਨ। ਕਿਸੇ ਦਾ ਕਿਸੇ ਨਾਲ ਸੱਤਾ ਪ੍ਰਾਪਤੀ ਜਾਂ ਸੱਤਾ ਦੀ ਉਚ-ਨੀਚ ਕਰਕੇ ਵੈਰ-ਵਿਰੋਧ ਨਹੀਂ ਹੋ ਸਕਦਾ ਜਾਂ ਹੋਣਾ ਚਾਹੀਦਾ:

ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥ (13, ਮ. 1)
ਏਕ ਮਹਿ ਸਰਬ ਸਰਬ ਮਹਿ ਏਕਾ ਏਹ ਸਤਿਗੁਰਿ ਦੇਖਿ ਦਿਖਾਈ॥ (907, ਮ. 1)
ਸਰਬ ਸਬਦੰ ਤ ਏਕ ਸਬਦੰ ਜੇ ਕੋ ਜਾਨਸਿ ਭੇਉ॥
ਨਾਨਕ ਤਾ ਕੋ ਦਾਸੁ ਹੈ ਸੋਈ ਨਿਰੰਜਨ ਦੇਉ॥ (1353, ਮ. 1)

ਓਅੰਕਾਰ ਨੂੰ ਪਰਮ ਸੱਤਾ ਨਹੀਂ, ਸਗੋਂ ਇਕਲੌਤੀ ਸੱਤਾ ਮੰਨਿਆ ਗਿਆ ਹੈ ਅਤੇ ਇਹ ਇਕਲੌਤੀ ਸੱਤਾ ਸਭ ਅੰਦਰ ਬਰਾਬਰ ਹੈ। ਭਾਵ ਸਭ ਅੰਦਰ ਉਸ ਦੀ ਮੌਜੂਦਗੀ ਕਾਰਨ ਸਭ ਬਰਾਬਰ ਦੇ ਸੱਤਾਵਾਨ ਹਨ। ਇਸ ਤਰ੍ਹਾਂ ਜਿੱਥੇ ਨਿਰੰਜਨ ਜਾਂ ਓਅੰਕਾਰ ਦੀ ਇਕਲੌਤੀ ਹਸਤੀ ਨਾਲ ਸੱਤਾ ਦਾ ਕੇਂਦਰੀਕਰਨ ਕੀਤਾ ਗਿਆ, ਓਥੇ ਇਸ ਦੇ ਘਟ ਘਟ ਅੰਤਰ ਸਰਬ ਨਿਰੰਤਰ ਹੋਣ ਨਾਲ ਇਸ ਸੱਤਾ ਨੂੰ ਸਭਨਾਂ ਦਰਮਿਆਨ ਬਰਾਬਰ ਵਰਤਾਅ ਕੇ ਸੱਤਾ ਦਾ ਵਿਆਪਕ ਅਤੇ ਇਕਸਾਰ ਵਿਕੇਂਦਰੀਕਰਨ ਕੀਤਾ ਗਿਆ। ਇਸ ਤਰ੍ਹਾਂ ੴ ਦੇ ਅੱਗੇ ਲੱਗਿਆ ਏਕਾ ਨਿਰੰਕਾਰ ਦੀ ਇਕਲੌਤੀ ਸੱਤਾ ਦਾ ਚਿੰਨ੍ਹ ਹੈ ਅਤੇ ਇਸ ਦੇ ਨਾਲ ਇਹ ਮਨੁੱਖੀ ਸਮਾਜ ਅੰਦਰ ਏਕਤਾ, ਇਕਸੁਰਤਾ ਤੇ ਸਾਂਝੀਵਾਲਤਾ ਦਾ ਲਖਾਇਕ ਹੈ। ਇਸ ਸਾਂਝੀਵਾਲਤਾ ਵਾਲੇ ਸਮਾਜ ਦੇ ਲੋਕ ਸੰਪੂਰਨ ਸੁਤੰਤਰ ਹਨ, ਬਰਾਬਰ ਦੇ ਸੱਤਾਵਾਨ ਹਨ, ਕਿਸੇ ਦੇ ਅਧੀਨ ਨਹੀਂ। ਗੁਰੂ ਨਾਨਕ ਨੇ ਰਾਜੇ, ਰਾਣਿਆਂ, ਖਾਨਾਂ, ਨਵਾਬਾਂ ਦੀ ਸੱਤਾ ਨੂੰ ਝੂਠੀ ਦੱਸਿਆ। ਉਨ੍ਹਾਂ ਦੇ ਹੁਕਮਾਂ-ਹਦਾਇਤਾਂ ਨੂੰ ਅਬਾ-ਤਬਾ ਕਹਿ ਕੇ ਖਿੱਲੀ ਉਡਾਈ:

ਖਾਨੁ ਮਲੂਕੁ ਕਹਾਵਉ ਰਾਜਾ॥ ਅਬੇ ਤਬੇ ਕੂੜੇ ਹੈ ਪਾਜਾ॥ (225, ਮ. 1)
ਝਾੜੈ ਰੂੜਾ ਹਰਿ ਜੀਉ ਸੋਈ॥ ਤਿਸੁ ਬਿਨੁ ਰਾਜਾ ਅਵਰੁ ਨ ਕੋਈ॥ (936, ਮ. 1)

ਸੱਤਾ ਸਿਰਫ਼ ਰਾਜਿਆਂ ਕੋਲ ਜਾਂ ਰਾਜਧਾਨੀਆਂ ਵਿਚ ਹੀ ਕੇਂਦਰਤ ਨਹੀਂ ਹੁੰਦੀ। ਪਰਿਵਾਰ ਸਮਾਜ ਦੀ ਇਕਾਈ ਹੈ ਅਤੇ ਸਾਡੇ ਪਰਿਵਾਰਾਂ ਵਿਚ ਸੱਤਾ ਆਮ ਕਰਕੇ ਪੁਰਸ਼ਾਂ ਦੇ ਹੱਥ ਹੁੰਦੀ ਹੈ। ਪਰਿਵਾਰ ਨਾਲ ਸਬੰਧਤ ਫ਼ੈਸਲੇ ਮੁੱਖ ਤੌਰ 'ਤੇ ਪੁਰਸ਼ ਕਰਦੇ ਹਨ। ਔਰਤਾਂ ਅਤੇ ਬੱਚੇ ਉਨ੍ਹਾਂ ਦੀ ਪਰਜਾ ਹੁੰਦੇ ਹਨ। ਪਰਿਵਾਰ ਦਾ ਪੁਰਸ਼ ਮੁਖੀ ਕੇਵਲ ਆਪਣੀ ਪਤਨੀ ਜਾਂ ਨੂੰਹਾਂ, ਧੀਆਂ, ਭੈਣਾਂ, ਭਰਜਾਈਆਂ ਦਾ ਹੀ ਹੁਕਮਰਾਨ ਨਹੀਂ ਹੁੰਦਾ ਸਗੋਂ ਉਸ ਦੀ ਮਾਂ ਵੀ ਸਿੱਧੇ ਜਾਂ ਅਸਿੱਧੇ ਰੂਪ ਵਿਚ ਉਸ ਦੀ ਮਰਜ਼ੀ ਦੀ ਗੁਲਾਮ ਹੁੰਦੀ ਹੈ। ਗੁਰਮਤਿ ਨੇ ਕੇਵਲ ਪਰਮਾਤਮਾ ਨੂੰ ਇਕੋ ਇਕ ਸੱਚਾ ਪੁਰਸ਼ ਕਹਿ ਕੇ ਤੇ ਸਭ ਜੀਵਾਂ ਨੂੰ ਬਰਾਬਰ ਦੀਆਂ ਇਸਤਰੀਆਂ ਆਖ ਕੇ ਸਮਾਜ ਵਿਚੋਂ ਪੁਰਸ਼ਾਂ ਦੀ ਸੱਤਾ ਨੂੰ ਮਲੀਆਮੇਟ ਕਰਨ ਦਾ ਯਤਨ ਕੀਤਾ। ਇਸ ਇਕੋ ਸੱਚੇ ਪੁਰਸ਼ ਦੀ ਪੁਰਸ਼ਈ ਸੱਤਾ ਵੀ ਸਾਰਿਆਂ ਅੰਦਰ ਬਰਾਬਰ ਵਿਦਮਾਨ ਹੈ। ਭਾਵ ਜੋ ਸੱਤਾ ਪੁਰਸ਼ ਨੂੰ ਪਰਿਵਾਰ ਜਾਂ ਸਮਾਜ ਵਿਚ ਪੁਰਸ਼ ਹੋਣ ਕਾਰਨ ਪ੍ਰਾਪਤ ਹੈ, ਉਸ ਦੀਆਂ ਇਸਤਰੀਆਂ ਵੀ ਬਰਾਬਰ ਦੀਆਂ ਹੱਕਦਾਰ ਹਨ। ਜੋ ਪਰਿਵਾਰਕ ਜਾਂ ਸਮਾਜਿਕ ਜ਼ਿੰਮੇਵਾਰੀਆਂ ਇਸਤਰੀ ਨੂੰ ਇਸਤਰੀ ਹੋਣ ਕਰਕੇ ਨਿਭਾਉਣੀਆਂ ਪੈਂਦੀਆਂ ਹਨ ਉਹ ਮਰਦ ਦੁਆਰਾ ਵੀ ਨਿਭਾਈਆਂ ਜਾਣੀਆਂ ਬਣਦੀਆਂ ਹਨ:

ਨਾਰੀ ਪੁਰਖ ਸਬਾਈ ਲੋਇ॥ (223, ਮ. 1)
ਪ੍ਰਭੁ ਦੂਰਿ ਨ ਹੋਈ ਘਟਿ ਘਟਿ ਸੋਈ
ਤਿਸ ਕੀ ਨਾਰਿ ਸਬਾਈ॥ (765, ਮ. 1)
ਠਾਕੁਰੁ ਏਕੁ ਸਬਾਈ ਨਾਰਿ॥ (933, ਮ. 1)

ਸਭ ਨੂੰ ਨਾਰੀ ਕਹਿਣ ਦਾ ਭਾਵ ਸਭ ਦੀ ਬਰਾਬਰੀ ਤੇ ਪਰਮਾਤਮਾ ਨੂੰ ਪੁਰਸ਼ ਕਹਿਣ ਦਾ ਭਾਵ ਉਸ ਦੀ ਇਕਲੌਤੀ ਸੱਤਾ ਨੂੰ ਮੰਨਣਾ ਹੈ। ਰੱਬ ਨੂੰ ਪੁਰਖ, ਪੁਰਸ਼ ਜਾਂ ਪਤੀ ਕਹਿ ਕੇ ਉਸ ਦਾ ਜੈਂਡਰ ਨਿਰਧਾਰਤ ਨਹੀਂ ਕੀਤਾ ਗਿਆ। ਉਹ ਲਿੰਗਕ ਤੌਰ 'ਤੇ ਪੁਰਸ਼ ਨਹੀਂ ਹੈ:

ਸੁੰਨ ਮੰਡਲ ਇਕੁ ਜੋਗੀ ਬੈਸੇ॥
ਨਾਰਿ ਨ ਪੁਰਖੁ ਕਹਹੁ ਕੋਊ ਕੈਸੇ॥ (685, ਮ. 1)
ਨਾਰਿ ਨ ਪੁਰਖੁ ਨ ਪੰਖਣੂ ਸਾਚਉ ਚਤੁਰੁ ਸਰੂਪੁ॥
ਜੋ ਤਿਸੁ ਭਾਵੈ ਸੋ ਥੀਐ ਤੂ ਦੀਪਕੁ ਤੂ ਧੂਪੁ॥ (1010, ਮ. 1)
ਨਾਰਿ ਪੁਰਖੁ ਨਹੀ ਜਾਤਿ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ॥ (1035, ਮ. 1)

ਪੁਰਸ਼ ਦੀ ਸੱਤਾ ਨੂੰ ਸੱਟ ਮਾਰਨ ਦਾ ਇਕ ਦੂਸਰਾ ਕੋਣ ਵੀ ਹੈ। ਪ੍ਰਚੱਲਤ ਸਮਾਜੀ ਪ੍ਰਬੰਧ ਅਨੁਸਾਰ ਪੁਰਸ਼ ਪਿਤਾ ਦੇ ਰੂਪ ਵਿਚ ਸੱਤਾਵਾਨ ਹੈ। ਬੱਚੇ ਉਸ ਦੇ ਅਧੀਨ ਹਨ। ਗੁਰਮਤਿ ਨੇ ਪੁਰਸ਼ਾਂ ਅੰਦਰਲੀ ਪਿਤਾ ਦੇ ਰੂਪ ਵਿਚ ਵਿਦਮਾਨ ਸੱਤਾ ਨੂੰ ਖੋਹ ਕੇ ਉਸ ਦਾ ਵੀ ਪਰਮਾਤਮਾ ਦੇ ਰੂਪ ਵਿਚ ਕੇਂਦਰੀਕਰਨ ਕੀਤਾ। ਪੁਰਾਣੇ ਸਮਾਜੀ ਨਿਯਮ ਮੁਤਾਬਿਕ ਮਾਤਾ-ਪਿਤਾ ਦੇ ਹੁਕਮਾਂ, ਇੱਛਾਵਾਂ ਅਤੇ ਸੁਪਨਿਆਂ ਦਾ ਪਾਲਣ ਕਰਨਾ ਬੱਚਿਆਂ ਦਾ ਫ਼ਰਜ਼ ਹੈ। ਸੰਤਾਨ ਨੇ ਪੁਰਖਿਆਂ ਦੇ ਕੰਮ-ਧੰਦੇ ਨੂੰ ਅਪਨਾਉਣ ਦੇ ਨਾਲ-ਨਾਲ ਪੁਰਖਿਆਂ ਵੱਲੋਂ ਸਥਾਪਤ ਨਿਯਮਾਂ, ਮਰਿਆਦਾਵਾਂ, ਰਿਵਾਜਾਂ ਨੂੰ ਅੱਗੋਂ ਜਾਰੀ ਰੱਖਣ ਦਾ ਕਰਤਵ ਪਾਲਣਾ ਹੁੰਦਾ ਹੈ। ਗੁਰਮਤਿ ਨੇ ਪਰਮਾਤਮਾ ਨੂੰ ਸਭ ਦਾ ਮਾਂ-ਬਾਪ ਕਹਿ ਕੇ ਸਮਾਜੀ ਰਿਵਾਜਾਂ ਤੇ ਪ੍ਰੰਪਰਾਵਾਂ ਦੀ ਜੜ੍ਹਤਾ ਨੂੰ ਤੋੜਦਿਆਂ ਸੰਤਾਨ ਨੂੰ ਆਪਣੇ ਕੰਮਾਂ, ਵਿਚਾਰਾਂ, ਵਿਹਾਰਾਂ ਤੇ ਵਿਸ਼ਵਾਸਾਂ ਨੂੰ ਨਵਿਆਉਣ ਦੀ ਸੁਤੰਤਰਤਾ ਦੇ ਕੇ ਮਾਪਿਆਂ ਦੀ ਸੱਤਾ ਖ਼ਤਮ ਕੀਤੀ ਹੈ। ਸਾਨੂੰ ਆਪਣੇ ਬੱਚਿਆਂ ਨੂੰ ਆਪਣੇ ਵਰਗੀ 'ਸਿਆਣਪ' ਦੇ ਗੁਲਾਮ ਬਣਾਉਣ ਦੀ ਥਾਂ ਖ਼ੁਦ ਉਨ੍ਹਾਂ ਵਰਗੀਆਂ ਆਜ਼ਾਦ ਸੋਚਾਂ ਨਾਲ ਜੀਵਨ ਨੂੰ ਬੇਅੰਤ ਸੰਭਾਵਨਾਵਾਂ ਨਾਲ ਜੋੜਨ ਵਾਲੇ ਬਣਨਾ ਚਾਹੀਦਾ ਹੈ। ਗੁਰੂ ਨਾਨਕ ਨੇ ਆਪਣੇ ਜੀਵਨ ਵਿਚ ਪਿੱਤਰੀ ਜਾਂ ਮਾਪਿਆਂ ਦੀ ਸੱਤਾ ਨੂੰ ਨਾ ਆਪ ਕਬੂਲਿਆ ਅਤੇ ਨਾ ਹੀ ਆਪਣੇ ਪੁੱਤਰਾਂ 'ਤੇ ਥੋਪਿਆ।

ਕਤ ਕੀ ਮਾਈ ਬਾਪੁ ਕਤ ਕੇਰਾ
ਕਿਦੂ ਥਾਵਹੁ ਹਮ ਆਏ॥
ਅਗਨਿ ਬਿੰਬ ਜਲ ਭੀਤਰਿ ਨਿਪਜੇ
ਕਾਹੇ ਕੰਮਿ ਉਪਾਏ॥ (156, ਮ. 1)

ਹੋਰ ਤਾਂ ਹੋਰ ਗੁਰੂ ਨਾਨਕ ਵੱਧ ਘੱਟ ਬੁੱਧੀ ਦੇ ਆਧਾਰ 'ਤੇ ਵੀ ਕਿਸੇ ਉਚ ਨੀਚ ਨੂੰ ਸਵੀਕਾਰ ਨਹੀਂ ਕਰਦੇ। ਭਾਵ ਉਹ ਵਰਤਮਾਨ ਸਮੇਂ ਵਿਚ 'ਸਿਆਣੇ ਲੋਕ' ਸਿਆਣਪ ਦੀ ਸੱਤਾ ਨੂੰ ਆਦਰਸ਼ ਮੰਨਦੇ ਹਨ, ਗੁਰੂ ਨਾਨਕ ਉਸ ਨੂੰ ਵੀ ਨਹੀਂ ਮੰਨਦੇ:

ਮੂਰਖੁ ਸਿਆਣਾ ਏਕੁ ਹੈ
ਏਕ ਜੋਤਿ ਦੁਇ ਨਾਉ॥ (1015, ਮ. 1)

ਸਟੇਟ 'ਤੇ ਰਾਜੇ ਦੀ, ਪਰਿਵਾਰ 'ਤੇ ਪੁਰਸ਼ ਦੀ, ਬੱਚਿਆਂ 'ਤੇ ਮਾਪਿਆਂ ਦੀ, ਭੋਲਿਆਂ 'ਤੇ ਚਤੁਰਾਂ ਦੀ, ਲੋਕ-ਮਨ 'ਤੇ ਦੇਵਤਿਆਂ ਦੀ ਸੱਤਾ ਜਾਂ ਚੌਧਰ ਵਾਂਗ ਸਮਾਜ ਉੱਤੇ ਸੱਭਿਆਚਾਰਕ ਚੌਧਰ ਅਤੇ ਸਮਾਜਿਕ ਧੌਂਸ ਬ੍ਰਾਹਮਣ ਦੀ ਮੰਨੀ ਜਾਂਦੀ ਸੀ। ਗੁਰ-ਮਤਿ ਨੇ ਬ੍ਰਾਹਮਣ ਦੀ ਸਮਾਜਿਕ ਸੱਤਾ 'ਤੇ ਬਹੁਤ ਜ਼ੋਰਦਾਰ ਹਮਲਾ ਕੀਤਾ। ਇਹ ਹਮਲਾ ਉਸ ਦੀ ਜਾਤ ਕਰਕੇ ਨਹੀਂ,ਉਸ ਕੋਲ ਸਮਾਜੀ ਸੱਤਾ ਹੋਣ ਕਰਕੇ ਕੀਤਾ ਹੈ। ਉਸ ਦੇ ਗਿਆਨ ਤੇ ਵਿੱਦਿਆ ਕਰਕੇ ਤਾਂ ਉਸ ਦਾ ਆਦਰ ਕੀਤਾ ਗਿਆ ਹੈ। ਜਨਮ ਆਧਾਰਿਤ ਜਾਤੀ ਦੀ ਥਾਂ ਸ਼ੁਭ ਗੁਣ, ਸ਼ੁਭ ਕਰਮ ਅਤੇ ਸ਼ੁਭ ਵਿਚਾਰ ਆਧਾਰਿਤ ਜਾਤੀ ਨਿਰਧਾਰਨ ਦੀ ਵਕਾਲਤ ਕਰ ਕੇ ਅਸਲ ਬ੍ਰਾਹਮਣ ਨੂੰ ਪੁਨਰ-ਪਰਿਭਾਸ਼ਤ ਕੀਤਾ ਗਿਆ। ਬ੍ਰਾਹਮਣ ਹੋਣ ਦਾ ਮਤਲਬ ਸਮਾਜਿਕ ਚੌਧਰ, ਧੌਂਸ ਜਾਂ ਸੋਸ਼ਣ ਦੀ ਬਜਾਏ ਵਿੱਦਿਆ, ਗਿਆਨ, ਸਰਬ ਕਲਿਆਣਕਾਰੀ ਸਿਆਣਪ ਜਾਂ ਅਧਿਆਪਨ ਨਾਲ ਜੋੜਿਆ:

ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ॥
ਆਪਿ ਤਰੈ ਸਗਲੇ ਕੁਲ ਤਾਰੈ॥ (662, ਮ.1)


ਜਿੱਥੇ ਜਾਤ ਪਾਤ ਪ੍ਰਬੰਧ ਕਾਰਨ ਭੇਦ-ਭਾਵ ਨੂੰ ਖ਼ਤਮ ਕਰਨ ਲਈ ਇਸ ਪ੍ਰਬੰਧ ਦੇ ਸਿਖਰਲੇ ਡੰਡੇ ਉੱਤੇ ਬੈਠੇ ਬ੍ਰਾਹਮਣ ਦੀ ਸੱਤਾ ਨੂੰ ਸਿੱਧੀ ਚੁਣੌਤੀ ਦੇਣਾ ਕਾਫ਼ੀ ਨਹੀਂ ਸਮਝਿਆ ਗਿਆ ਸਗੋਂ ਵੱਖ ਵੱਖ ਜਾਤਾਂ ਨਾਲ ਜੋੜੀ ਹੋਈ ਉਚ-ਨੀਚ ਦੀ ਭਾਵਨਾ ਬਹੁਤ ਵੱਡਾ ਸਮਾਜਿਕ ਵਿਕਾਰ ਜਾਂ ਵਿਗਾੜ ਮੰਨਿਆ ਗਿਆ। ਜਾਤ ਪ੍ਰਬੰਧ ਦੀ ਖੜ੍ਹੇ ਰੁਖ਼ ਪਈ ਪੌੜੀ ਨੂੰ ਲੇਟਵੇਂ ਰੁਖ਼ ਕਰਨ ਨੂੰ ਕਿਹਾ ਗਿਆ। ਜਾਤ-ਪਾਤ ਨਾਲ ਜੁੜੀ ਉਸ ਸਮਝ ਨੂੰ ਨਕਾਰਿਆ ਗਿਆ ਜੋ ਸਮਾਜ ਵਿੱਚ ਬਰਾਬਰੀ ਅਤੇ ਸਾਂਝੀਵਾਲਤਾ ਦੇ ਭਾਵ ਦੇ ਪ੍ਰਵਾਹ ਵਿਚ ਅੜਿੱਕਾ ਬਣਦੀ ਹੈ। ਕਦੀ ਵਿਦਿਆ ਅਤੇ ਗਿਆਨ ਪ੍ਰਾਪਤੀ ਦਾ ਅਧਿਕਾਰ ਸਿਰਫ਼ ਬ੍ਰਾਹਮਣ ਨੂੰ ਸੀ। ਪਰ ਸਾਂਝੀਵਾਲਤਾ ਤੇ ਬਰਾਬਰੀ ਆਧਾਰਿਤ ਸਮਾਜ ਦੀ ਸਿਰ-ਜਨਾ ਲਈ ਸਭ ਵਰਗਾਂ, ਜਾਤਾਂ, ਜਮਾਤਾਂ ਦੇ ਲੋਕਾਂ ਨੂੰ ਵਿੱਦਿਆ ਦਾ ਬਰਾਬਰ ਅਧਿਕਾਰ ਤੇ ਅਵਸਰ ਮਿਲਣਾ ਚਾਹੀਦਾ ਹੈ, ਹਰ ਬੰਦੇ ਦਾ ਗਿਆਨਵਾਨ ਹੋਣਾ ਜ਼ਰੂਰੀ ਹੈ। ਮਾਨਵੀ ਜੀਵਨ ਦੀ ਸੱਚੀ ਸਫ਼ਲਤਾ ਅਤੇ ਵਿਕਾਸ ਲਈ ਵਿਦਿਆ ਵਪਾਰ ਦੇ ਤਹਿਤ ਵੇਚਣ ਖਰੀਦਣ ਵਾਲਾ ਧੰਦਾ ਨਹੀਂ ਹੋਣੀ ਚਾਹੀਦੀ:

ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ॥
ਬਿਦਿਆ ਸੋਧੈ ਤਤੁ ਲਹੈ ਰਾਮ ਨਾਮ ਲਿਵ ਲਾਇ॥
ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ॥
ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ॥ (938, ਮ. 1)

ਗਿਆਨ ਵਿਹੂਣੀ ਖਲਕਤ ਅੰਨ੍ਹਿਆਂ ਦੇ ਹਜੂਮ ਵਾਂਗ ਹੁੰਦੀ ਹੈ। ਅਗਿਆਨਤਾ ਦਾ ਪਸਾਰਾ ਹੋਵੇ ਤਾਂ ਲੋਕਾਈ ਅੰਦਰ ਜੀਵਨ ਤਰੰਗ ਨਹੀਂ ਹੁੰਦੀ। ਲੋਕਾਂ ਲਈ ਗੀਤ, ਸੰਗੀਤ, ਸ਼ਿੰਗਾਰ ਅਤੇ ਹੋਰ ਕਲਾਵਾਂ ਨਿਰਾਰਥਕ ਹੋ ਜਾਂਦੀਆਂ ਹਨ। ਜੀਵਨ ਲਿਸ਼ਕਾਉਣ ਵਾਲੇ ਸੁੰਦਰਤਾ, ਬਹਾਦਰੀ ਅਤੇ ਚੜ੍ਹਦੀ ਕਲਾ ਵਰਗੇ ਮੂਲ ਤੱਤ ਅਲੋਪ ਹੋ ਜਾਂਦੇ ਹਨ। ਥੋੜ੍ਹੇ ਜਿਹੇ ਚਤੁਰ ਲੋਕ ਆਪਣੀਆਂ ਚਲਾਕੀਆਂ ਨਾਲ ਲੋਕਾਂ ਨੂੰ ਬੁੱਧੂ ਬਣਾ ਕੇ ਉਨ੍ਹਾਂ ਦਾ ਸ਼ੋਸ਼ਣ ਕਰਕੇ ਧਨ ਇਕੱਠਾ ਕਰਨ ਦੇ ਆਹਰ ਵਿਚ ਲੱਗ ਜਾਂਦੇ ਹਨ:

ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥
ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ॥
ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ॥
ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ॥ (469, ਮ. 1)

ਵਿਦਿਆ ਅਤੇ ਗਿਆਨ ਦੇ ਪਸਾਰ ਦੀਆਂ ਦੋ ਵਿਧੀਆਂ ਹਨ: ਮੌਖਿਕ ਅਤੇ ਲਿਖਤ। ਵੱਖ ਵੱਖ ਸਵਰਾਂ ਦੇ ਮੇਲ ਨਾਲ ਸ਼ਬਦ ਬਣਦਾ ਹੈ ਅਤੇ ਵੱਖ ਵੱਖ ਸਵਰਾਂ ਦੀ ਗ੍ਰਾਫਿਕ ਪੇਸ਼ਕਾਰੀ ਨੂੰ ਅੱਖਰ ਕਹਿੰਦੇ ਹਾਂ। ਗੁਰੂ ਨਾਨਕ ਨੇ ਜਪੁ ਬਾਣੀ ਵਿਚ ਅੱਖਰਾਂ ਦੀ ਬਹੁਤ ਮਹਿਮਾ ਕੀਤੀ ਹੈ। ਗੁਰਬਾਣੀ ਵਿਚ ਇਕੋ ਉਚਾਰਨ ਵਾਲੇ ਸ਼ਬਦਾਂ ਦੇ ਵੱਖਰੇ ਵੱਖਰੇ ਅੱਖਰ ਜੋੜ ਮਿਲਦੇ ਹਨ, ਜਿਵੇਂ ਸਚ, ਸਚੁ, ਸਚਿ। ਇਨ੍ਹਾਂ ਦਾ ਉਚਾਰਨ ਇਕ ਹੈ, ਅਰਥ ਜਾਂ ਭਾਵ ਵੱਖਰਾ ਵੱਖਰਾ ਹੈ। ਇਨ੍ਹਾਂ ਤਿੰਨਾਂ ਨੂੰ ਪਾਠੀ ਜਾਂ ਗਵੱਈਏ ਮੂੰਹੋਂ ਸੁਣਨ ਨਾਲ ਇਕ ਉਚਾਰਨ 'ਸੱਚ' ਹੀ ਸੁਣੇਗਾ, ਸਹੀ ਭਾਵ ਦਾ ਸੰਚਾਰ ਆਪ ਪੜ੍ਹਨ ਨਾਲ ਹੀ ਹੋਵੇਗਾ। ਇਸ ਲਈ ਪਾਠੀ ਮੂੰਹੋਂ ਗੁਰਬਾਣੀ ਸੁਣਨ ਨਾਲ ਨਹੀਂ, ਆਪ ਪੜ੍ਹਨ ਤੇ ਵਿਚਾਰਨ ਨਾਲ ਗੱਲ ਬਣਨੀ ਹੈ। ਗੁਰਮਤਿ ਦਰਸ਼ਨ ਦੀ ਸਮਝ ਤੇ ਪਾਸਾਰ ਦੇ ਨਜ਼ਰੀਏ ਤੋਂ ਗੁਰੂ ਨਾਨਕ ਵੱਲੋਂ ਲਿਖੇ ਅੱਖਰ ਕਿਰਾਏ ਦੇ ਪਾਠੀ ਤੇ ਮੁੱਲ ਦੇ ਪਾਠ ਦੇ ਹਾਮੀ ਨਹੀਂ। ਪਰ ਸਾਡਾ ਲਗਪਗ ਹਰ ਛੋਟਾ ਵੱਡਾ ਪਾਠੀ ਸੰਗਤ ਦਾ ਹਿੱਸਾ ਹੋਣ ਦੀ ਬਜਾਏ ਖ਼ੁਦ ਨੂੰ ਛੋਟਾ ਵੱਡਾ ਸੱਤਾਵਾਨ ਸਮਝਦਾ ਦੇਖਿਆ ਜਾ ਸਕਦਾ ਹੈ। ਪਾਠੀ ਤਰੱਕੀ ਪਾ ਕੇ ਵੱਡੀਆਂ ਧਾਰਮਿਕ ਸੰਸਥਾਵਾਂ 'ਤੇ ਸੱਤਾਵਾਨਾਂ ਵਜੋਂ ਸਥਾਪਤ ਹੁੰਦੇ ਹਨ। ਗੁਰੂ ਨਾਨਕ ਤਾਂ ਆਪਣੀ ਰਚਨਾ ਅਤੇ ਉਸ ਦੇ ਪਾਠਕ (ਗੁਰੂ ਅਤੇ ਸਿੱਖ) ਦੇ ਸਿੱਧੇ ਸਬੰਧ ਦੀ ਬਜਾਏ ਪਾਠੀ ਦੀ ਹੋਂਦ ਲਈ ਹਾਮੀ ਨਹੀਂ ਭਰਦੇ, ਪਾਠੀਆਂ ਤੋਂ ਬਣਨ ਵਾਲੇ ਧਾਰਮਿਕ ਸੱਤਾਵਾਨਾਂ ਨੂੰ ਗੁਰੂ ਨਾਨਕ ਨੇ ਮਾਨਤਾ ਕਿੱਥੋਂ ਦੇਣੀ ਹੋਈ?






# ਮੁਸਲਿਮ ਔਰਤਾਂ ਨੂੰ ਮਸਜਿਦਾਂ ਵਿੱਚ ਦਾਖਲੇ ਦੀ ਆਸ ਵੀ ਬੱਝੀ

ਵਿਪਲ ਵਧਾਵਨ, ਐਡਵੋਕੇਟ
ਸੁਪਰੀਮ ਕੋਰਟ


ਭਾਰਤ ਦੀ ਸੁਪਰੀਮ ਕੋਰਟ ਨੇ ਰਾਮ ਜਨਮ ਭੂਮੀ ਕੇਸ ਦਾ ਫੈਸਲਾ ਸੁਣਾ ਕੇ ਕੀਰਬ ਛੇ ਦਹਾਕਿਆਂ ਤੋਂ ਵੱਧ ਚੱਲਣ ਵਾਲੀ ਇੱਕ ਸਮਾਜਕ ਸਮੱਸਿਆ ਦਾ ਮੁਕੰਮਲ ਹੱਲ ਕਰ ਕੇ ਦਿੱਤਾ ਹੈ। ਇਸ ਫੈਸਲੇ ਨੇ ਇਹ ਸਿੱਧ ਕੀਤਾ ਹੈ ਕਿ ਭਾਰਤ ਦੀ ਸਿਆਸੀ ਵਿਵਸਥਾ ਲੰਮੇ ਸਮੇਂ ਤੋਂ ਇਸ ਸਮੱਸਿਆ ਦਾ ਹੱਲ ਕੱਢਣ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀ ਸੀ। ਸਾਲ 1947 ਵਿੱਚ ਭਾਰਤ ਦੇ ਆਜ਼ਾਦ ਹੋਣ ਤੋਂ ਪਹਿਲਾਂ ਅਨੇਕਾਂ ਸ਼ਤਾਬਦੀਆਂ ਗੁਲਾਮੀ 'ਚ ਬੀਤੀਆਂ ਸਨ। ਪਹਿਲਾਂ ਮੁਗਲ ਰਾਜਿਆਂ ਦੀ ਗੁਲਾਮੀ ਅਤੇ ਫਿਰ ਦੇ ਦੋ ਸੌ ਸਾਲ ਬ੍ਰਿਟਿਸ਼ ਸ਼ਾਸਕਾਂ ਦੀ ਗੁਲਾਮੀ ਪਿੱਛੋਂ ਆਜ਼ਾਦ ਭਾਰਤ ਨੂੰ ਕਮਜ਼ੋਰ ਲੀਡਰਸ਼ਿਪ ਹਾਸਲ ਹੋਈ ਸਮਝੀ ਜਾਂਦੀ ਸੀ। ਆਜ਼ਾਦੀ ਤੋਂ ਬਾਅਦ ਭਾਰਤੀ ਸੰਵਿਧਾਨ ਦੇ ਰੂਪ ਵਿੱਚ ਇੱਕ ਸੁੰਦਰ ਜਮਹੂਰੀ ਰਾਜ ਲਈ ਮਾਰਗ ਸਾਫ ਕੀਤਾ ਗਿਆ, ਜਿਸ ਵਿੱਚ ਇੱਕ ਤੋਂ ਬਾਅਦ ਇੱਕ ਸਰਕਾਰਾਂ ਨੂੰ ਚੁਣਨ ਤੇ ਬਦਲਣ ਲਈ ਵੋਟ ਪਾਉਣ ਦਾ ਅਧਿਕਾਰ ਨਾਗਰਿਕਾਂ ਨੂੰ ਮਿਲਿਆ ਅਤੇ ਨਾਲ ਨਾਗਰਿਕਾਂ ਨੂੰ ਅਨੇਕਾਂ ਮੁੱਢਲੇ ਅਧਿਕਾਰ ਵੀ ਹਾਸਲ ਹੋਏ, ਪਰ ਅਜਿਹੀ ਸੰਵਿਧਾਨਕ ਵਿਵਸਥਾ ਦੇ ਬਾਵਜੂਦ ਭਾਰਤੀ ਲੋਕਤੰਤਰ ਦੀ ਲੀਡਰਸ਼ਿਪ ਇੱਕ ਰਾਮ ਜਨਮ ਭੂਮੀ ਨਹੀਂ, ਕਈ ਸਮਾਜਕ ਸਮੱਸਿਆਵਾਂ ਦੇ ਸਿਆਸੀ ਹੱਲ ਵਿੱਚ ਅਸਫਲ ਰਹੀ। ਇਸ ਦਾ ਸਾਫ ਕਾਰਨ ਦਿੱਸਦਾ ਹੈ ਕਿ ਨੇਤਾ ਤੇ ਉਨ੍ਹਾਂ ਦੇ ਦਲ ਆਪੋ-ਆਪਣੀ ਸੌਖ ਅਨੁਸਾਰ ਵੋਟ ਬੈਂਕ ਬਣਾ ਕੇ ਲੋਕਤੰਤਰ ਦੀ ਖੇਡ ਖੇਡਦੇ ਸਨ। ਇਸ ਲਈ ਕਈ ਸਮਾਜੀ ਸਮੱਸਿਆਵਾਂ ਦਾ ਹੱਲ ਲੱਭਦੇ ਭਾਰਤੀ ਨਾਗਰਿਕਾਂ ਨੂੰ ਰਾਜਾਂ ਦੀਆਂ ਉਚ ਅਦਾਲਤਾਂ ਜਾਂ ਭਾਰਤ ਦੀ ਸਰਬ ਉਚ ਅਦਾਲਤ ਦੇ ਦਰ ਖੜਕਾਉਣੇ ਪਏ ਸਨ।

ਭਾਰਤ ਦੀ ਸੁਪਰੀਮ ਕੋਰਟ ਦੀ ਮਹਾਨ ਦਿੱਖ ਬਣਾਉਣ ਪਿੱਛੇ ਭਾਰਤੀ ਲੋਕਤੰਤਰ ਦਾ ਖੋਖਲਾਪਣ ਇੱਕ ਮੁੱਖ ਕਾਰਨ ਹੈ। ਤਾਮਿਲ ਨਾਡੂ ਦੇ ਨੇਤਾ ਆਪੋ ਆਪਣੇ ਵੋਟ ਬੈਂਕ ਦਾ ਨੁਕਸਾਨ ਨਾ ਕਰਨ ਤੋਂ ਪ੍ਰੇਰਤ ਹੋਣ ਦੇ ਕਾਰਨ ਪਸ਼ੂਆਂ 'ਤੇ ਜ਼ੁਲਮਾਂ ਦੀ ਰੋਕਥਾਮ ਵਰਗੇ ਕਾਨੂੰਨ ਦਾ ਸਹਾਰਾ ਲੈ ਕੇ ਜੱਲੀਕੱਟੂ ਵਰਗੀਆਂ ਸਮਾਜਕ ਬੁਰਾਈਆਂ ਨੂੰ ਰੋਕਣ ਤੋਂ ਅਸਫਲ ਰਹੇ ਹਨ ਤਾਂ ਸੁਪਰੀਮ ਕੋਰਟ ਨੂੰ ਉਸ ਸਮਾਜਕ ਬੁਰਾਈ ਵਿਰੁੱਧ ਫੈਸਲਾ ਦੇਣਾ ਪੈਂਦਾ ਹੈ। ਸਬਰੀਮਾਲਾ ਮੰਦਰ ਵਿੱਚ 10 ਸਾਲ ਤੋਂ ਲੈ ਕੇ 50 ਸਾਲ ਤੱਕ ਦੀਆਂ ਔਰਤਾਂ ਦੇ ਦਾਖਲੇ ਉੱਤੇ ਪਾਬੰਦੀ ਵਜੋਂ ਚੱਲਦੀ ਸਮਾਜਕ ਬੁਰਾਈ ਨੂੰ ਖਤਮ ਕਰਨ ਵਿੱਚ ਕੇਰਲ ਦੇ ਨੇਤਾ ਅਸਫਲ ਰਹੇ ਤਾਂ ਸੁਪਰੀਮ ਕੋਰਟ ਨੂੰ ਇਹ ਬੁਰਾਈ ਖਤਮ ਕਰਨ ਦਾ ਫੈਸਲਾ ਦੇਣਾ ਪੈਂਦਾ ਹੈ। ਕਿਸੇ ਪਰਵਾਰ ਦੀ ਨੌਜਵਾਨ ਲੜਕੀ ਆਪਣੀ ਪਸੰਦ ਦੇ ਕਿਸੇ ਅਜਿਹੇ ਲੜਕੇ ਨਾਲ ਵਿਆਹ ਕਰ ਲਵੇ, ਜੋ ਉਸ ਦੇ ਪਰਵਾਰ ਦੀਆਂ ਪ੍ਰੰਪਰਾਵਾਂ ਨਾਲ ਸੰਬੰਧਤ ਨਹੀਂ ਤਾਂ ਪਰਵਾਰ ਦੇ ਸਨਮਾਨ ਦੇ ਨਾਂਅ 'ਤੇ ਉਸ ਕੁੜੀ ਦੀ ਹੱਤਿਆ ਕਰ ਦਿੱਤੀ ਜਾਂਦੀ ਹੈ ਤੇ ਇਸ ਕਤਲ ਨੂੰ ਬੇਸ਼ਰਮੀ ਨਾਲ 'ਸਨਮਾਨ ਹੱਤਿਆ' ਕਿਹਾ ਜਾਂਦਾ ਹੈ। ਨੇਤਾਵਾਂ ਦੇ ਨਾਲ ਪੁਲਸ ਅਤੇ ਪ੍ਰਸ਼ਾਸਨ ਵੀ ਜਦੋਂ ਅਜਿਹੀਆਂ ਪ੍ਰਵਿਰਤੀਆਂ ਨੂੰ ਰੋਕ ਨਹੀਂ ਸਕਦਾ, ਸਰਕਾਰਾਂ ਜਨਤਾ ਨੂੰ ਇਹ ਨਹੀਂ ਸਮਝਾ ਸਕਦੀਆਂ ਕਿ ਇਹ ਹਰਕਤਾਂ ਸਨਮਾਨ ਦੀ ਹੱਤਿਆ ਨਹੀਂ, ਦੇਸ਼ ਦੀ ਨਾਰੀ ਜਾਤੀ ਦੀ 'ਅਪਮਾਨ ਹੱਤਿਆ' ਹੈ ਤਾਂ ਸੁਪਰੀਮ ਕੋਰਟ ਨੂੰ ਆਪਣੇ ਫੈਸਲੇ ਨਾਲ ਅਜਿਹੀਆਂ ਪ੍ਰਵਿਰਤੀਆਂ ਨੂੰ ਰੋਕਣ ਲਈ ਸਖਤ ਸੰਦੇਸ਼ ਜਾਰੀ ਕਰਨੇ ਪੈਂਦੇ ਹਨ। 'ਤਿੰਨ ਤਲਾਕ' ਵਰਗੀ ਅਣਮਨੁੱਖੀ ਸਮਾਜੀ ਬੁਰਾਈ ਉੱਤੇ ਵੀ ਭਾਰਤ ਦਾ ਲੋਕਤੰਤਰ ਖੁਦ ਹਿੰਮਤ ਕਰ ਕੇ ਕੋਈ ਫੈਸਲਾ ਨਹੀਂ ਲੈ ਸਕਿਆ ਤਾਂ ਸੁਪਰੀਮ ਕੋਰਟ ਦੇ ਫੈਸਲੇ ਦਾ ਸਹਾਰਾ ਲੈ ਕੇ ਨਰਿੰਦਰ ਮੋਦੀ ਵਰਗੇ ਪ੍ਰਧਾਨ ਮੰਤਰੀ ਨੇ ਪਾਰਲੀਮੈਂਟ ਵਿੱਚ ਇਸ ਬੁਰਾਈ ਨੂੰ ਖਤਮ ਕਰਨ ਦਾ ਬਾਕਾਇਦਾ ਇੱਕ ਕਾਨੂੰਨ ਬਣਾ ਦਿੱਤਾ। ਖਾਪ ਪੰਚਾਇਤਾਂ ਹੋਣ ਜਾਂ ਮੁਸਲਿਮ ਮੌਲਵੀਆਂ ਦੇ ਫਤਵੇ, ਜਦੋਂ ਨੇਤਾਵਾਂ ਦੇ ਅਧੀਨ ਚੱਲ ਰਿਹਾ ਪੁਲਸ ਤੇ ਪ੍ਰਸ਼ਾਸਨ ਕਿਸੇ ਸਮਾਜਕ ਬੁਰਾਈ ਨੂੰ ਖਤਮ ਕਰਨ ਤੋਂ ਪਹਿਲਾਂ ਉਨ੍ਹਾਂ ਨੇਤਾਵਾਂ ਦੇ ਇਸ਼ਾਰਿਆਂ ਨੂੰ ਮਹੱਤਵ ਦਿੰਦਾ ਹੈ, ਜਿਨ੍ਹਾਂ ਨੂੰ ਸਮਾਜਕ ਬੁਰਾਈਆਂ 'ਤੇ ਚੋਟ ਕਰਦੇ ਹੋਏ ਆਪਣਾ ਵੋਟ ਬੈਂਕ ਖਿਸਕਦਾ ਦਿਖਾਈ ਦਿੰਦਾ ਹੈ ਤਾਂ ਵਾਰ ਵਾਰ ਸੁਪਰੀਮ ਕੋਰਟ ਨੂੰ ਜਨਹਿਤ ਪਟੀਸ਼ਨਾਂ ਰਾਹੀਂ ਅੰਗੜਾਈ ਲੈਣੀ ਪੈਂਦੀ ਹੈ।

ਭਾਰਤ ਦੀ ਸੁਪਰੀਮ ਕੋਰਟ ਨੇ ਪਿਛਲੇ 70 ਸਾਲਾਂ ਦੀ ਨਿਆਂ ਯਾਤਰਾ ਵਿੱਚ ਇਹ ਸਿੱਧ ਕਰ ਕੇ ਦਿਖਾਇਆ ਹੈ ਕਿ ਭਾਰਤ ਦਾ ਲੋਕਤੰਤਰ ਆਪਣੇ ਆਪ ਸਿਰਫ ਨੇਤਾਵਾਂ ਦੇ ਮੋਢਿਆਂ 'ਤੇ ਨਹੀਂ ਚੱਲ ਸਕਦਾ। ਇਸ ਤਰ੍ਹਾਂ ਭਾਰਤੀ ਲੋਕਤੰਤਰ ਨੂੰ ਇੱਕ ਨਿਆਇਕ ਲੋਕਤੰਤਰ ਦਾ ਰੂਪ ਦੇਣ ਲਈ ਸੁਪਰੀਮ ਕੋਰਟ ਦੇ ਅੱਜ ਤੱਕ ਦੇ ਸਾਰੇ ਜੱਜਾਂ ਦਾ ਜਿੰਨਾ ਵੀ ਧੰਨਵਾਦ ਕੀਤਾ ਜਾਵੇ, ਘੱਟ ਹੈ। ਭਾਰਤ ਦਾ ਲੰਗੜਾ ਲੋਕਤੰਤਰ ਸੁਪਰੀਮ ਕੋਰਟ ਨਾਂਅ ਦੀਆਂ ਬੈਸਾਖੀਆਂ ਨਾਲ ਚੱਲ ਰਿਹਾ ਹੈ। ਇਹ ਬੁਰੀ ਵਿਵਸਥਾ ਨਹੀਂ, ਪਰ ਚੰਗਾ ਇਹ ਹੁੰਦਾ ਕਿ ਲੋਕਤੰਤਰ ਹਰ ਕਿਸਮ ਦੇ ਸਖਤ ਫੈਸਲੇ ਆਪ ਲੈਂਦਾ, ਪਰ ਇਸ ਨੂੰ ਚਲਾਉਣ ਵਾਲੇ ਨੇਤਾਵਾਂ ਦੇ ਮੋਢੇ ਕਮਜ਼ੋਰ ਸਨ। ਸਾਡੇ ਗੁਆਂਢੀ ਦੇਸ਼ ਪਾਕਿਸਤਾਨ ਦੀ ਇਸ ਤੋਂ ਵੀ ਬੁਰੀ ਹਾਲਤ ਹੈ। ਉਸ ਦਾ ਲੰਗੜਾ ਲੋਕਤੰਤਰ ਜ਼ਾਲਮ ਮਿਲਟਰੀ ਵਰਗੀ ਸੰਸਥਾ ਦੇ ਸਹਾਰੇ ਚੱਲਦਾ ਹੈ। ਇਸੇ ਲਈ ਓਥੇ ਲੋਕਤੰਤਰ ਪੂਰੀ ਤਰ੍ਹਾਂ ਮਰ ਚੁੱਕਾ ਹੈ। ਪਾਕਿਸਤਾਨ ਦਾ ਲੋਕਤੰਤਰ ਅਸਲ ਵਿੱਚ ਦਹਿਸ਼ਤਪਸੰਦੀ ਦਾ ਲੋਕਤੰਤਰ ਹੈ।

ਭਾਰਤੀ ਲੋਕਤੰਰ ਵਿੱਚ ਖੁਦ ਲੋਕਤੰਤਰ ਨਾਲ ਸੰਬੰਧਤ ਕਈ ਵਿਸ਼ੇ ਅਜਿਹੇ ਹਨ, ਜਿਨ੍ਹਾਂ 'ਤੇ ਨੇਤਾ ਸਖਤ ਫੈਸਲੇ ਲੈਣ ਦੀ ਸਥਿਤੀ ਵਿੱਚ ਨਹੀਂ। ਇਥੋਂ ਤੱਕ ਕਿ ਭਾਰਤੀ ਲੋਕਤੰਤਰ ਦੀ ਅਗਵਾਈ ਅਪਰਾਧੀ ਤੱਤਾਂ ਨੂੰ ਨਾ ਸੌਂਪਣ ਬਾਰੇ ਵੀ ਸਾਡੇ ਨੇਤਾ ਸੁਪਰੀਮ ਕੋਰਟ ਦੇ ਵਾਰ-ਵਾਰ ਜਾਰੀ ਨਿਰਦੇਸ਼ਾਂ ਦੇ ਬਾਵਜੂਦ ਚੋਣ ਸੁਧਾਰਾਂ ਨੂੰ ਪੂਰੀ ਤਰ੍ਹਾਂ ਲਾਗੂ ਕਰਨ 'ਚ ਅਸਫਲ ਰਹੇ ਹਨ। ਭਾਰਤੀ ਸਮਾਜ ਵਿੱਚ ਅਨੇਕਾਂ ਅਜਿਹੀਆਂ ਬੁਰਾਈਆਂ ਲੰਮੇ ਸਮੇਂ ਤੋਂ ਚੱਲਦੀਆਂ ਆ ਰਹੀਆਂ ਹਨ, ਜੋ ਸੰਵਿਧਾਨ ਦੀਆਂ ਭਾਵਨਾਵਾਂ ਦੇ ਪੂਰੀ ਤਰ੍ਹਾਂ ਵਿਰੁੱਧ ਦਿੱਸਦੀਆਂ ਹਨ। ਦੇਰ-ਸਵੇਰ ਸਰਬ ਉਚ ਅਦਾਲਤ ਨੂੰ ਇਨ੍ਹਾਂ ਵਿਰੁੱਧ ਫੈਸਲੇ ਕਰਨੇ ਪੈਣਗੇ। ਸੁਪਰੀਮ ਕੋਰਟ ਦੇ ਸਾਹਮਣੇ ਭਾਰਤ ਦੀਆਂ ਮਸਜਿਦਾਂ ਵਿੱਚ ਔਰਤਾਂ ਦੇ ਦਾਖਲੇ ਨੂੰ ਯਕੀਨੀ ਕਰਨ ਲਈ ਵੀ ਇੱਕ ਪਟੀਸ਼ਨ ਪੇਸ਼ ਕੀਤੀ ਜਾ ਚੁੱਕੀ ਹੈ। ਪਿੱਛੇ ਜਿਹੇ ਚੀਫ ਜਸਟਿਸ ਦੇ ਬੈਂਚ ਨੇ ਇਸ ਪਟੀਸ਼ਨ ਉੱਤੇ ਕੇਂਦਰ ਸਰਕਾਰ ਦੇ ਮੰਤਰਾਲਿਆਂ ਨੂੰ ਨੋਟਿਸ ਜਾਰੀ ਕਰ ਕੇ ਜੁਆਬ ਮੰਗਿਆ ਹੈ। ਇਹ ਪਟੀਸ਼ਨ ਪੁਣੇ ਦੇ ਇੱਕ ਮੁਸਲਿਮ ਜੋੜੇ ਯਾਸਮੀਨ ਅਤੇ ਜ਼ੁਬੇਰ ਅਹਿਮਦ ਨੇ ਸੁਪਰੀਮ ਕੋਰਟ 'ਚ ਪੇਸ਼ ਕੀਤੀ ਅਤੇ ਕਿਹਾ ਹੈ ਕਿ ਮੁਸਲਿਮ ਔਰਤਾਂ ਦਾ ਮਸਜਿਦ ਵਿੱਚ ਦਾਖਲਾ ਰੋਕਣਾ ਸੰਵਿਧਾਨ ਦੀ ਧਾਰਾ 14 ਵੱਲੋਂ ਦਿੱਤੇ ਸਮਾਨਤਾ ਦੇ ਅਧਿਕਾਰ ਅਤੇ ਧਾਰਾ 15 ਵੱਲੋਂ ਦਿੱਤੇ ਲਿੰਗਿਕ ਨਿਆਂ ਅਤੇ ਧਾਰਾ 21 ਵੱਲੋਂ ਦਿੱਤੀ ਜੀਵਨ ਦੀ ਆਜ਼ਾਦੀ ਦੀ ਉਲੰਘਣਾ ਹੈ। ਕਿਸੇ ਵਿਅਕਤੀ ਲਈ ਸਮਾਨਤਾ ਅਤੇ ਮਾਣ ਦੇ ਨਾਲ ਜੀਵਨ ਜਿਊਣਾ ਉਸ ਦਾ ਮੂਲ ਅਧਿਕਾਰ ਹੁੰਦਾ ਹੈ। ਇਸ ਜਨਹਿਤ ਪਟੀਸ਼ਨ 'ਤੇ ਪਹਿਲੀ ਸੁਣਵਾਈ ਵਿੱਚ ਨੋਟਿਸ ਜਾਰੀ ਕਰਦੇ ਸਮੇਂ ਸੁਪਰੀਮ ਕੋਰਟ ਨੇ ਪਹਿਲਾਂ ਹੀ ਸਾਫ ਕਰ ਦਿੱਤਾ ਹੈ ਕਿ ਸਬਰੀਮਾਲਾ ਮੰਦਰ ਵਿੱਚ ਔਰਤਾਂ ਦੇ ਦਾਖਲੇ ਸੰਬੰਧੀ ਫੈਸਲੇ ਦੇ ਕਾਰਨ ਮੁਸਲਿਮ ਔਰਤਾਂ ਦੇ ਮਸਜਿਦ ਵਿੱਚ ਦਾਖਲੇ ਦੀ ਪਟੀਸ਼ਨ 'ਤੇ ਨੋਟਿਸ ਦਿੱਤਾ ਜਾ ਰਿਹਾ ਹੈ।

ਵਰਣਨ ਯੋਗ ਹੈ ਕਿ ਸਾਲ 2018 ਦੇ ਸਤੰਬਰ ਮਹੀਨੇ ਵਿੱਚ ਸੁਪਰੀਮ ਕੋਰਟ ਨੇ ਸਬਰੀਮਾਲਾ ਮੰਦਰ ਦਾ ਫੈਸਲਾ ਦਿੱਤਾ ਸੀ। ਅੱਗੋਂ ਮੁਸਲਿਮ ਔਰਤਾਂ ਦੇ ਮੂਲ ਅਧਿਕਾਰ ਬਾਰੇ ਵੀ ਸੁਪਰੀਮ ਕੋਰਟ ਨੂੰ ਵੀ ਇੱਕ ਵਾਰ ਫਿਰ ਸਖਤ ਫੈਸਲਾ ਜਾਰੀ ਕਰਨਾ ਪਵੇਗਾ, ਕਿਉਂਕਿ ਜਮਹੂਰੀ ਆਗੂਆਂ ਤੋਂ ਕਿਸੇ ਸਮਾਜਕ ਬੁਰਾਈ ਨੂੰ ਖਤਮ ਕਰਨ ਦੀ ਆਸ ਨਹੀਂ ਕੀਤੀ ਜਾ ਸਕਦੀ। ਸੁਪਰੀਮ ਕੋਰਟ ਦੇ ਕਾਰਨ ਹੀ ਭਾਰਤ ਵਿੱਚ ਨਿਆਇਕ ਲੋਕਤੰਤਰ ਦਿਖਾਈ ਦਿੰਦਾ ਹੈ।





## ਸੁਲਤਾਨਪੁਰ ਜਾਂਦੇ ਘੜੁੱਕੇ ਨੂੰ ਹਾਦਸੇ ਵਿੱਚ ਇੱਕ ਮੌਤ, 25 ਜ਼ਖਮੀ

ਤਰਨ ਤਾਰਨ, 12 ਨਵੰਬਰ (ਪੋਸਟ ਬਿਊਰੋ)- ਇੱਥੇ ਨੈਸ਼ਨਲ ਹਾਈਵੇ ਉੱਤੇ ਸ੍ਰੀ ਗੋਇੰਦਵਾਲ ਸਾਹਿਬ ਬਾਈਪਾਸ ਨੇੜੇ ਸੜਕ ਕੰਢੇ ਖੜ੍ਹੇ ਸ਼ਰਧਾਲੂਆਂ ਦੇ ਭਰੇ ਘੜੁੱਕੇ ਨੂੰ ਪਿੱਛਿਓ ਤੇਜ਼ ਰਫਤਾਰ ਬੱਸ ਨੇ ਟੱਕਰ ਮਾਰ ਦਿੱਤੀ, ਜਿਸ ਦੇ ਨਾਲ 15 ਸਾਲਾ ਲੜਕੀ ਦੀ ਮੌਤ ਹੋ ਗਈ ਅਤੇ 25 ਸ਼ਰਧਾਲੂ ਜ਼ਖਮੀ ਹੋ ਗਏ।

ਇਸ ਇਲਾਕੇ ਦੇ ਪਿੰਡ ਰਟੌਲ ਨਾਲ ਸਬੰਧਤ ਕਰੀਬ 50 ਸ਼ਰਧਾਲੂ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਸੁਲਤਾਨਪੁਰ ਲੋਧੀ ਲਈ ਰਵਾਨਾ ਹੋਏ ਸਨ। ਪਿੰਡ ਤੋਂ ਥੋੜ੍ਹੀ ਦੂਰੀ 'ਤੇ ਚਾਲਕ ਸੜਕ ਕਿਨਾਰੇ ਘੜੁੱਕੇ ਨੂੰ ਖੜ੍ਹਾ ਕਰਕੇ ਜਦ ਉਸ ਦੇ ਇੰਜਨ ਵਿੱਚ ਪਾਣੀ ਪਾ ਰਿਹਾ ਸੀ ਤਾਂ ਅਚਾਨਕ ਪਿੱਛਿਓਂ ਆਈ ਬੱਸ ਨੇ ਘੜੁੱਕੇ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਜ਼ਖਮੀਆਂ ਨੂੰ ਵੱਖ-ਵੱਖ ਹਸਪਤਾਲਾਂ ਵਿੱਚ ਦਾਖਲ ਕਰਾਇਆ ਗਿਆ ਹੈ, ਪਰ 15 ਸਾਲਾਂ ਦੀ ਤਨੂੰ ਨਾਂ ਦੀ ਇੱਕ ਲੜਕੀ ਦੀ ਮੌਤ ਹੋ ਗਈ ਹੈ। ਬੱਸ ਚਾਲਕ ਮੌਕੇ ਤੋਂ ਫਰਾਰ ਹੋ ਗਿਆ। ਸਿਵਲ ਹਸਪਤਾਲ ਵਿੱਚ ਦਾਖਲ ਕਰਵਾਏ ਗਏ ਮਰੀਜ਼ਾਂ ਨੂੰ ਸਹੂਲਤਾਂ ਦੀ ਘਾਟ ਕਾਰਨ ਪ੍ਰੇਸ਼ਾਨੀ ਝੱਲਣੀ ਪਈ।

## ਪਾਕਿਸਤਾਨ ਦੇ ਬਾਕੀ ਗੁਰਧਾਮਾਂ ਦੇ ਦਰਸ਼ਨਾਂ ਦੀ ਖੁੱਲ੍ਹ ਲਈ ਮੋਦੀ ਕੋਲ ਪਹੁੰਚ ਕਰਾਂਗਾ: ਕੈ. ਅਮਰਿੰਦਰ

ਸੁਲਤਾਨਪੁਰ ਲੋਧੀ, 12 ਨਵੰਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਹੈ ਕਿ ਭਾਰਤੀ ਸ਼ਰਧਾਲੂਆਂ ਨੂੰ ਪਾਕਿਸਤਾਨ ਵਿਚਲੇ ਹੋਰ ਇਤਿਹਾਸਕ ਗੁਰਧਾਮਾਂ ਦੇ ਦਰਸ਼ਨਾਂ ਦੀ ਖੁੱਲ੍ਹ ਦੇਣ ਦਾ ਮਸਲਾ ਪਾਕਿਸਤਾਨ ਸਰਕਾਰ ਕੋਲ ਉਠਾਉਣ ਲਈ ਉਹ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਪਹੁੰਚ ਕਰਨਗੇ। ਉਨ੍ਹਾ ਨੇ ਇਹ ਐਲਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਕੀਤਾ। ਇਸ ਮੌਕੇ ਕਰਵਾਏ ਗਏ ਸਮਾਗਮ ਵਿਚ ਮੁੱਖ ਮੰਤਰੀ ਨਾਲ ਦੇਸ਼ ਦੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਵੀ ਸ਼ਾਮਲ ਹੋਏ ਸਨ।



ਅੱਜ ਏਥੇ ਗੁਰਪੁਰਬ ਮੌਕੇ ਹੋਏ ਰਾਜ ਪੱਧਰੀ ਸਮਾਗਮ ਵਿੱਚ ਪੰਜਾਬ ਦੇ ਗਵਰਨਰ ਵੀ ਪੀ ਸਿੰਘ ਬਦਨੌਰ ਅਤੇ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਸਮੇਤ ਕਈ ਉੱਘੀਆਂ ਸ਼ਖਸੀਅਤਾਂ ਸ਼ਾਮਲ ਸਨ। ਇਸ ਮੌਕੇ ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਉਨ੍ਹਾਂ ਦੀ ਸਰਕਾਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਦਰਸ਼ਾਂ ਮੁਤਾਬਕ ਸੱਚੀ ਭਾਵਨਾ ਨਾਲ ਸੇਵਾਵਾਂ ਨਿਭਾਉਣ ਵਾਲੇ ਪੁਲਿਸ ਵਾਲਿਆਂ ਨੂੰ 'ਪ੍ਰਕਾਸ਼ ਪੁਰਬ ਮੈਡਲ' ਨਾਲ ਸਨਮਾਨਤ ਕਰਨ ਦਾ ਫੈਸਲਾ ਕੀਤਾ ਹੈ। ਉਨ੍ਹਾ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਲਈ ਬੀਤੇ ਸਾਲ ਸ਼ੁਰੂ ਹੋਏ ਸਮਾਗਮਾਂ ਨੂੰ ਨਵੰਬਰ 2020 ਤੱਕ ਜਾਰੀ ਰੱਖਿਆ ਜਾਵੇਗਾ। ਉਨ੍ਹਾ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਇਸ ਇਤਿਹਾਸਕ ਮੌਕੇ 550 ਕੈਦੀਆਂ ਦੀ ਅਗੇਤੀ ਰਿਹਾਈ ਦਾ ਫੈਸਲਾ ਕੀਤਾ ਹੈ ਤੇ ਇਨ੍ਹਾਂ ਵਿੱਚੋਂ 450 ਕੈਦੀਆਂ ਨੂੰ ਛੱਡਿਆ ਜਾ ਚੁੱਕਾ ਹੈ ਅਤੇ ਬਾਕੀਆਂ ਨੂੰ ਅਗਲੇ ਕੁਝ ਮਹੀਨਿਆਂ ਤੱਕ ਛੱਡ ਦਿੱਤਾ ਜਾਵੇਗਾ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਏਥੇ ਸਹਿਜ ਪਾਠ ਜੀ ਦੇ ਭੋਗ ਉਪਰੰਤ ਧਾਰਮਕ ਇਕੱਠ ਵਿੱਚ ਦੇਸ਼-ਵਿਦੇਸ਼ ਤੋਂ ਸੁਲਤਾਨਪੁਰ ਲੋਧੀ ਵਿਖੇ ਨਤਮਸਤਕ ਹੋਣ ਪਹੁੰਚੀ ਲੱਖਾਂ ਦੀ ਗਿਣਤੀ ਵਿੱਚ ਸੰਗਤ ਦਾ ਸਵਾਗਤ ਕੀਤਾ। ਏਥੇ 'ਗੁਰੂ ਨਾਨਕ ਦਰਬਾਰ ਪੰਡਾਲ' ਵਿਖੇ ਪੰਜਾਬ ਦੇ ਲੋਕਾਂ ਵੱਲੋਂ ਸਹਿਜ ਪਾਠ ਦਾ ਪ੍ਰਕਾਸ਼ ਪੰਜਾਬ ਸਰਕਾਰ, ਸੰਤ ਸਮਾਜ ਤੇ ਵੱਖ-ਵੱਖ ਧਾਰਮਕ ਜਥੇਬੰਦੀਆਂ ਨੇ 5 ਨਵੰਬਰ ਨੂੰ ਸ਼ੁਰੂ ਕੀਤਾ ਸੀ। ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨਾਂ ਕਰਨ ਦੀ ਆਗਿਆ ਦੇਣ ਵਿਚ ਪੂਰਾ ਸਹਿਯੋਗ ਦੇਣ ਲਈ ਮੁੱਖ ਮੰਤਰੀ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦਾ ਇਕ ਵਾਰ ਫਿਰ ਧੰਨਵਾਦ ਕੀਤਾ ਤੇ ਆਸ ਪ੍ਰਗਟ ਕੀਤੀ ਕਿ ਭਾਰਤੀ ਸੰਗਤਾਂ ਨੂੰ ਪਾਕਿਸਤਾਨ ਵਿਚ ਅਜਿਹੇ ਬਾਕੀ ਗੁਰਧਾਮਾਂ ਦੇ ਦਰਸ਼ਨਾਂ ਦੀ ਖੁੱਲ੍ਹ ਮਿਲੇਗੀ। ਉਨ੍ਹਾ ਕਿਹਾ ਕਿ ਪਾਕਿ-ਸਤਾਨ ਵਿੱਚ ਪੰਜਾ ਸਾਹਿਬ ਅਤੇ ਨਨਕਾਣਾ ਸਾਹਿਬ ਗੁਰਦੁਆਰਾ ਸਾਹਿਬਾਨ ਦੇ ਦਰਸ਼ਨਾਂ ਲਈ ਸਿੱਖ ਭਾਈਚਾਰੇ ਦਾ ਸੁਪਨੇ ਸਾਕਾਰ ਕਰਨ ਵਿਚ ਮਦਦ ਦੇ ਲਈ ਇਮਰਾਨ ਖਾਨ ਕੋਲ ਇਸ ਮੁੱਦੇ ਨੂੰ ਉਠਾਉਣ ਵਾਸਤੇ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਪਹੁੰਚ ਕਰਨਗੇ। ਉਨ੍ਹਾ ਪ੍ਰਕਾਸ਼ ਪੁਰਬ ਨੂੰ ਸਮਰਪਤ ਸਮਾਗਮਾਂ ਨੂੰ ਸਫਲ ਬਣਾਉਣ ਲਈ ਕੇਂਦਰ ਸਰਕਾਰ ਤੋਂ ਮਿਲੇ ਸਹਿਯੋਗ ਦਾ ਜ਼ਿਕਰ ਕਰਦਿਆਂ ਖੁਸ਼ੀ ਜ਼ਾਹਰ ਕੀਤੀ ਕਿ ਵੱਖ-ਵੱਖ ਸਿਆਸੀ ਪਾਰਟੀਆਂ ਨਾਲ ਜੁੜੇ ਲੋਕਾਂ ਨੇ ਵਧ-ਚੜ੍ਹ ਕੇ ਹਿੱਸਾ ਲਿਆ ਹੈ।

ਇਸ ਤੋਂ ਪਹਿਲਾਂ ਅੱਜ ਸਵੇਰੇ ਮੁੱਖ ਮੰਤਰੀ ਨੇ ਇਤਿਹਾਸਕ ਗੁਰਦੁਆਰਾ ਬੇਰ ਸਾਹਿਬ ਵਿਖੇ ਮੱਥਾ ਟੇਕਿਆ ਤੇ ਰੁਮਾਲਾ ਤੇ ਚੌਰ ਸਾਹਿਬ ਭੇਟ ਕਰ ਕੇ ਕੜਾਹ-ਪ੍ਰਸ਼ਾਦ ਦੀ ਦੇਗ ਚੜ੍ਹਾਈ। ਇਸ ਮੌਕੇ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਤੇ ਸ਼੍ਰੋਮਣੀ ਕਮੇਟੀ ਮੈਂਬਰ ਅਤੇ ਸਾਬਕਾ ਮੰਤਰੀ ਜਥੇਦਾਰ ਤੋਤਾ ਸਿੰਘ ਨੇ ਮੁੱਖ ਮੰਤਰੀ ਨੂੰ ਸਿਰੋਪਾਓ ਬਖਸ਼ਿਸ਼ ਕੀਤਾ। ਮੁੱਖ ਮੰਤਰੀ ਗੁਰਦੁਆਰਾ ਸਾਹਿਬ ਵਿਖੇ ਪੁੱਜੀ ਸੰਗਤ ਨੂੰ ਨਿੱਜੀ ਤੌਰ ਉੱਤੇ ਮਿਲੇ ਤੇ ਉਨ੍ਹਾਂ ਨੂੰ 550ਵੇਂ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ ਜਿਸ ਦੇ ਜਵਾਬ ਵਿਚ ਸੰਗਤ ਨੇ ਜੈਕਾਰੇ ਗਜਾਏ।

## ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੰ ਉਮਰ ਕੈਦ ਵਿੱਚ ਬਦਲ ਦਿੱਤਾ ਗਿਆ

ਚੰਡੀਗੜ੍ਹ, 12 ਨਵੰਬਰ (ਪੋਸਟ ਬਿਊਰੋ)- ਭਾਰਤ ਦੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਕੇਸ ਵਿੱਚ ਮੌਤ ਦੀ ਸਜ਼ਾਵਾਲੇ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਨੂੰ ਉਮਰਕੈਦ ਵਿੱਚ ਤਬਦੀਲ ਕਰਨ ਦੀ ਜਾਣਕਾਰੀ ਪੰਜਾਬ ਸਰਕਾਰ ਨੂੰ ਭੇਜ ਦਿੱਤੀ ਹੈ।



ਅਦਾਲਤੀ ਫੈਸਲੇ ਮੁਤਾਬਕ ਬਲਵੰਤ ਸਿੰਘ ਰਾਜੋਆਣਾ ਵੀ ਬੇਅੰਤ ਸਿੰਘ ਕਤਲ ਕਾਂਡ ਦੇ ਸਾਜਿਸ਼ਘੜਿਆਂ ਵਿੱਚੋਂ ਇੱਕ ਸੀਅਤੇ ਉਹ ਬੱਬਰ ਖਾਲਸਾ ਨਾਲ ਸਬੰਧਤ ਹੈ। ਜੇਲ੍ਹ ਵਿਭਾਗ ਦੇ ਸੂਤਰਾਂ ਅਨੁਸਾਰ ਬਲਵੰਤ ਸਿੰਘ ਰਾਜੋਆਣਾ ਨਾਲ ਸਬੰਧਤ ਫਾਈਲ ਮੁੱਖ ਮੰਤਰੀ ਦਫਤਰ ਨੂੰ ਭੇਜ ਦਿੱਤੀ ਗਈ ਹੈ। ਕੇਂਦਰ ਸਰਕਾਰ ਦੇ ਇਸ ਫੈਸਲੇ ਨੂੰ ਗੁਰੂ ਨਾਨਕ ਦੇਵ ਜੀ ਦੇ 550ਵੇਂ ਗੁਰਪੁਰਬ ਦੇ ਮੱਦੇਨਜ਼ਰ ਸਿੱਖ ਕੱਟੜਪੰਥੀਆਂ ਪ੍ਰਤੀ ਨਰਮੀ ਦਾ ਰੁਖ ਅਪਣਾਉਣ ਦੀ ਨੀਤੀ ਨਾਲ ਜੋੜ ਕੇ ਦੱਖਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਵੀ ਇੱਕ ਵਾਰੀ ਭਾਜਪਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਐਨ ਡੀ ਏ ਸਰਕਾਰ ਨੇ ਕੱਟੜ ਖਾੜਕੂਆਂ ਪ੍ਰਤੀ ਨਰਮੀ ਦਾ ਵਤੀਰਾ ਅਪਣਾਇਆ ਸੀ ਅਤੇ ਉਸ ਵੇਲੇ ਕੱਟੜ ਖਾੜਕੂ ਵੱਸਣ ਸਿੰਘ ਜ਼ੱਫਰਵਾਲ ਅਤੇ ਜਗਜੀਤ ਸਿੰਘ ਚੌਹਾਨ ਨੂੰ ਦੇਸ਼ ਆਉਣ ਦੀ ਆਗਿਆ ਦਿੱਤੀ ਗਈ ਸੀ।

ਵਰਨਣ ਯੋਗ ਹੈ ਕਿ ਬਲਵੰਤ ਸਿੰਘ ਰਾਜੋਆਣਾ ਪੰਜਾਬ ਪੁਲਸ ਦਾ ਸਿਪਾਹੀ ਸੀ, ਜਿਸ ਨੂੰ ਉਸ ਵੇਲੇ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਕੇਸ ਵਿੱਚ ਫਾਂਸੀ ਦੀ ਸਜ਼ਾ ਹੋਈ ਸੀ। ਬੇਅੰਤ ਸਿੰਘ ਦੀ ਹੱਤਿਆ 31 ਅਗਸਤ 1995 ਨੂੰ ਪੰਜਾਬ ਸਿਵਲ ਸਕੱਤਰੇਤ ਦੇ ਸਾਹ-ਮਣੇ ਮਨੁੱਖੀ ਬੰਬ ਧਮਾਕਾ ਕਰਕੇ ਕੀਤੀ ਗਈ ਸੀ। ਉਸ ਧਮਾਕੇ ਵਿੱਚ ਮੁੱਖ ਮੰਤਰੀ ਦੇ ਨਾਲ ਮਨੁੱਖੀ ਬੰਬ ਦਿਲਾਵਰ ਸਿੰਘ ਵੀ ਮਾਰਿਆ ਗਿਆ ਸੀ। ਇਸ ਸਾਲ ਪੰਜਾਬ ਸਰਕਾਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਕਾਰਨ ਸੂਬੇ ਦੇ ਲਗੱਭਗ 240 ਕੈਦੀਆਂ ਦੀਆਂ ਸਜ਼ਾਵਾਂ ਮੁਆਫ ਕੀਤੀਆਂ ਹਨ।

## ਸੁਲਤਾਨਪੁਰ ਲੋਧੀ ਵੀ ਕਦੇ ਪੰਜਾਬ ਦੀ ਰਾਜਧਾਨੀ ਹੁੰਦਾ ਸੀ

ਪਟਿਆਲਾ, 12 ਨਵੰਬਰ (ਪੋਸਟ ਬਿਊਰੋ)- ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਮਾਗਮ ਮੌਕੇ ਸਿੱਖ ਕੌਮ ਦਾ ਕੇਂਦਰ ਬਣੇ ਹੋਏ ਇਤਿਹਾਸਕ ਅਤੇ ਧਾਰਮਿਕ ਸ਼ਹਿਰ ਸੁਲਤਾਨਪੁਰ ਲੋਧੀ ਨੂੰ ਵੀ ਪੰਜਾਬ ਦੀ ਰਾਜਧਾਨੀ ਹੋਣ ਦਾ ਮਾਣ ਇਤਹਾਸ ਵਿੱਚ ਇੱਕ ਵਾਰੀ ਮਿਲ ਚੁੱਕਾ ਹੈ।

'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ' ਦੇ ਮੁਹਾਵਰੇ ਵਜੋਂ ਪੰਜਾਬ ਦੀਆਂ ਰਾਜਧਾਨੀਆਂ ਨੂੰ ਪੰਜਾਬ ਤੋਂ ਕਈ ਵਾਰ ਵੱਖ ਹੋਣਾ ਪਿਆ ਹੈ ਜਾਂ ਪੰਜਾਬ ਨੂੰ ਆਪਣੀਆਂ ਰਾਜਧਾਨੀਆਂ ਛੱਡਣ ਲਈ ਮਜ਼ਬੂਰ ਹੋਣਾ ਪਿਆ ਹੈ। ਅਜੋਕੇ ਹਾਲਾਤ ਉਤੇ ਨਜ਼ਰ ਮਾਰੀ ਜਾਵੇ ਤਾਂ ਪੰਜਾਬ ਦੀ ਅੱਜ ਵਾਲੀ ਰਾਜਧਾਨੀ ਚੰਡੀਗੜ੍ਹ ਵੀ ਪੰਜਾਬੀਆਂ ਕੋਲੋਂਪੜਾਅਵਾਰ ਖੋਹੀ ਜਾ ਰਹੀ ਹੈ। ਪੰਜਾਬ ਸਰਕਾਰ ਨੇ ਪਿਛਲੇ ਸਮੇਂ ਚੰਡੀਗੜ੍ਹ ਸ਼ਹਿਰ ਉੱਤੇ ਆਪਣਾ ਹੱਕ ਹੋਣ ਦਾ ਦਾਅਲਾ ਖੁਦ ਰੱਦ ਕਰ ਕੇ ਬਹੁਤ ਸਾਰੇ ਹੱਕ ਕੇਂਦਰ ਸਰਕਾਰ ਦੇ ਹਵਾਲੇ ਕਰ ਦਿੱਤੇ ਹਨ।

ਇਸੇ ਤਰ੍ਹਾਂ ਪਿਛਲੇ ਸਮਿਆਂ ਵਿੱਚ ਪੰਜਾਬ ਨੂੰ ਸਮੇਂ-ਸਮੇਂ 'ਤੇ ਆਪਣੀਆਂ ਰਾਜਧਾਨੀਆਂ ਛੱਡਣ ਲਈ ਮਜ਼ਬੂਰ ਹੋਣਾ ਪੈਂਦਾ ਰਿਹਾ ਹੈ। ਸੰਨ 1947 ਦੀ ਵੰਡ ਵੇਲੇ ਚੜ੍ਹਦੇ ਪੰਜਾਬ ਨੂੰ ਰਾਜਧਾਨੀ ਲਾਹੌਰ ਤੋਂ ਵੱਖ ਹੋਣ ਲਈ ਮਜ਼ਬੂਰ ਹੋਣਾ ਪਿਆ ਸੀ। ਲਾਹੌਰ ਤੋਂ ਪਿੱਛੋਂ ਪੰਜਾਬ ਦੀ ਰਾਜਧਾਨੀ ਸ਼ਿਮਲਾ ਬਣੀ ਅਤੇ ਸ਼ਿਮਲੇ ਮਗਰੋਂ ਇਸ ਨੂੰ ਚੰਡੀਗੜ੍ਹ ਤਬਦੀਲ ਕਰ ਦਿੱਤਾ ਗਿਆ। ਸਮਾਣਾ ਸ਼ਹਿਰ ਵੀ ਕੁਝ ਸਮਾਂ ਰਾਜਧਾਨੀ ਬਣਿਆ ਸੀ। ਅਜਿਹੇ ਸੰਦਰਭ 'ਚ ਪੰਜ ਆਬਾਂ ਦੇ ਇਸ ਸੂਬੇ ਦੀ ਰਾਜਧਾਨੀ ਵਜੋਂ ਸੁਲਤਾਨਪੁਰ ਲੋਧੀ ਨੂੰ ਵੀ ਲੰਮਾ ਚਿਰ ਟਿਕਾਣਾ ਨਸੀਬ ਨਹੀਂ ਹੋਇਆ ਸੀ। ਇਸ ਸ਼ਹਿਰ ਨੂੰ ਗੁਰੂ ਨਾਨਕ ਦੇਵ ਜੀ ਦੀ ਕਰਮ ਭੂਮੀ ਹੋਣ ਦਾ ਮਾਣ ਹੈ। ਇਸ ਸ਼ਹਿਰ ਵਿੱਚ ਉਨ੍ਹਾਂ ਨੇ 13 ਸਾਲ ਤੋਂ ਵੱਧ ਸਮਾਂ ਬਿਤਾਇਆ ਸੀ। ਇਸ ਨੂੰ ਗਿਆਰਵੀਂ ਸਦੀ ਵਿੱਚ ਮਹਿਮੂਦ ਗਜ਼ਨਵੀਂ ਦੇ ਜਰਨੈਲ ਸੁਲਤਾਨ ਖਾਂ ਲੋਧੀ ਨੇ ਵਸਾਇਆ ਸੀ। ਫਿਰ ਇਸ ਜਰਨੈਲ ਦੇ ਨਾਂ ਉੱਤੇ ਸ਼ਹਿਰ ਪ੍ਰਸਿੱਧ ਹੋਇਆ ਸੀ। ਲੋਧੀਆਂ ਦੀ ਹਕੂਮਤ ਦੌਰਾਨ ਇਸ ਸ਼ਹਿਰ ਨੂੰ ਪੰਜਾਬ ਦੀ ਰਾਜਧਾਨੀ ਹੋਣ ਦਾ ਮਾਣ ਮਿਲਿਆ ਸੀ ਤੇ ਇਹ ਵੱਡੇ ਅਤੇ ਵਿਕਸਿਤ ਸ਼ਹਿਰ ਵਜੋਂ ਪ੍ਰਸਿੱਧ ਹੋ ਗਿਆ ਸੀ।

ਦਿੱਲੀ ਦੇ ਲੋਧੀ ਖਾਨਦਾਨ ਦੇ ਬਾਦਸ਼ਾਹ ਇਬਰਾਹੀਮ ਲੋਧੀ ਨੇ ਦੌਲਤ ਖਾਂ ਲੋਧੀ ਨੂੰ ਪੰਜਾਬ ਦਾ ਗਵਰਨਰ ਥਾਪਿਆ ਸੀ, ਜਿਸ ਨੇ ਵਧੇਰੇ ਕਰਕੇ ਆਪਣੀ ਠਹਿਰ ਸੁਲਤਾਨਪੁਰ ਲੋਧੀ ਵਿੱਚ ਹੀ ਰੱਖੀ ਸੀ। ਫਿਰ ਦੌਲਤ ਖਾਂ ਲੋਧੀ ਨੇ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਬਾਬਰ ਨੂੰ ਹਿੰਦੁਸਤਾਨ 'ਤੇ ਹਮਲੇ ਲਈ ਉਕਸਾਇਆ ਸੀ। ਸਾਲ 1525 'ਚ ਸੰਸਾਰ ਨੂੰ ਅਲਵਿਦਾ ਕਹਿ ਗਏ ਦੌਲਤ ਖਾਂ ਲੋਧੀ ਦੇ ਕਿਲ੍ਹੇ ਦਾ ਵਜੂਦ ਹਾਲੇ ਵੀ ਇਸ ਸ਼ਹਿਰ 'ਚ ਮੌਜੂਦ ਹੈ। ਦੱਸਦੇ ਹਨ ਕਿ ਨਾਦਰ ਸ਼ਾਹ ਨੇ ਇਸ ਸ਼ਹਿਰ ਨੂੰ ਤਬਾਹ ਕਰ ਦਿੱਤਾ ਸੀ ਤੇ ਫਿਰ ਹੜ੍ਹਾਂ ਦੀ ਗ੍ਰਿਫਤ 'ਚ ਰਹਿਣ ਕਰਕੇ ਵੱਡੇ ਸ਼ਹਿਰ 'ਚੋਂ ਤਬਦੀਲ ਹੁੰਦਾ ਹੋਇਆ ਕੱਲ੍ਹ ਇਹ ਮਾਤਰ ਕਸਬੇ ਜਾਂ ਛੋਟੇ ਸ਼ਹਿਰ ਦਾ ਹੀ ਰੂਪ ਹੈ।

## ਮਾਂ ਦਾ ਕਤਲ ਕਰਨ ਵਾਲੇ ਨੇ ਖੁਦਕੁਸ਼ੀ ਕਰ ਲਈ



ਰਾਜਪੁਰਾ, 12 ਨਵੰਬਰ (ਪੋਸਟ ਬਿਊਰੋ)- ਸ਼ੰਭੂ-ਅੰਬਾਲਾ ਰੇਲਵੇ ਲਾਈਨਾਂ ਤੋਂ ਮਿਲੀ ਅਣਪਛਾਤੀ ਲਾਸ਼ ਦੀ ਪਛਾਣ ਪਿੰਡ ਤੇਪਲਾਂ ਦੇ ਹਰਜਿੰਦਰ ਸਿੰਘ ਵਜੋਂ ਹੋਈ। ਉਸ ਨੇ ਇੱਕ ਦਿਨ ਪਹਿਲਾਂ ਆਪਣੀ ਮਾਂ ਨੂੰ ਮਾਰ ਦਿੱਤਾ ਸੀ ਤੇ ਆਪਣੀ ਪਤਨੀ ਅਤੇ ਬੱਚਿਆਂ ਨੂੰ ਵੀ ਗੰਭੀਰ ਰੂਪ ਵਿੱਚ ਜ਼ਖਮੀ ਕਰ ਕੇ ਦੌੜ ਗਿਆ ਸੀ। ਉਸ ਦੇ ਬਾਅਦ ਉਸ ਨੇ ਰੇਲ-ਗੱਡੀ ਹੇਠਾਂ ਆ ਕੇ ਆਤਮ-ਹੱਤਿਆ ਕਰ ਲਈ ਹੈ, ਜਿਸ ਦਾ ਕਾਰਨ ਪਤਾ ਨਹੀਂ ਲੱਗ ਸਕਿਆ।

ਮਿਲੀ ਜਾਣਕਾਰੀ ਅਨੁਸਾਰ ਰਾਤ ਇੱਕ ਵਜੇ ਸ਼ੰਭੂ ਰੇਲਵੇ ਪੁਲਸ ਸਟੇਸ਼ਨ ਤੋਂ ਰਾਜਪੁਰਾ ਰੇਲਵੇ ਪੁਲਸ ਨੂੰ ਸੂਚਨਾ ਮਿਲੀ ਕਿ ਸ਼ੰਭੂ-ਅੰਬਾਲਾ ਰੇਲਵੇ ਲਾਈਨਾਂ ਨੇੜੇ ਇੱਕ ਨੌਜਵਾਨ ਦਾ ਲਾਸ਼ ਮਿਲੀ ਹੈ। ਪੁਲਸ ਨੇ ਮੌਕੇ 'ਤੇ ਜਾ ਕੇ ਲਾਸ਼ ਕਬਜ਼ੇ ਵਿੱਚ ਲੈ ਕੇ ਪਛਾਣ ਲਈ ਸਰਕਾਰੀ ਹਸਪਤਾਲ ਦੀ ਮੋਰਚਰੀ 'ਚ ਰਖਵਾ ਦਿੱਤੀ ਸੀ। ਲਾਸ਼ ਦੀ ਪਛਾਣ ਤੋਂ ਬਾਅਦ ਪਤਾ ਲੱਗਾ ਕਿ ਮ੍ਰਿਤਕ ਨੌਜਵਾਨ ਹਰਜਿੰਦਰ ਸਿੰਘ ਹੀ ਹੈ।

## ਨਗਰ ਕੀਰਤਨ ਵਿੱਚ ਮੂਰਤੀਆਂ ਦੀ ਪੇਸ਼ਕਾਰੀ ਨੂੰ ਜਾਗੋ ਪਾਰਟੀ ਨੇ ਗਲਤ ਕਿਹਾ

ਜਲੰਧਰ, 12 ਨਵੰਬਰ (ਪੋਸਟ ਬਿਊਰੋ)- ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਦੌਰਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਏ ਗਏ ਨਗਰ ਕੀਰਤਨ ਵਿੱਚ ਮੂਰਤੀਆਂ ਦੀਆਂ ਝਾਕੀ ਕੱਢਣ ਦਾ'ਜਗ ਆਸਰਾ ਗੁਰੂ ਓਟ (ਜਥੇਦਾਰ ਸੰਤੋਖ ਸਿੰਘ) ਪਾਰਟੀ', ਜਿਸ ਨੂੰ 'ਜਾਗੋ ਪਾਰਟੀ' ਕਿਹਾ ਜਾਂਦਾ ਹੈ, ਨੇ ਤਿੱਖਾ ਵਿਰੋਧ ਕੀਤਾ ਤੇ ਇਸ ਨੂੰ ਸਿੱਖ ਸਿਧਾਂਤ ਦੀ ਖੁੱਲ੍ਹੀ ਖਿਲਾਫ ਵਰਜ਼ੀ ਕਰਾਰ ਦਿੱਤਾ ਹੈ।

ਇਸ ਪਾਰਟੀ ਦੇ ਅੰਤਰਰਾਸ਼ਟਰੀ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਕਿਹਾ ਕਿ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਦਿੱਲੀ ਸਿੱਖ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਨੂੰ ਸਭਨਾਂ ਜ਼ਿਮੇਵਾਰੀਆਂ ਤੋਂ ਲਾਂਭੇ ਕਰਨ ਦਾ ਆਦੇਸ਼ ਦੇਣਾ ਚਾਹੀਦਾ ਹੈ, ਨਹੀਂ ਤਾਂ ਮਰਿਆਦਾ ਤੋਂ ਅਣਜਾਣ ਇਹ ਪ੍ਰਬੰਧਕ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਵਿੱਚ 'ਨਾਨਕਲੀਲਾ' ਵੀ ਕਰਵਾ ਦੇਣਗੇ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਾਲਪਨਿਕ ਮੂਰਤੀ ਲਾ ਕੇ ਇੱਕ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਛੋਟਾ ਸਮਝਣ ਦੀ ਵੱਡੀ ਗਲਤੀ ਸਿੱਧੇ ਤੌਰ ਉਤੇ ਸ਼ਬਦ ਗੁਰੂ ਦੀ ਬੇਅਦਬੀ ਹੁੰਦੀ ਹੈ ਅਤੇ ਇਹ ਲੋਕ ਕਰ ਚੁੱਕੇ ਹਨ।ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਦਾ ਗੁਰਬਾਣੀ ਦੇ ਰਾਹੀਂ ਭਾਵ ਪੂਰਨ ਅਤੇ ਸਾਦਗੀ ਨਾਲ ਪ੍ਰਚਾਰ ਕਰਨ ਦੀ ਥਾਂ ਦਿੱਲੀ ਗੁਰਦੁਆਰਾਕਮੇਟੀ ਨੇ ਇੱਕ ਵਾਰ ਫਿਰ ਤੜਕ-ਭੜਕ ਦਾ ਗੁਰ-ਮਤਿ ਵਿਰੋਧੀ ਸ਼ਾਰਟ ਕੱਟ ਥਿਊਰੀ ਆਪਣਾ ਕੇ ਆਪਣੀ ਧਾਰਮਿਕ ਅਨਪੜ੍ਹਤਾ ਜਗ ਜ਼ਾਹਿਰ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਮੈਂ 1963 ਤੋਂ ਇਸ ਨਗਰ ਕੀਰਤਨ ਨਾਲ ਜੁੜਿਆ ਹੋਇਆ ਹਾਂ ਅਤੇ ਪਹਿਲੀ ਵਾਰ ਮੈਂ ਇਸ ਵਿੱਚ ਮੂਰਤੀਆਂ ਰਾਹੀਂ ਨਾਨਕਲੀਲਾ ਦੀ ਪੇਸ਼ਕਾਰੀ ਵੇਖੀ ਹੈ, ਜੋ ਸਿੱਖ ਰਹਿਤ ਮਰਿਆਦਾ ਅਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਹੁਕਮਾਂ ਨੂੰ ਸਿੱਧੀ ਚੁਣੌਤੀ ਹੈ। ਮਨਜੀਤ ਸਿੰਘ ਜੀ ਕੇ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਇਸ ਬੱਜਰ ਭੁੱਲ ਦੇ ਲਈ ਪ੍ਰਬੰਧਕਾਂ ਨੂੰ ਸਜ਼ਾ ਵਜੋਂ ਪ੍ਰਬੰਧ ਤੋਂ ਹਟਾਉਣ ਦੀ ਅਪੀਲ ਕੀਤੀ ਹੈ।

## ਕਰਤਾਰਪੁਰ ਸਾਹਿਬ ਜਾ ਰਹੀ ਸੰਗਤ ਭਾਰਤ 'ਚੋਂ ਡਾਲਰ ਤਬਦੀਲ ਕਰਵਾ ਕੇ ਜਾਵੇ

### * ਰਜਿਸਟ੍ਰੇਸ਼ਨ ਕਰਵਾਉਣ ਦੀ ਦੁਬਿਧਾ ਅਜੇ ਵੀ

ਡੇਰਾ ਬਾਬਾ ਨਾਨਕ, 12 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਵਿਚਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਤਿਹਾਸਕ ਗੁਰਦੁਆਰਾ ਕਰਤਾਰ-ਪੁਰ ਸਾਹਿਬ ਦੇ ਲਾਂਘੇ ਲਈ 9 ਨਵੰਬਰ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਰਸਮੀ ਉਦਘਾਟਨ ਕਰ ਦਿੱਤੇ ਜਾਣ ਤੋਂ ਬਾਅਦ ਕੱਲ੍ਹ ਤੀਸਰੇ ਦਿਨ ਗਏ ਜਥੇ 'ਚ 5000 ਦੀ ਬਜਾਏ ਮਸਾਂ 123 ਸ਼ਰਧਾਲੂਆਂ ਨੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਰਵਾਨਗੀ ਪਾਈ ਸੀ।

ਵਰਨਣ ਯੋਗ ਹੈ ਕਿ 9 ਨਵੰਬਰ ਨੂੰ 500 ਦੇ ਕਰੀਬ ਵਿਸ਼ੇਸ਼ ਸ਼ਰਧਾਲੂ ਅਤੇ ਦੂਸਰੇ ਦਿਨ ਪਹਿਲੇ ਜਥੇ 'ਚ 229 ਸ਼ਰਧਾਲੂ ਪਾਕਿਸਤਾਨ ਗਏ ਸਨ। ਪਾਕਿਸਤਾਨ ਵਿੱਚੋਂ ਕੱਲ੍ਹ ਤੀਸਰੇ ਦਿਨ ਵਾਪਸ ਆਏ ਸ਼ਰਧਾਲੂਆਂ ਨੇ ਆਪਣੀ ਖੁਸ਼ੀ ਦੇ ਪਲ ਸਾਂਝੇ ਕੀਤੇ ਅਤੇ ਪਾਕਿਸਤਾਨ 'ਚ ਜਿੱਥੇ ਗੁਰਦੁ-ਆਰਾ ਸਾਹਿਬ 'ਚ ਕੀਤੇ ਪ੍ਰਬੰਧਾਂ ਤੋਂ ਖੁਸ਼ ਹੋਏ ਸ਼ਰਧਾਲੂਆਂ ਨੇ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਦਾ



ਸ਼ੁਕਰਾਨਾ ਕੀਤਾ, ਉਥੇ ਵੱਧ ਤੋਂ ਵੱਧ ਸੰਗਤ ਨੂੰ ਗੁਰਦੁਆਰਾ ਸ੍ਰੀ ਕਰਤਾਰ-ਪੁਰ ਸਾਹਿਬ ਜੀ ਦੇ ਦਰਸ਼ਨ ਕਰਨ ਜਾਣ ਦੀ ਅਪੀਲ ਕੀਤੀ ਹੈ। ਪਾਕਿ ਜਾਣ ਵਾਲੇ ਸ਼ਰਧਾਲੂਆਂ ਨੇ ਵਾਪਸ ਆ ਕੇ ਗੱਲਬਾਤ ਦੌਰਾਨ ਆਪਣੇ ਤਜਰਬੇ ਸਾਂਝੇ ਕਰਦਿਆਂ ਕਿਹਾ ਕਿ ਪਾਕਿ-ਸਤਾਨ ਵਿੱਚ ਕਾਗਜ਼ੀ ਕਾਰਵਾਈ ਤੋਂ ਸਮਾਂ ਬਚਾਉਣ ਲਈ ਭਾਰਤ 'ਚੋਂ ਹੀ ਡਾਲਰ ਤਬਦੀਲ ਕਰਕੇ ਲੈ ਜਾਣੇ ਚਾਹੀਦੇ ਹਨ।।

ਇਨ੍ਹਾਂ ਸ਼ਰਧਾਲੂਆਂ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ 'ਚ ਸਿੱਖ ਭਾਰਤੀ ਕਰੰਸੀ ਤੋਂ ਇਲਾਵਾ ਵਿਦੇਸ਼ੀ ਕਰੰਸੀ 'ਚ ਵੀ ਮੱਥਾ ਟੇਕਦੇ ਹਨ ਅਤੇ ਗੁਰ-ਦੁਆਰਾ ਦੇ ਚੌਗਿਰਦੇ ਦੇ ਬਾਹਰ ਖਰੀਦੋ-ਫਰੋਖਤ ਲਈ ਦੁਕਾਨਾਂ ਦੇ ਮਾਲਕ ਵੀ ਭਾਰਤੀ ਕਰੰਸੀ ਖੁਸ਼ ਹੋ ਕੇ ਲੈ ਲੈਂਦੇ ਹਨ ਅਤੇ ਉਹ ਕਿਸੇ ਵਸਤੂ ਨੂੰ ਖਰੀਦਣ ਤੋਂ ਪਹਿਲਾਂ ਪਾਕਿ ਕਰੰਸੀ ਅਤੇ ਭਾਰਤੀ ਕਰੰਸੀ ਦੀ ਕੀਮਤ ਦਾ ਫਰਕ ਦੱਸ ਦਿੰਦੇ ਹਨ।

ਇੱਕ ਖਾਸ ਗੱਲ ਇਹ ਕਿ 24 ਅਕਤੂਬਰ ਨੂੰ ਭਾਰਤ ਤੇ ਪਾਕਿਸਤਾਨ ਦੇ ਅਧਿਕਾਰੀਆਂ ਦੀ ਜ਼ੀਰੋ ਲਾਈਨ ਉੱਤੇ ਹੋਈ ਦਸਤਖਤ ਵਾਲੀ ਸਹਿਮਤੀ ਮੁਤਾਬਕ ਭਾਵੇਂ ਡੇਰਾ ਬਾਬਾ ਨਾਨਕ ਅਤੇ ਕਰਤਾਰਪੁਰ ਦੇ ਵਿਚਾਲੇ ਲਾਂਘੇ ਤੋਂ ਪ੍ਰਤੀ ਦਿਨ 5000 ਹਜ਼ਾਰ ਅਤੇ ਵਿਸ਼ੇਸ਼ ਦਿਨਾਂ 'ਚ 10 ਹਜ਼ਾਰ ਸ਼ਰਧਾਲੂ ਪ੍ਰਤੀ ਦਿਨ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਜਾ ਸਕਦੇ ਹਨ, ਪਰ 10 ਤੇ 11 ਨਵੰਬਰ ਨੂੰ ਪਹਿਲੇ ਦਿਨ ਗਏ ਸ਼ਰਧਾਲੂਆਂ ਦੀ ਗਿਣਤੀ ਕਾਫੀ ਘੱਟ ਰਹੀ ਹੈ, ਜਿਸ ਦਾ ਸਭ ਤੋਂ ਵੱਡਾ ਕਾਰਨ ਰਜਿਸਟ੍ਰੇਸ਼ਨ ਦੀ ਦੁਬਿਧਾ ਮੰਨਿਆ ਗਿਆ ਹੈ। ਕੱਲ੍ਹ ਫਿਰ ਡੇਰਾ ਬਾਬਾ ਨਾਨਕ 'ਚ ਪਹੁੰਚੀਆਂ ਬਹੁ-ਗਿਣਤੀ ਸੰਗਤਾਂ ਬਿਨਾਂ ਰਜਿਸਟ੍ਰੇਸ਼ਨ ਹੀ ਲਾਂਘੇ ਰਾਹੀਂ ਪਾਕਿਸਤਾਨ ਜਾਣ ਲਈ ਪ੍ਰੇਸ਼ਾਨ ਹੁੰਦੀਆਂ ਰਹੀਆਂ।

## ਵਿਆਹ ਵਿੱਚ ਗੋਲੀਆਂ ਚੱਲਣ ਕਾਰਨ 1 ਦੀ ਹੋਈ ਮੌਤ, 2 ਫੱਟੜ

ਅਬੋਹਰ, 12 ਨਵੰਬਰ (ਪੋਸਟ ਬਿਊਰੋ)- ਅਬੋਹਰ-ਸ੍ਰੀ ਗੰਗਾਨਗਰ ਨੈਸ਼ਨਲ ਹਾਈਵੇ ਨੰਬਰ 15 ਉੱਤੇ ਇਸ ਤਹਿਸੀਲ ਦੀ ਉਪ-ਤਹਿਸੀਲ ਖੂਈਆਂ ਸਰਵਰ 'ਚ ਕੱਲ੍ਹ ਦੁਪਹਿਰ ਇੱਕ ਪੈਲੇਸ 'ਚ ਵਿਆਹ ਦੌਰਾਨ ਇੱਕ ਵਿਅਕਤੀ ਵੱਲੋਂ ਗੋਲੀਆਂ ਚਲਾਏ ਜਾਣ ਨਾਲ ਇੱਕ ਜਣੇ ਦੀ ਮੌਤ ਹੋ ਗਈ ਅਤੇ ਦੋ ਲੋਕ ਜ਼ਖਮੀ ਹੋ ਗਏ। ਇਨ੍ਹਾਂ ਜ਼ਖਮੀਆਂ ਨੂੰ ਸ੍ਰੀ ਗੰਗਾਨਗਰ 'ਚ ਇੱਕ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਖੂਈਆਂ ਸਰਵਰ ਦੇ ਇੱਕ ਪੈਲੇਸ 'ਚ ਕੱਲ੍ਹ ਵਿਆਹ ਸਮਾਗਮ ਚੱਲ ਰਿਹਾ ਸੀ ਕਿ ਇਸੇ ਦੌਰਾਨ ਪਿੰਡ ਦੀਆਂ ਦੋ ਧਿਰਾਂ ਆਪਸ 'ਚ ਭਿੜ ਗਈਆਂ। ਇਸ ਦੌਰਾਨ ਪਿੰਡ ਹਰੀਪੁਰ ਦੇ ਵਿਅਕਤੀ ਵੱਲੋਂ ਗੋਲੀਆਂ ਚਲਾਏ ਜਾਣ ਨਾਲ ਸਾਬਕਾ ਸਰਪੰਚ ਮਹਿੰਦਰ ਕੁਮਾਰ



ਪੁੱਤਰ ਰਾਜਾਰਾਮ, ਨੀਰਜ ਪੁੱਤਰ ਰਾਮ ਮੂਰਤੀ, ਭਰਤ ਲਾਲ ਪੁੱਤਰ ਪ੍ਰਿਥਵੀ ਬੁਰੀ ਤਰ੍ਹਾਂ ਤੋਂ ਫੱਟੜ ਹੋ ਗਏ। ਪੈਲੇਸ ਵਿੱਚ ਮੌਜੂਦ ਲੋਕਾਂ ਨੇ ਉਨ੍ਹਾਂ ਨੂੰ ਸ੍ਰੀ ਗੰਗਾਨਗਰ ਦੇ ਇੱਕ ਨਿੰਜੀ ਹਸਪਤਾਲ 'ਚ ਦਾਖਲ ਕਰਵਾਇਆ, ਜਿੱਥੇ ਪਹੁੰਚਦੇ ਤੱਕ ਮਹਿੰਦਰ ਕੁਮਾਰ ਦੀ ਮੌਤ ਹੋ ਗਈ। ਬਾਕੀ ਦੋਵਾਂ ਦੀ ਹਾਲਤ ਗੰਭੀਰ ਬਣੀ ਹੋਈ ਹੈ। ਸੂਚਨਾ ਮਿਲਦੇ ਸਾਰ ਥਾਣਾ ਖੂਈਆਂ ਸਰਵਰ ਦੇ ਮੁੱਖੀ ਪਰਮਜੀਤ ਤੇ ਹੋਰ ਪੁਲਸ ਕਰਮਚਾਰੀ ਮੌਕੇ 'ਤੇ ਪਹੁੰਚੇ। ਪੁਲਸ ਨੇ ਦੱਸਿਆ ਕਿ ਗੋਲੀਆਂ ਚਲਾਉਣ ਵਾਲਾ ਵਿਅਕਤੀ ਫਰਾਰ ਹੈ ਅਤੇ ਫੱਟੜਾਂ ਦੀ ਹਾਲਤ 'ਚ ਸੁਧਾਰ ਹੋਣ 'ਤੇ ਉਨ੍ਹਾਂ ਦੇ ਬਿਆਨ ਕਲਮਬੰਦ ਕਰਕੇ ਕਾਰਵਾਈ ਕੀਤੀ ਜਾਵੇਗੀ। ਥਾਣਾ ਖੂਈਆਂ ਸਰਵਰ ਦੀ ਪੁਲਸ ਨੇ ਪੰਜਾਬ ਸਮੇਤ ਹਰਿਆਣਾ ਅਤੇ ਰਾਜਸਥਾਨ ਦੇ ਥਾਣਿਆਂ ਨੂੰ ਨੋਟਿਸ ਭੇਜਿਆ ਹੈ ਕਿ ਹਰੀਪੁਰਾ ਵਾਸੀ ਲੋਕੇਸ਼ ਗੋਦਾਰਾ ਪੁੱਤਰ-ਓਮ ਪ੍ਰਕਾਸ਼ ਗੋਦਾਰਾ ਨੇ ਵਿਆਹ ਸਮਾਗਮ ਵਿੱਚ ਪਿੰਡ ਦੇ ਸਾਬਕਾ ਸਰਪੰਚ ਮਹਿੰਦਰ ਕੁਮਾਰ ਪੁੱਤਰ ਰਾਜਾ ਰਾਮ, ਨੀਰਜ ਪੁੱਤਰ ਰਾਮ ਮੂਰਤੀ, ਭਰਤ ਲਾਲ 'ਤੇ ਗੋਲੀਆਂ ਚਲਾ ਦਿੱਤੀਆਂ, ਜਿਸ ਵਿੱਚ ਮਹਿੰਦਰ ਦੀ ਮੌਤ ਹੋ ਗਈ, ਜਦ ਕਿ ਦੋਵੇਂ ਫੱਟੜ ਹਨ। ਜੇ ਕਿਸੇ ਨੂੰ ਵੀ ਲੋਕੇਸ਼ ਗੋਦਾਰਾ ਕਿਥੇ ਵੀ ਮਿਲੇ ਤਾਂ ਉਸ ਨੂੰ ਗ੍ਰਿਫਤਾਰ ਕਰਕੇ ਖੂਈਆਂ ਸਰਵਰ ਪੁਲਸ ਨੂੰ ਸੂਚਿਤ ਕਰਨ।

## ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਮਾਣ-ਹਾਨੀ ਦੀ ਸ਼ਿਕਾਇਤ ਹਾਈਕੋਰਟ ਵੱਲੋਂ ਰੱਦ

ਚੰਡੀਗੜ੍ਹ, 12 ਨਵੰਬਰ (ਪੋਸਟ ਬਿਊਰੋ)- ਸੇਵਾਮੁਕਤ ਜਸਟਿਸ ਰਣਜੀਤ ਸਿੰਘ ਵੱਲੋਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਵਿਰੁੱਧ ਕਮਿਸ਼ਨ ਦੀ ਮਾਣ-ਹਾਨੀ ਦੀ ਸ਼ਿਕਾਇਤ ਰੱਦ ਕਰਦਿਆਂ ਜਸਟਿਸ ਅਮਿਤ ਰਾਵਲ ਦੀ ਬੈਂਚ ਨੇ ਕਿਹਾ ਹੈ ਕਿ ਜੇ ਰਣਜੀਤ ਸਿੰਘ ਦੇ ਵਕੀਲ ਦੀਆਂ ਦਲੀਲਾਂ ਮੰਨ ਲਈਆਂ ਜਾਣ ਤਾਂ ਕਮਿਸ਼ਨ ਦੀ ਮਿਆਦ ਖਤਮ ਹੋਣ 'ਤੇ ਕੋਈ ਵੀ ਮੈਂਬਰ ਆਪਣੀ ਮਰਜ਼ੀ ਨਾਲ ਸ਼ਿਕਾਇਤ ਲੈ ਕੇ ਪੁੱਜ ਜਾਏਗਾ ਅਤੇ ਇਸ ਤਰ੍ਹਾਂ ਸ਼ਿਕਾਇਤਾਂ ਦਾ ਚੱਕਰ ਚੱਲਦਾ ਰਹਿ ਸਕਦਾ ਹੈ।

ਜਸਟਿਸ ਰਣਜੀਤ ਸਿੰਘ ਦੇ ਵਕੀਲ ਏ ਪੀ ਐਸ ਦਿਓਲ ਨੇ ਦਲੀਲ ਦਿੱਤੀ ਸੀ ਕਿ ਕਮਿਸ਼ਨ ਖਤਮ ਹੋਣ ਪਿੱਛੋਂ ਇਸ ਦੇ ਮੈਂਬਰ ਕੋਲ ਛੇ ਮਹੀਨੇ ਤੱਕ ਸ਼ਕਤੀਆਂ ਰਹਿੰਦੀਆਂ ਹਨ, ਇਸ ਲਈ ਕਮਿਸ਼ਨਜ਼ ਆਫ ਇਨਕੁਆਰੀ ਐਕਟ ਹੇਠ ਜਸਟਿਸ ਸਿੰਘ ਦੀ ਸ਼ਿਕਾਇਤ 'ਤੇ




ਸੁਣਵਾਈ ਕੀਤੀ ਜਾ ਸਕਦੀ ਹੈ। ਰਣਜੀਤ ਸਿੰਘ ਨੇ ਹਾਈ ਕੋਰਟ ਵਿੱਚ ਸ਼ਿਕਾਇਤ ਕਰਕੇ ਕਿਹਾ ਸੀ ਕਿ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਨੇ ਪ੍ਰੈਸ ਕਾਨਫਰੰਸ ਦੌਰਾਨ ਕਮਿਸ਼ਨ ਦੇ ਮੈਂਬਰ ਦੀ ਮਾਣ-ਹਾਨੀ ਕੀਤੀ ਹੈ, ਇਸ ਲਈ ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਦੂਜੇ ਪਾਸੇ ਦੇ ਵਕੀਲਾਂ ਨੇ ਦਲੀਲਾਂ ਪੇਸ਼ ਕੀਤੀਆਂ ਕਿ ਇਹ ਸ਼ਿਕਾਇਤ ਕਮਿਸ਼ਨ ਦੀ ਮਿਆਦ ਮੁੱਕ ਜਾਣ ਪਿੱਛੋਂ ਕੀਤੀ ਗਈ ਹੈ, ਇਸ ਲਈ ਇਸ ਸ਼ਿਕਾਇਤ 'ਤੇ ਸੁਣਵਾਈ ਹੀ ਨਹੀਂ ਹੋ ਸਕਦੀ। ਸ਼ਿਕਾਇਤ ਰੱਦ ਕਰਦਿਆਂ ਅਦਾਲਤ ਨੇ ਕਿਹਾ ਕਿ ਇਸ ਕਰ ਕੇ ਇਹ ਸ਼ਿਕਾਇਤ ਨਹੀਂ ਸੁਣੀ ਜਾ ਸਕਦੀ।

## ਸ਼ਾਰਧਾ ਚੈਨਲ ਦੀ ਪ੍ਰਚਾਰਕ ਬੀਬੀ ਬਬੀਤਾ ਵਿਰੁੱਧ ਪੁਲਸ ਨੇ ਕੇਸ ਦਰਜ ਕੀਤਾ

### * ਡੇਰਾ ਬਿਆਸ ਦੇ ਮੁਖੀ ਦੀ ਤੁਲਨਾ ਗੁਰੂ ਸਾਹਿਬ ਨਾਲ ਕਰ ਬੈਠੀ ਸੀ

ਅੰਮ੍ਰਿਤਸਰ, 12 ਨਵੰਬਰ (ਪੋਸਟ ਬਿਊਰੋ)- ਬੀਤੇ ਦਿਨੀਂ ਸੋਸ਼ਲ ਮੀਡੀਆ ਉਤੇ ਇੱਕ ਆਡੀਉ ਜਾਰੀ ਕਰਕੇ ਡੇਰਾ ਰਾਧਾ ਸਵਾਮੀ ਬਿਆਸ ਦੇ ਮੁਖੀ ਦੀ ਤੁਲਨਾ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਕਰਨ ਦੇ ਬਾਅਦ ਸਿੱਖ ਜਥੇਬੰਦੀਆਂ ਵਿੱਚ ਬਹੁਤ ਰੋਸ ਪਾਇਆ ਜਾ ਰਿਹਾ ਸੀ। ਇਸ ਸੰਬੰਧ ਵਿੱਚ ਕੱਲ੍ਹ ਉਸ ਬੀਬੀ ਬਬੀਤਾ ਵਿਰੁੱਧ ਪੁਲਸ ਨੇ ਕੇਸ ਦਰਜ ਕਰ ਲਿਆ ਹੈ। ਇਸ ਦੀ ਜਾਣਕਾਰੀ ਪੁਲਸ ਸੂਤਰਾਂ ਤੋਂ ਮਿਲੀ ਹੈ।



ਡੀ ਐਸ ਪੀ ਬਾਬਾ ਬਕਾਲਾ ਹਰਕਿਸ਼ਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਬੀਤੇ ਦਿਨੀਂ ਜਥੇਦਾਰ ਧਿਆਨ ਸਿੰਘ ਮੰਡ ਤੋਂ ਇੱਕ ਸ਼ਿਕਾਇਤ ਮਿਲੀ ਸੀ ਕਿ ਸ਼ਾਰਧਾ ਚੈਨਲ 'ਤੇ ਬਬੀਤਾ ਨਾਮ ਦੀ ਇੱਕ ਪ੍ਰਚਾਰਕ ਵੱਲੋਂ ਸੋਸ਼ਲ ਮੀਡੀਆ 'ਤੇ ਇੱਕ ਆਡੀਉ ਜਾਰੀ ਕਰਕੇ ਡੇਰਾ ਮੁੱਖੀ ਬਿਆਸ ਦੀ ਤੁਲਨਾ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਕੀਤੀ ਗਈ ਹੈ, ਜਿਸ ਨਾਲ ਸਿੱਖ ਹਿਰਦੇ ਵਲੂੰਧਰੇ ਗਏ ਸਨ। ਪੁਲਸ ਨੇ ਬੀਬੀ ਬਬੀਤਾ ਵਿਰੁੱਧ ਥਾਣਾ ਬਿਆਸ ਵਿਖੇ ਪਰਚਾ ਦਰਜ ਕਰ ਲਿਆ ਤੇ ਤਫਤੀਸ਼ ਜਾਰੀ ਹੈ। ਉਹਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਡੇਰੇ ਦੇ ਸਕੱਤਰ ਨਾਲ ਗੱਲਬਾਤ ਕਰਨ 'ਤੇ ਉਨ੍ਹਾਂ ਸਪੱਸ਼ਟ ਕੀਤਾ ਕਿ ਡੇਰੇ ਦਾ ਕੋਈ ਚੈਨਲ ਨਹੀਂ ਤੇ ਨਾ ਬੀਬੀ ਬਬੀਤਾ ਡੇਰੇ ਦੀ ਬੁਲ-ਾਰਾ ਹੈ। ਉਨ੍ਹਾਂ ਕਿਹਾ ਕਿ ਡੇਰੇ ਦੇ ਸਤਿਸੰਗਾਂ ਵਿੱਚ 'ਕਹੁ ਨਾਨਕ ਸਭੁ ਤੇਰੀ ਵਡਿਆਈ, ਕੋਈ ਨਾਉ ਨਾ ਜਾਣੇ ਮੇਰਾ' ਅਨੁਸਾਰ ਗੁਰੂ ਨਾਨਕ ਦੇਵ ਜੀ ਦੀ ਉਪਾਸ਼ਨਾ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਬਬੀਤਾ ਵਿਰੁੱਧ ਜੋ ਵੀ ਤੱਥ ਸਾਹਮਣੇ ਆਉਣਗੇ, ਕਾਰਵਾਈ ਕੀਤੀ ਜਾਵੇਗੀ।



### ਖਜ਼ਾਨਾ ਮੰਤਰੀ ਬੀਬੀ ਨੇ ਮੰਨਿਆ

## ਔਖੀ ਘੜੀ ਵਿੱਚੋਂ ਲੰਘ ਰਹੀ ਹੈ ਭਾਰਤੀ ਅਰਥ ਵਿਵਸਥਾ



ਨਵੀਂ ਦਿੱਲੀ, 12 ਨਵੰਬਰ (ਪੋਸਟ ਬਿਊਰੋ)- ਭਾਰਤ ਦੀ ਖਜ਼ਾਨਾ ਮੰਤਰੀ ਨਿਮਰਲਾ ਸੀਤਾਰਮਨ ਨੇ ਵੀ ਆਖਰ ਇਹ ਮੰਨ ਲਿਆ ਹੈ ਕਿ ਭਾਰਤੀ ਅਰਥ ਵਿਵਸਥਾ ਔਖੀ ਘੜੀ ਵਿੱਚੋਂ ਲੰਘ ਰਹੀ ਹੈ।

ਕੱਲ੍ਹ ਇਥੇ ਇੱਕ ਕਿਤਾਬ ਨੂੰ ਰਿਲੀਜ਼ ਕਰਨ ਲਈ ਹੋਏ ਸਮਾਰੋਹ ਵਿੱਚ ਉਨ੍ਹਾਂ ਨੇ ਕਿਹਾ ਕਿ ਅਰਥ ਵਿਵਸਥਾ ਵਿੱਚ ਕਿੰਨੀ ਸੁਸਤੀ ਹੈ ਅਤੇ ਇਹ ਕਿਹੜੇ ਕਾਰਨਾਂ ਕਰਕੇ ਹੈ, ਇਸ ਉਤੇ ਚਿੰਤਨ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜਿਹੜੀ ਕਿਤਾਬ ਮੈਂ ਰਿਲੀਜ਼ ਕੀਤੀ ਹੈ, ਉਸ ਨੂੰ ਪੜ੍ਹਨ ਤੋਂ ਬਾਅਦ ਲੋਕਾਂ ਨੂੰ ਸਹੀ ਅਰਥਾਂ ਵਿੱਚ ਪਤਾ ਲੱਗੇਗਾ ਕਿ ਇਸ ਮੰਦੀ ਦੇ ਕੀ ਕਾਰਨ ਹਨ? ਵਰਨਣ ਯੋਗ ਹੈ ਕਿ ਭਾਰਤ ਦੀ ਵਿਕਾਸ ਦਰ ਸਾਲ ਦੇ ਸਭ ਤੋਂ ਹੇਠਲੇ ਪੱਧਰ ਵਿੱਚ ਜੂਨ ਵਿੱਚ ਪਹੁੰਚ ਗਈ ਸੀ। ਇਹ ਪੰਜ ਫੀਸਦੀ ਦੇ ਪੱਧਰ ਉਤੇ ਰਹੀ। ਸੀਤਾਰਮਨ ਨੇ ਕਿਹਾ ਕਿ ਇਹ ਕਿਤਾਬ ਅਜਿਹੇ ਸਮੇਂ ਆਈ ਹੈ ਜਦੋਂ ਕੌਮਾਂਤਰੀ ਅਰਥ ਵਿਵਸਥਾ ਵਿੱਚ ਸੁਸਤੀ ਨਾਲ ਜੁੜੇ ਸਵਾਲ ਪੁੱਛੇ ਜਾ ਰਹੇ ਹਨ। ਭਾਰਤ ਦੀ ਅਰਥ ਵਿਵਸਥਾ ਬਾਰੇ ਵੀ ਸਵਾਲ ਕੀਤੇ ਜਾ ਰਹੇ ਹਨ। ਕੌਮਾਂਤਰੀ ਅਤੇ ਭਾਰਤੀ ਇਕਾਨਮੀ ਜਿਨ੍ਹਾਂ ਚੁਣੌਤੀਆਂ ਵਿੱਚੋਂ ਲੰਘ ਰਹੀ ਹੋ, ਉਸ ਚੁਣੌਤੀ ਦੇ ਦੋ ਸ਼ਲਾਘਾ ਯੋਗ ਹੱਲ ਇਸ ਕਿਤਾਬ ਵਿੱਚ ਦਿੱਤੇ ਗਏ ਹਨ।

## ਸੈਂਟਰਲ ਵਿਸਟਾ ਨਵਾਂ ਕੇਂਦਰ ਬਣੇਗਾ, ਇਕੋ ਮੰਜ਼ਿਲ ਉੱਤੇ ਸਾਰੇ ਮੰਤਰਾਲੇ ਤੇ ਵਿਭਾਗ ਹੋਣਗੇ

ਨਵੀਂ ਦਿੱਲੀ, 12 ਨਵੰਬਰ (ਪੋਸਟ ਬਿਊਰੋ)- ਭਾਰਤ ਦੀ ਰਾਜਧਾਨੀ ਦਿੱਲੀ ਦੇ ਰਾਏਸੀਨਾ ਹਿਲਜ਼ ਅਤੇ ਇੰਡੀਆ ਗੇਟ ਦੇ ਵਿਚਾਲੇ 3 ਕਿਲੋਮੀਟਰ ਵਿੱਚ ਫੈਲਿਆ ਸੈਂਟਰਲ ਵਿਸਟਾ ਵਿੱਚ ਭਵਿੱਖ ਦਾ ਸੱਤਾ ਦਾ ਮੁੱਖ ਕੇਂਦਰ ਬਣੇਗਾ। ਇਸ ਸਥਾਨ ਨੂੰ 'ਸੀਟ ਆਫ ਪਾਵਰ' ਦੇ ਤੌਰ ਉੱਤੇ ਵਿਕਸਿਤ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਨਵੀਂ ਯੋਜਨਾ ਹੇਠ ਰਾਜਪੱਥ ਉੱਤੇ ਸਾਂਝਾ ਕੇਂਦਰੀ ਸਕੱਤਰੇਤ ਹੋਵੇਗਾ। ਇਸ ਯੋਜਨਾ ਨਾਲ ਇੱਕ ਫਲੋਰ ਉੱਤੇ ਸਾਰੇ ਵਿਭਾਗਾਂ ਦੇ ਮੰਤਰਾਲੇ ਹੋਣਗੇ ਅਤੇ ਇੱਕ ਹੋਰ ਫਲੋਰ ਉੱਤੇ ਸਾਰੇ ਮੰਤਰੀਆਂ ਦੇ ਸਕੱਤਰਾਂ ਲਈ ਥਾਂ ਹੋਵੇਗੀ ਅਤੇ ਵੱਖ-ਵੱਖ ਫਲੈਗਸ਼ਿਪ ਯੋਜਨਾਵਾਂ ਦੇ ਮੁਖੀਆਂ ਲਈ ਏਥੇ ਹੀ ਇੱਕ ਵੱਖਰਾ ਵਿਵਸਥਿਤ ਵਿੰਗ ਬਣਾਇਆ ਜਾਵੇਗਾ। ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਦੀ ਰਿਹਾਇਸ਼ ਨੂੰ ਵੀ ਰਾਏਸੀਨਾ ਹਿਲਜ਼ ਵਿੱਚ ਸ਼ਿਫਟ ਕਰਨ ਦਾ ਸੁਝਾਅ ਦਿੱਤਾ ਗਿਆ ਹੈ।



ਪਤਾ ਲੱਗਾ ਹੈ ਕਿ ਇਸ ਯੋਜਨਾ ਅਧੀਨ ਪ੍ਰਧਾਨ ਮੰਤਰੀ ਦਫਤਰ ਤੱਕ ਪਹੁੰਚਣ ਦੇ ਖਾਸ ਪ੍ਰਬੰਧ ਕੀਤੇ ਜਾ ਸਕਦੇ ਹਨ। ਇਸ ਲਈ ਇੱਕ ਅੰਡਰ ਗ੍ਰਾਊਂਡ ਰੇਲ ਸਰਵਿਸ ਜਾਂ ਮੋਨੋਰੇਲ ਸਰਵਿਸ ਹੋਵੇਗੀ, ਜਿਹੜੀ ਪ੍ਰਧਾਨ ਮੰਤਰੀ ਰਿਹਾਇਸ਼ ਨੂੰ ਸਿੱਧਾ ਨਵੀਂ ਪਾਰਲੀਮੈਂਟ ਬਿਲਡਿੰਗ ਨਾਲ ਜੋੜੇਗੀ। ਇਹ ਸਰਵਿਸ ਸੈਂਟਰਲ ਵਿਸਟਾ ਤੇ ਸੈਂਟਰਲ ਸਕੱਤਰੇਤ ਲਈ ਵੀ ਹੋਵੇਗੀ, ਜਿੱਥੇ ਵੱਖ-ਵੱਖ ਵਿਭਾਗਾਂ ਦੇ ਮੰਤਰਾਲੇ ਹੋਣਗੇ।

ਸੈਂਟਰਲ ਪਬਲਿਕ ਵਰਕਸ ਡਿਪਾਰਟਮੈਂਟ ਦੇ ਡਾਇਰੈਕਟਰ ਜਨਰਲ ਪ੍ਰਭਾਕਰ ਸਿੰਘ ਨੇ ਨਿਊਜ਼ ਏਜੰਸੀ ਨਾਲ ਗੱਲਬਾਤ ਵਿੱਚ ਦੱਸਿਆ ਕਿ ਸਾਰੀਆਂ ਰਾਜਧਾਨੀਆਂ ਦਾ ਇੱਕ ਵਿਸ਼ੇਸ਼ ਖੇਤਰ ਹੁੰਦਾ ਹੈ, ਜਿੱਥੇ ਸਰਕਾਰੀ ਅਫਸਰਾਂ ਦੇ ਲਈ ਰਿਹਾਇਸ਼ ਹੁੰਦੀ ਹੈ। ਦਿੱਲੀ ਵਿੱਚ ਸਾਡੇ ਅਧਿਕਾਰੀ ਵੱਖ-ਵੱਖ ਹਿੱਸਿਆਂ ਵਿੱਚ ਬੈਠਦੇ ਹਨ। ਸੈਂਟਰਲ ਸਕੱਤਰੇਤ ਹੀ ਇੱਕ ਸਥਾਨ ਹੋਵੇਗਾ, ਜਿੱਥੇ ਸਾਰੇ ਵਿਭਾਗਾਂ ਦੇ ਮੰਤਰਾਲੇ ਹੋਣਗੇ। ਇਸ ਸਥਿਤੀ ਵਿੱਚ ਕਿਸੇ ਸ਼ਾਰਟ ਨੋਟਿਸ ਉੱਤੇ ਅਧਿਕਾਰੀਆਂ ਦੀ ਮੀਟਿੰਗ ਇੱਕ ਥਾਂ ਹੋ ਸਕੇਗੀ। ਇਸ ਯੋਜਨਾ ਦਾ ਉਦੇਸ਼ ਸਰਕਾਰੀ ਕਾਰਜ ਸਮਰੱਥਾ ਨੂੰ ਹੋਰ ਯੋਗ ਬਣਾਉਣਾ ਹੈ।

ਕੇਂਦਰੀ ਜਨਤਕ ਕਾਰਜ ਵਿਭਾਗ (ਸੀ ਪੀ ਡਬਲਿਊ ਡੀ) ਨੇ ਇਸ ਪਲਾਨ ਲਈ ਕਈ ਦੂਜੀਆਂ ਸਾਈਟਾਂ ਜਿਵੇਂ ਕਾਲੋਨੀ ਤੇ ਹੋਰ ਥਾਵਾਂ ਨੂੰ ਵੀ ਦੇਖਿਆ ਤੇ ਅੰਤ ਵਿੱਚ ਸੈਂਟਰਲ ਵਿਸਟਾ ਨੂੰ ਇਸ ਕੰਮ ਲਈ ਚੁਣਿਆ ਹੈ। ਸੈਂਟਰਲ ਵਿਸਟਾ ਨੂੰ ਚੁਣੇ ਜਾਣ ਦਾ ਇੱਕ ਕਾਰਨ ਇਹ ਹੈ ਕਿ ਇਹ ਪਾਰਲੀਮੈਂਟ ਭਵਨ ਤੋਂ ਦੂਰ ਨਹੀਂ। ਇਸ ਨਵੇਂ ਇਲਾਕੇ ਦੀ ਉਸਾਰੀ ਦੇ ਲਈ ਕੁਝ ਪੁਰਾਣੀਆਂ ਇਮਾਰਤਾਂ ਢਾਹੀਆ ਜਾਣਗੀਆਂ। ਖੇਤੀ ਵਿਕਾਸ, ਸਮਾਜਿਕ, ਨਿਆਂ, ਆਦਿ ਵਾਸੀ ਵਿਭਾਗ ਅਤੇ ਸ਼ਹਿਰੀ ਆਵਾਸ ਵਿਭਾਗਾਂ ਦਾ ਭਵਨ ਨਵੇਂ ਨਿਰਮਾਣ ਲਈ ਢਾਹਿਆ ਜਾਵੇਗਾ ਤਾਂ ਕਿ ਪੂਰੇ ਇਲਾਕੇ ਨੂੰ ਫਿਰ ਤੋਂ ਤਿਆਰ ਕੀਤਾ ਅਤੇ ਸਿਰੇ ਚਾੜ੍ਹਿਆ ਜਾ ਸਕੇ।

## ਸਾਬਕਾ ਕਾਂਗਰਸੀ ਮੰਤਰੀ ਸ਼ਸ਼ੀ ਥਰੂਰ ਦੇ ਵਾਰੰਟ ਜਾਰੀ

ਨਵੀਂ ਦਿੱਲੀ, 12 ਨਵੰਬਰ (ਪੋਸਟ ਬਿਊਰੋ)- ਕਾਂਗਰਸ ਦੇ ਆਗੂ ਤੇ ਕੇਰਲਾ ਦੇ ਤਿਰੂਵਨੰਤਪੁਰਮ ਹਲਕੇ ਤੋਂ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਸ਼ਸ਼ੀ ਥਰੂਰ ਦੇ ਖਿਲਾਫ ਇੱਕ ਅਦਾਲਤ ਮਾਣਹਾਨੀ ਵਰੰਟ ਜਾਰੀ ਕੀਤਾ ਹੈ। ਕੋਰਟ ਵਿਚ ਹਾਜ਼ਰ ਨਾ ਹੋਣ ਕਾਰਨ ਸ਼ਸ਼ੀ ਥਰੂਰ ਦੇ ਖਿਲਾਫ ਇਸ ਤਰ੍ਹਾਂ ਦਾ ਵਰੰਟ ਜਾਰੀ ਕੀਤਾ ਗਿਆ ਹੈ।

ਚੀਫ ਮੈਟਰੋਪੋਲੀਟਿਨ ਮਜਿਸਟ੍ਰੇਟ ਨਵੀਨ ਕੁਮਾਰ ਕਸ਼ਅਪ ਨੇ ਇਸ ਕੇਸ ਵਿਚ ਜਮਾਨਤੀ ਵਰੰਟ ਜਾਰੀ ਕੀਤਾ ਤੇ 27 ਨਵੰਬਰ 2019 ਨੂੰ ਉਨ੍ਹਾਂ ਨੂੰ ਕੋਰਟ ਵਿਚ ਪੇਸ਼ ਹੋਣ ਲਈ ਨੋਟਿਸ ਦਿੱਤਾ ਹੈ। ਕੋਰਟ ਨੇ ਇਹ ਨੋਟਿਸ ਉਦੋਂ ਜਾਰੀ ਕੀਤਾ, ਜਦੋਂ ਸ਼ਸ਼ੀ ਥਰੂਰ ਤੇ ਉਨ੍ਹਾਂ ਦੇ ਵਕੀਲ ਕੇਸ ਦੀ ਸੁਣਵਾਈ ਦੌਰਾਨ ਮੌਜੂਦ ਨਹੀਂ ਹੋਏ ਅਤੇ ਨਾ ਉਨ੍ਹਾਂ ਨੇ ਗੈਰਹਾਜ਼ਰ ਹੋਣ ਦੀ ਵਜ੍ਹਾ ਦਸਦੀ ਕੋਈ ਅਰਜ਼ੀ ਦਿੱਤੀ ਸੀ। ਕੇਸ ਦੀ ਸੁਣਵਾਈ ਮੌਕੇ ਕੇਸ ਦਾਖਲ ਕਰਨ ਵਾਲੇ ਰਾਜੀਵ ਬੱਬਰ ਅਤੇ ਉਨ੍ਹਾਂ ਦੇ ਮੁੱਖ ਵਕੀਲ ਵੀ ਹਾਜ਼ਰ ਨਹੀਂ ਸਨ ਹੋਏ।

ਪਿਛਲੇ ਸਾਲ ਨਵੰਬਰ ਵਿਚ ਸ਼ਸ਼ੀ ਥਰੂਰ ਦੇ ਬਿਆਨ ਉੱਤੇ ਓਦੋਂ ਹੰਗਾਮਾ ਹੋਇਆ ਸੀ, ਜਦੋਂ ਉਨ੍ਹਾਂ ਨੇ ਬੈਂਗਲੂਰੂ ਲਿਟਰੇਚਰ ਫੈਸਟੀਵਲ ਵਿਚ ਬੋਲਦੇ ਹੋਏ ਇਹ ਕਿਹਾ ਸੀ ਕਿ ਆਰ ਐਸ ਐਸ ਦੇ ਆਦਮੀ ਨੇ ਉਸ ਨਾਲ ਗੱਲਬਾਤ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤੁਲਨਾ ਅਜਿਹੇ ਬਿੱਛੂ ਨਾਲ ਕੀਤੀ ਸੀ, ਜਿਹੜਾ ਸ਼ਿਵਲਿੰਗ ਉੱਤੇ ਬੈਠਾ ਹੈ ਤੇ ਜਿਸ ਨੂੰ ਮਾਰਿਆ ਵੀ ਨਹੀਂ ਜਾ ਸਕਦਾ। ਸ਼ਸ਼ੀ ਥਰੂਰ ਨੇ ਉਸ ਆਗੂ ਦੇ ਨਾਮ ਦਾ ਖੁਲਾਸਾ ਨਹੀਂ ਕੀਤਾ ਸੀ। ਉਸ ਦੇ ਇਸ ਬਿਆਨ ਉੱਤੇ ਦਿੱਲੀ ਭਾਜਪਾ ਦੇ ਨੇਤਾ ਰਾਜੀਵ ਬੱਬਰ ਨੇ ਸ਼ਸ਼ੀ ਥਰੂਰ ਦੇ ਖਿਲਾਫ ਅਪਰਾਧਿਕ ਮਾਣਹਾਨੀ ਦਾ ਕੇਸ ਦਾਇਰ ਕੀਤਾ ਤੇ ਦਾਅਵਾ ਕੀਤਾ ਕਿ ਇਸ ਨਾਲ ਲੋਕਾਂ ਦੀਆਂ ਧਾਰਮਿਕ ਮਾਨਤਾਵਾਂ ਨੂੰ ਠੇਸ ਪੁੱਜੀ ਹੈ। ਆਪਣੀ ਸ਼ਿਕਾਇਤ ਵਿਚ ਰਾਜੀਵ ਬੱਬਰ ਨੇ ਕਿਹਾ ਸੀ ਕਿ ਸ਼ਸ਼ੀ ਥਰੂਰ ਨੇ ਇਹ ਬਿਆਨ ਗਲਤ ਢੰਗ ਨਾਲ ਦਿੱਤਾ ਸੀ, ਜਿਸ ਨਾਲ ਨਾ ਸਿਰਫ ਹਿੰਦੂ ਦੇਵਤੇ ਦਾ ਅਪਮਾਨ ਹੋਇਆ, ਬਲਕਿ ਇਹ ਪ੍ਰਧਾਨ ਮੰਤਰੀ ਲਈ ਵੀ ਅਪਮਾਨ ਜਨਕ ਸੀ।

## ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਖਜ਼ਾਨੇ ਦੀ ਸਟੈਂਡਿੰਗ ਕਮੇਟੀ ਦੀ ਮੈਂਬਰੀ ਮਿਲੀ

ਨਵੀਂ ਦਿੱਲੀ, 12 ਨਵੰਬਰ (ਪੋਸਟ ਬਿਊਰੋ)- ਪਾਰਲੀਮੈਂਟ ਦੇ ਉੱਪਰਲੇ ਸਦਨ ਰਾਜ ਸਭਾ ਚੇਅਰਮੈਨ ਵੈਂਕਈਆ ਨਾਇਡੂ ਨੇ ਸਾਬਕਾ ਪ੍ਰਧਾਨ ਮੰਤਰੀ ਅਤੇ ਕਾਂਗਰਸੀ ਨੇਤਾ ਡਾਕਟਰ ਮਨਮੋਹਨ ਸਿੰਘ ਨੂੰ ਵਿੱਤੀ ਮਾਮਲਿਆਂ ਦੀ ਸਟੈਂਡਿੰਗ ਕਮੇਟੀਲਈ ਨਾਮਜ਼ਦ ਕੀਤਾ ਹੈ। ਮਨਮੋਹਨ ਸਿੰਘ ਆਪਣੀ ਪਾਰਟੀ ਦੇ ਨੇਤਾ ਦਿਗਵਿਜੇ ਸਿੰਘ ਦੀ ਥਾਂ ਲੈਣਗੇ। ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਦਿਗਵਿਜੇ ਸਿੰਘ ਨੂੰ ਸ਼ਹਿਰੀ ਵਿਕਾਸ ਬਾਰੇ ਸਟੈਂਡਿੰਗ ਕਮੇਟੀ ਵਿੱਚ ਪਾਇਆ ਗਿਆ ਹੈ।



ਪਾਰਲੀਮੈਂਟ ਦੇ ਬੁਲੇਟਿਨ ਵਿੱਚ ਲੋਕ ਸਭਾ ਦੇ ਸਪੀਕਰ ਦੇ ਹਵਾਲੇ ਨਾਲ ਕਿਹਾ ਗਿਆ ਹੈ, 'ਰਾਜ ਸਭਾ ਮੈਂਬਰ ਦਿਗਵਿਜੇ ਸਿੰਘ ਸ਼ਹਿਰੀ ਵਿਕਾਸ ਮਾਮਲਿਆਂ ਦੀ ਪਾਰਲੀਮੈਂਟਰੀ ਕਮੇਟੀ ਦੇ ਮੈਂਬਰ ਹੋਣਗੇ।' ਇਕ ਅਖਬਾਰ ਨੇ ਸੂਤਰਾਂ ਦੇ ਹਵਾਲੇ ਲਿਖਿਆ ਹੈ ਕਿ ਦਿਗਵਿਜੇ ਸਿੰਘ ਨੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਲਈ ਵਿੱਤੀ ਮਾਮਲਿਆਂ ਦੀ ਸਥਾਈ ਕਮੇਟੀ ਤੋਂ ਅਸਤੀਫਾ ਦੇ ਦਿੱਤਾ ਸੀ। ਵਰਨਣ ਯੋਗ ਹੈ ਕਿ 1991 ਵਿੱਚ ਦੇਸ਼ ਦੇ ਵਿੱਤ ਮੰਤਰੀ ਰਹੇ ਮਨਮੋਹਨ ਸਿੰਘ ਇਸ ਸਾਲ ਜੂਨ ਵਿੱਚ ਰਾਜ ਸਭਾ ਵਿੱਚ ਆਪਣਾ ਸਮਾਂ ਪੂਰਾ ਹੋਣ ਤੋਂ ਪਹਿਲਾਂ ਸਤੰਬਰ 2014 ਤੋਂ ਮਈ 2019 ਤਕ ਵੀ ਪਾਰਲੀਮੈਂਟਰੀ ਕਮੇਟੀ ਦੇ ਮੈਂਬਰ ਸਨ। ਇਸੇ ਸਾਲ ਅਗਸਤ ਵਿੱਚ ਉਹ ਰਾਜਸਥਾਨ ਤੋਂ ਇਕ ਵਾਰ ਫਿਰ ਰਾਜ ਸਭਾ ਮੈਂਬਰੀ ਦੇ ਲਈ ਨਾਮਜ਼ਦ ਹੋਏ ਸਨ। ਆਪਣੇ ਪਿਛਲੇ ਸਮੇਂ ਵਿੱਚ ਮਨਮੋਹਨ ਸਿੰਘ ਨੇ ਇਸ ਕਮੇਟੀ ਵਿੱਚ ਨੋਟਬੰਦੀ ਤੇ ਵਿਚਾਰ-ਵਟਾਂਦਰੇ ਲਈ ਜੀ ਐੱਸ ਟੀ ਵਰਗੇ ਮੁੱਦੇ ਉਠਾਏ ਸਨ ਅਤੇ ਇੱਕ ਮਹੱਤਵ ਪੂਰਨ ਭੂਮਿਕਾ ਨਿਭਾਈ ਸੀ।

## 70 ਹਜ਼ਾਰ ਮੁਲਾਜ਼ਮ ਮਰਜ਼ੀ ਨਾਲ ਸੇਵਾ ਮੁਕਤੀ ਲਈ ਰਾਜ਼ੀ

ਨਵੀਂ ਦਿੱਲੀ, 12 ਨਵੰਬਰ (ਪੋਸਟ ਬਿਊਰੋ)- ਬੀ ਐਸ ਐਨ ਐਲ (ਭਾਰਤ ਸੰਚਾਰ ਨਿਗਮ ਲਿਮਟਿਡ) ਦੇ ਚੇਅਰਮੈਨ ਤੇ ਮੈਨੇਜਿੰਗ ਡਾਇਰੈਕਟਰ ਪੀ ਕੇ ਪੁਰਵਾਰ ਨੇ ਕੱਲ੍ਹ ਕਿਹਾ ਕਿ ਪਿਛਲੇ ਹਫਤੇ ਲਾਂਚ ਹੋਈ ਸਵੈ-ਇੱਛਕ ਸੇਵਾ ਮੁਕਤੀ ਯੋਜਨਾ (ਵੀ ਆਰ ਐਸ) ਨੂੰ ਲਗੱਭਗ 70,000 ਮੁਲਾਜ਼ਮਾਂ ਨੇ ਚੁਣ ਲਿਆ ਹੈ। ਕੁਲ ਮਿਲਾ ਕੇ ਇਸ ਦੇ ਨਾਲ ਬੀ ਐਸ ਐਨ ਐਲ ਦੇ ਇੱਕ ਲੱਖ ਕਰਮਚਾਰੀ ਵੀ ਆਰ ਐਸ ਲੈਣ ਲਈ ਯੋਗ ਹਨ।

ਵਰਨਣ ਯੋਗ ਹੈ ਕਿ ਕਿ ਬੀ ਐਸ ਐਨ ਐਲ ਦੇ ਕਰਮਾਚਾਰੀਆਂ ਦੀ ਗਿਣਤੀ ਡੇਢ ਲੱਖ ਦੇ ਲਗੱਭਗ ਹੈ। ਇਸ ਦਾ ਆਪਣਾ ਟੀਚਾ ਹੈ ਕਿ ਲਗੱਭਗ 77.000 ਮੁਲਾਜ਼ਮ ਵੀ ਆਰ ਐਸ ਯੋਜਨਾ ਹੇਠ ਰਿਟਾਇਰ ਕਰ ਦਿੱਤੇ ਜਾਣਗੇ ਅਤੇ ਇਹ ਯੋਜਨਾ 31 ਜਨਵਰੀ 2020 ਤੋਂ ਲਾਗੂ ਹੋਵੇਗੀ। ਪੁਰਵਾਰ ਨੇ ਕਿਹਾ ਕਿ ਵੀ ਆਰ ਐਸ ਵਾਲਾ ਬਦਲ ਚੁਣ ਰਹੇ ਮੁਲਾਜ਼ਮਾਂ ਦੀ ਗਿਣਤੀ ਲਗੱਭਗ 70 ਹਜ਼ਾਰ ਤੱਕ ਪੁੱਜ ਗਈ ਹੈ ਤੇ ਇਸ ਯੋਜਨਾ ਨੂੰ ਮੁਲਾਜ਼ਮਾਂ ਵੱਲੋਂ ਚੰਗੀ ਪ੍ਰਤੀਕਿਰਿਆ ਮਿਲ ਰਹੀ ਹੈ। ਟੈਲੀਕਾਮ ਵਿਭਾਗ ਨੇ ਬੀ ਐਸ ਐਨ ਐਲ ਨੂੰ ਕਿਹਾ ਸੀ ਕਿ ਉਹ ਵੀ ਆਰ ਐਸ ਤੋਂ ਬਾਅਦ ਹੋਰ ਬਿਹਤਰ ਕਾਰੋਬਾਰ ਯਕੀਨੀ ਕਰੇਗੀ, ਖਾਸ ਤੌਰ 'ਤੇ ਪੇਂਡੂ ਖੇਤਰਾਂ ਦੀਆਂ ਟੈਲੀਫੋਨ ਐਕਸਚੇਂਜਾਂ ਲਈ। ਇਹ ਇਸ ਲਈ ਕਿਹਾ ਗਿਆ ਕਿ ਵੀ ਆਰ ਐਸ ਸਕੀਮ ਤੋਂ ਬਾਅਦ ਮੁਲਾਜ਼ਮਾਂ ਦੀ ਗਿਣਤੀ ਘੱਟ ਕੇ ਅੱਧੀ ਰਹਿ ਜਾਵੇਗੀ। ਬੀ ਐਸ ਐਨ ਐਲ ਨੇ ਇਹ ਸਕੀਮ ਵੀ ਆਰ ਐਸ ਪਿਛਲੇ ਹਫਤੇ ਲਾਂਚ ਕੀਤੀ ਸੀ ਤੇ ਇਹ 3 ਦਸੰਬਰ ਤੱਕ ਚਲੇਗੀ। ਬੀ ਐਸ ਐਨ ਐਲ ਤਨਖਾਹ ਬਿੱਲ ਰਾਹੀ ਲਗੱਭਗ 7,000 ਕਰੋੜ ਰੁਪਏ ਦੀ ਬਚਤ ਕਰਨਾ ਚਾਹੁੰਦੀ ਹੈ।

## ਹਰਿਆਣੇ ਵਿੱਚ 18 ਦਿਨਾਂ ਵਿੱਚ 50,000 ਫੈਕਟਰੀਆਂ ਬੰਦ

ਚੰਡੀਗੜ੍ਹ, 12 ਨਵੰਬਰ (ਪੋਸਟ ਬਿਊਰੋ)- ਹਰਿਆਣਾ ਵਪਾਰ ਬੋਰਡ ਦੇ ਸੂਬਾ ਪ੍ਰਧਾਨ ਅਤੇ ਆਲ ਇੰਡੀਆ ਵਪਾਰ ਬੋਰਡ ਦੇ ਜਨਰਲ ਸਕੱਤਰ ਬਜਰੰਗ ਗਰਗ ਨੇ ਹਰਿਆਣਾ ਸਰਕਾਰ ਉੱਤੇ ਤਿੱਖਾ ਨਿਸ਼ਾਨਾ ਵਿੰਨ੍ਹਿਆ ਅਤੇ ਕਿਹਾ ਹੈ ਕਿ ਸਰਕਾਰ ਵੱਲੋਂ ਨਵੇਂ-ਨਵੇਂ ਤੁਗਲਕੀ ਫਰਮਾਨ ਜਾਰੀ ਕੀਤੇ ਜਾਣ ਨਾਲ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਆਦੇਸ਼ ਉੱਤੇ 18 ਦਿਨਾਂ ਵਿੱਚ 50,000 ਫੈਕਟਰੀਆਂ ਬੰਦ ਕਰ ਦਿੱਤੀਆਂ ਗਈਆਂ ਹਨ। ਇਸ ਨਾਲ ਉਦਯੋਗਪਤੀਆਂ ਨੂੰ ਲਗਭਗ 500 ਕਰੋੜ ਰੁਪਏ ਦਾ ਨੁਕਸਾਨ ਹੋ ਚੁੱਕਾ ਹੈ ਤੇ ਲੱਖਾਂ ਕਰਮਚਾਰੀਆਂ ਲਈ ਰੋਜ਼ਗਾਰ ਦਾ ਸੰਕਟ ਆ ਗਿਆ ਹੈ। ਬਜਰੰਗ ਗਰਗ ਨੇ ਇੱਥੇ ਜਾਰੀ ਬਿਆਨ ਵਿੱਚ ਦੋਸ਼ ਲਾਇਆ ਕਿ



ਪਾਨੀਪਤ ਵਿੱਚ ਛੋਟੀਆਂ-ਵੱਡੀਆਂ ਲਗਭਗ 20,000 ਫੈਕਟਰੀਆਂ, ਜਿਨ੍ਹਾਂ ਵਿੱਚੋਂ ਫਰੀਦਾਬਾਦ ਦੇ ਵਿੱਚ 7000, ਬਹਾਦੁਰਗੜ੍ਹ ਵਿੱਚ 4000, ਸੋਨੀਪਤ ਜ਼ਿਲੇ ਵਿੱਚ 1100 ਦੇ ਸਮੇਤ ਇਸ ਸੂਬੇ ਵਿੱਚ ਲਗਭਗ 50,000 ਫੈਕਟਰੀਆਂ ਬੰਦ ਕਰਨੀਆਂ ਪਈਆਂ ਹਨ। ਉਨ੍ਹਾਂ ਕਿਹਾ ਕਿ ਦੇਸ਼ ਅਤੇ ਸੂਬੇ ਵਿੱਚ ਪਹਿਲਾਂ ਵੀ ਭਾਰੀ ਮੰਦੀ ਕਾਰਨ ਵਪਾਰ ਤੇ ਉਦਯੋਗਿਕ ਧੰਦਾ ਚੌਪਟ ਹੋ ਗਿਆ। ਸਰਕਾਰ ਨੇ ਉਦਯੋਗਾਂ ਨੂੰ ਪ੍ਰਦੂਸ਼ਣ ਦੇ ਕਾਰਨ 14 ਨਵੰਬਰ ਤੱਕ ਬੰਦ ਰੱਖਣ ਦਾ ਆਦੇਸ਼ ਦਿੱਤਾ ਹੈ। ਉਨ੍ਹਾਂ ਨੇ ਪ੍ਰਦੂਸ਼ਣ ਕੰਟਰੋਲ ਵਿੱਚ ਨਾਕਾਮ ਹੋਣ ਦੇ ਕਾਰਨ ਸਰਕਾਰ ਉੱਤੇ ਆਪਣੀ ਅਸਫਲਤਾ ਨੂੰ ਛੁਪਾਉਣ ਲਈ ਫੈਕਟਰੀਆਂ ਨੂੰ ਬੰਦ ਕਰਾਉਣ ਦਾ ਦੋਸ਼ ਲਾਇਆ ਅਤੇ ਕਿਹਾ ਕਿ ਪ੍ਰਦੂਸ਼ਣ ਫੈਕਟਰੀਆਂ ਰਾਹੀਂ ਨਹੀਂ, ਸੜਕਾਂ ਉੱਤੇ ਚੱਲਦੇ ਵਾਹਨਾਂ ਰਾਹੀਂ ਹੋ ਰਿਹਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਉਦਯੋਗਪਤੀ ਤਾਂ ਪ੍ਰਦੂਸ਼ਣ ਬੋਰਡ ਦੀ ਸਭ ਕਾਗਜ਼ੀ ਕਾਰਵਾਈ ਕਰਨ ਪਿੱਛੋਂ ਆਪਣੇ ਉਦਯੋਗ ਚਲਾਉਂਦਾ ਹੈ। ਅਜਿਹੇ ਵਿੱਚ ਉਦਯੋਗਾਂ ਨੂੰ ਬੰਦ ਕਰਨਾ ਸੂਬੇ ਦੇ ਉਦਯੋਗਪਤੀਆਂ ਅਤੇ ਕਰਮਚਾਰੀਆਂ ਦਾ ਸ਼ੋਸ਼ਣ ਕਰਨਾ ਹੈ।

## ਹਾਈ ਕੋਰਟ ਨੇ ਹੇਠਲੀ ਅਦਾਲਤ ਦੇ ਜੱਜ ਤੋਂ ਸਪੱਸ਼ਟੀਕਰਨ ਮੰਗ ਲਿਆ

ਨਵੀਂ ਦਿੱਲੀ, 12 ਨਵੰਬਰ (ਪੋਸਟ ਬਿਊਰੋ)- ਦੋ ਭਰਾਵਾਂ ਵਿਚਾਲੇ ਜਾਇਦਾਦ ਦੇ ਵਿਵਾਦ ਦੇ ਪੈਂਡਿੰਗ ਮਾਮਲੇ ਦੀ ਜਲਦੀ ਸੁਣਵਾਈ ਕਰਕੇ ਸਥਿਤੀ ਰਿਪੋਰਟ ਪੇਸ਼ ਕਰਨ ਦੇ ਆਦੇਸ਼ ਦਾ ਪਾਲਣ ਨਾ ਕਰਨ 'ਤੇ ਦਿੱਲੀ ਹਾਈ ਕੋਰਟ ਨੇ ਨਾਰਾਜ਼ਗੀ ਪ੍ਰਗਟ ਕਰਦੇ ਹੋਏ ਸਾਕੇਤ ਜ਼ਿਲਾ ਕੋਰਟ ਦੇ ਐਡੀਸ਼ਨਲ ਸੈਸ਼ਨ ਜੱਜ ਤੋਂ ਸਪੱਸ਼ਟੀਕਰਨ ਮੰਗਿਆ ਹੈ।

ਹਾਈ ਕੋਰਟ ਦੇ ਜਸਟਿਸ ਅਨੂ ਮਲੋ-ਹਤਰਾ ਦੀ ਬੈਂਚ ਨੇ 19 ਦਸੰਬਰ ਤੱਕ ਸਥਿਤੀ ਰਿਪੋਰਟ ਪੇਸ਼ ਕਰਨ ਦੇ ਲਈ ਆਦੇਸ਼ ਦਿੱਤਾ ਹੈ। ਬੀਤੀ 5 ਨਵੰਬਰ ਨੂੰ ਸੁਣਵਾਈ ਦੌਰਾਨ ਪਟੀਸ਼ਨਰ ਸੁਰਿੰਦਰ ਕੁਮਾਰ ਦੇ ਵਕੀਲ ਜਗਮੋਹਨ ਸਿੰਘ ਨੇ ਅਦਾਲਤ ਨੂੰ ਦੱਸਿਆ ਸੀ ਕਿ ਹਾਈ ਕੋਰਟ ਨੇ ਪਹਿਲੀ ਅਕਤੂਬਰ ਨੂੰ ਆਦੇਸ਼ ਦਿੱਤਾ ਸੀ ਕਿ ਐਡੀਸ਼ਨਲ ਸੈਸ਼ਨ ਜੱਜ ਇਸ ਕੇਸ ਦੀ ਤੇਜ਼ੀ ਨਾਲ ਸੁਣਵਾਈ ਕਰ ਕੇ 5 ਨਵੰਬਰ ਤੱਕ ਸਥਿਤੀ ਰਿਪੋਰਟ ਪੇਸ਼ ਕਰਨ। ਫਿਰ 30 ਅਕਤੂਬਰ ਨੂੰ ਉਸ ਐਡੀਸ਼ਨਲ ਸੈਸ਼ਨ ਜੱਜ ਦੀ ਅਦਾਲਤ ਵਿੱਚ ਸੁਣਵਾਈ ਲਈ ਕੇਸ ਸੂਚੀਬੱਧ ਸੀ, ਪਰ ਉਸ ਨੇ ਇਹ ਕਹਿ ਕੇ ਮਾਮਲੇ ਨੂੰ 6 ਨਵੰਬਰ ਲਈ ਸੂਚੀਬੱਧ ਕਰ ਦਿੱਤਾ ਕਿ ਇਹ ਹਾਲੇ ਹਾਈ ਕੋਰਟ ਵਿੱਚ ਪੈਂਡਿੰਗ ਹੈ। ਇਨ੍ਹਾਂ ਦਲੀਲਾਂ ਨੂੰ ਰਿਕਾਰਡ 'ਤੇ ਲੈਂਦੇ ਹੋਏ ਜਸਟਿਸ ਅਨੂ ਮਲਹੋਤਰਾ ਦੇ ਬੈਂਚ ਨੇ




ਕਿਹਾ ਕਿ ਪਟੀਸ਼ਨਰ ਦੀ ਮੰਗ ਇਹ ਸੀ ਕਿ ਸਭ ਧਿਰਾਂ ਨੂੰ ਸੁਣਨ ਪਿੱਛੋਂ ਹੇਠਲੀ ਅਦਾਲਤ ਫੈਸਲਾ ਜਲਦੀ ਸੁਣਾਏ। ਇਸ ਅਦਾਲਤ ਨੇ ਸੁਣਵਾਈ 'ਤੇ ਕੋਈ ਰੋਕ ਨਹੀਂ ਲਾਈ ਸੀ, ਸਗੋਂ ਤੇਜ਼ੀ ਨਾਲ ਸੁਣਵਾਈ ਕਰਕੇ ਸਥਿਤੀ ਰਿਪੋਰਟ ਪੇਸ਼ ਕਰਨ ਦਾ ਆਦੇਸ ਦਿੱਤਾ ਸੀ। ਹੇਠਲੀ ਅਦਲਤ ਨੇ ਕੇਸ ਦੀ ਸੁਣਵਾਈ ਵੀ ਨਹੀਂ ਕੀਤੀ ਅਤੇ ਨਾ ਸਥਿਤੀ ਰਿਪੋਰਟ ਪੇਸ਼ ਕੀਤੀ ਹੈ। ਅਦਾਲਤ ਨੇ ਹੇਠਲੇ ਜੱਜ ਤੋਂ ਸਪਸ਼ਟੀਕਰਨ ਮੰਗਿਆ ਹੈ ਕਿ ਆਖਰ ਪਹਿਲੀ ਅਕਤੂਬਰ ਨੂੰ ਦਿੱਤੇ ਗਏ ਆਦੇਸ਼ ਬਾਰੇ ਸਥਿਤੀ ਰਿਪੋਰਟ ਕਿਉਂ ਨਹੀਂ ਪੇਸ਼ ਕੀਤੀ। ਪਟੀਸ਼ਨ ਮੁਤਾਬਕ ਇਹ ਪੂਰਾ ਕੇਸ ਸੁਰਿੰਦਰ ਕੁਮਾਰ ਅਤੇ ਉਨ੍ਹਾਂ ਦੇ ਭਰਾ ਪ੍ਰਦੀਪ ਕੁਮਾਰ ਵਿਚਾਲੇ ਜਾਇਦਾਦ ਦਾ ਹੈ।

ਇਹ ਕੇਸ ਕੋਟਲਾ ਮੁਬਾਰਕਪੁਰ ਥਾਣੇ ਵਿੱਚ ਦਰਜ ਹੋਇਆ ਅਤੇ ਐਸ ਡੀ ਐਮ ਦੀ ਅਦਾਲਤ ਵਿੱਚ ਸੁਣਵਾਈ ਹੋਈ। ਐਸ ਡੀ ਐਮ ਨੇ ਪ੍ਰਦੀਪ ਕੁਮਾਰ ਦੇ ਹੱਕ ਵਿੱਚ ਫੈਸਲਾ ਸੁਣਾਉਂਦੇ ਹੋਏ ਬੇਸਮੈਂਟ ਖਾਲੀ ਕਰਨ ਦਾ ਆਦੇਸ਼ ਦਿੱਤਾ। ਸੁਰਿੰਦਰ ਕੁਮਾਰ ਨੇ ਇਸ ਫੈਸਲੇ ਨੂੰ ਏ ਐਸ ਜੇ ਦੀ ਅਦਾਲਤ ਵਿੱਚ ਚੁਣੌਤੀ ਦਿੱਤੀ। ਉਥੇ ਤੇਜ਼ੀ ਨਾਲ ਸੁਣਵਾਈ ਦੀ ਮੰਗ ਕਰਦੇ ਹੋਏ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਸੀ।

## ਅਯੁੱਧਿਆ ਦੇ ਮੁਸਲਮਾਨਾਂ ਨੇ ਪੰਜ ਏਕੜ ਜ਼ਮੀਨ ਦੀ ਪੇਸ਼ਕਸ਼ ਰੱਦ ਕੀਤੀ

ਅਯੁੱਧਿਆ, 12 ਨਵੰਬਰ (ਪੋਸਟ ਬਿਊਰੋ)- ਪਵਿੱਤਰ ਨਗਰੀ ਅਯੁੱਧਿਆ ਦੇ ਪ੍ਰਮੁੱਖ ਮੁਸਲਮਾਨਾਂ ਨੇ ਪੰਜ ਏਕੜ ਜ਼ਮੀਨ ਦੀ ਪੇਸ਼ਕਸ਼ ਮੰਨਣ ਬਾਰੇ ਆਪਣੀ ਵੱਖੋ-ਵੱਖਰੀ ਰਾਏ ਦਿੱਤੀ ਹੈ।

ਵਰਨਣ ਯੋਗ ਹੈ ਕਿ ਸੁਪਰੀਮ ਕੋਰਟ ਨੇ ਅਯੁੱਧਿਆ ਕੇਸ ਦਾ ਨਿਬੇੜਾ ਕਰਦੇ ਵਕਤ ਮੁਸਲਿਮ ਭਾਈਚਾਰੇ ਨੂੰ ਹੋਰ ਥਾਂ ਉਤੇ ਪੰਜ ਏਕੜ ਜ਼ਮੀਨ ਦੇਣ ਦਾ ਹੁਕਮ ਸੁਣਾਇਆ ਹੈ। ਇਸ ਕੇਸ 'ਚ ਧਿਰ ਜਮਾਇਤ ਉਲੇਮਾ-ਏ-ਹਿੰਦ ਦੇ ਪ੍ਰਧਾਨ ਮੌਲਾਣਾ ਬਾਦਸ਼ਾਹ ਖਾਨ ਨੇ ਕਿਹਾ ਕਿ ਉਨ੍ਹਾਂ ਬਾਬਰੀ ਮਸਜਿਦ ਦੀ ਜ਼ਮੀਨ ਦਾ ਕੇਸ ਲੜਿਆ ਸੀ, ਕਿਸੇ ਹੋਰ ਜ਼ਮੀਨ ਲਈ ਨਹੀਂ। ਸਾਨੂੰ ਕਿਸੇ ਹੋਰ ਥਾਂ ਮਸਜਿਦ ਲਈ ਜ਼ਮੀਨ ਦੀ ਲੋੜ ਨਹੀਂ ਅਤੇ ਅਸੀਂ ਇਹ ਜ਼ਮੀਨ ਵੀ ਰਾਮ ਮੰਦਰ ਲਈ ਦਿੰਦੇ ਹਾਂ। ਉਨ੍ਹਾਂ ਕਿਹਾ ਕਿ ਮੁਸਲਮਾਨ ਆਪੇ ਜ਼ਮੀਨ ਖਰੀਦ ਕੇ ਮਸਜਿਦ ਬਣਾ ਸਕਦੇ ਹਨ ਤੇ ਉਹ ਕਿਸੇ ਸਰਕਾਰ 'ਤੇ ਨਿਰਭਰ ਨਹੀਂ ਹਨ। ਇਸੇ ਕੇਸ 'ਚ ਧਿਰ ਬਣੇ ਇਕਬਾਲ ਅਨਸਾਰੀ ਨੇ ਕਿਹਾ ਕਿ ਜੇ ਉਹ ਜ਼ਮੀਨ ਦੇਣਾ ਚਾਹੁੰਦੇ ਹਨ ਤਾਂ ਮੁਸਲਿਮ ਧਿਰ ਦੀ ਸਹੂਲਤ ਅਨੁਸਾਰ ਦਿੱਤੀ ਜਾਵੇ ਅਤੇ ਉਹ ਵੀ ਐਕੁਆਇਰ ਕੀਤੀ ਗਈ 67 ਏਕੜ ਜ਼ਮੀਨ 'ਚੋਂ ਹੀ ਮਿਲੇ। ਆਲ ਇੰਡੀਆ ਮਿਲੀ ਕਾਊਸਿਲ ਦੇ ਜਨਰਲ ਸਕੱਤਰ ਖਾਲਿਕ ਅਹਿਮਦ ਖਾਨ ਨੇ ਕਿਹਾ ਕਿ ਐਕੁਆਇਰ ਇਲਾਕੇ ਵਿੱਚ 16 ਪਲਾਟ ਹਨ ਅਤੇ ਉਨ੍ਹਾਂ ਨੂੰ ਉਥੇ ਜ਼ਮੀਨ ਦਿੱਤੀ ਜਾਣੀ ਚਾਹੀਦੀ ਹੈ। ਅਯੁੱਧਿਆ ਮਿਊਸਿਪਲ ਕਾਰਪੋਰੇਸ਼ਨ ਦੇ ਕਾਰਪੋਰੇਟਰ ਹਾਜੀ ਅਸਦ ਅਹਿਮਦ ਨੇ ਕਿਹਾ ਕਿ ਉਹ ਬਾਬਰੀ ਮਸਜਿਦ ਦੇ ਬਦਲੇ ਖੈਰਾਤ 'ਚ ਕੋਈ ਜ਼ਮੀਨ ਨਹੀਂ ਲੈਣਾ ਚਾਹੁੰਦੇ।

MICHELIN
Hankook
Continental
ROADLUX
BFGoodrich
AEOLUS
COMPASAL
Chevron
Delo
Special OIL CHANGE Rates

BEST TRUCK REPAIR & TIRE CENTRE

We also Specialize in Engine, AC, Transmission, Differential Rebuild, Safety Inspection & All Kinds of Electric Work

Brake & Drum -Made in U.S - On Special Sale!

Special Sale
4 CAT Batteries
$550 with Installation

ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ

SPECIAL ON TRUCK ALIGNMENT | BRAND NEW MACHINES 2018

Special Sale on Smartway Approved Tires $245 each

4 Mechanics Needed Urgently

www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲਾ
30 Truck Parking Also Available!

1715 Sismet Rd, Mississauga | Call Ranjit: 416.624.8351 | Tel: 905.625.0055



# ਬੰਗਲਾਦੇਸ਼ 'ਚ ਤੂਫਾਨ ਨਾਲ 13 ਵਿਅਕਤੀਆਂ ਦੀ ਮੌਤ

ਢਾਕਾ, 12 ਨਵੰਬਰ (ਪੋਸਟ ਬਿਊਰੋ)- ਬੰਗਲਾ ਦੇਸ਼ ਵਿਚ 'ਬੁਲ-ਬੁਲ' ਤੂਫਾਨ ਕਾਰਨ ਘੱਟੋ-ਘੱਟ 13 ਲੋਕਾਂ ਦੀ ਮੌਤ ਹੋ ਚੁੱਕੀ ਹੈ ਤੇ 20 ਤੋਂ ਵੱਧ ਜ਼ਖਮੀ ਹੋਏ ਹਨ। ਇਸ ਦੇ ਨਾਲ ਕਈ ਘਰ ਤਬਾਹ ਹੋ ਗਏ ਹਨ, ਜਿਸ ਕਾਰਨ ਹਜ਼ਾਰਾਂ ਲੋਕਾਂ ਨੂੰ ਹਿਜਰਤ ਕਰਨੀ ਪੈ ਗਈ ਅਤੇ ਕੈਂਪਾਂ ਵਿੱਚ ਜਾਣਾ ਪਿਆ ਹੈ।



ਮੀਡੀਆ ਰਿਪੋਰਟਾਂ ਵਿੱਚ ਇਹ ਜਾਣਕਾਰੀ ਦਿੱਤੀ ਗਈ ਕਿ ਚੱਕਰਵਾਤੀ ਤੂਫਾਨ ਬੀਤੇ ਦਿਨੀਂ ਬੰਗਲਾ ਦੇਸ਼ ਪੁੱਜਾ ਤਾਂ ਇਸ ਦੌਰਾਨ 120 ਕਿਲੋਮੀਟਰ ਪ੍ਰਤੀ ਘੰਟੇ ਦੀ ਗਤੀ ਨਾਲ ਹਵਾਵਾਂ ਚੱਲੀਆਂ। ਇੱਕ ਸਮਾਚਾਰ ਏਜੰਸੀ ਨੇ ਦੱਸਿਆ ਕਿ ਚੱਕਰਵਾਤ ਨਾਲ ਦੇਸ਼ ਦੇ ਦੱਖਣੀ-ਪੱਛਮੀ ਤਟੀ ਜ਼ਿਲ੍ਹਿਆਂ ਵਿੱਚ ਲਗੱਭਗ 5000 ਘਰ ਤਬਾਹ ਹੋ ਗਏ। ਰਿਪੋਰਟ ਵਿੱਚ ਕਿਹਾ ਗਿਆ ਕਿ 13 ਲੋਕਾਂ ਦੀ ਮੌਤ ਦੀ ਪੁਸ਼ਟੀ ਹੋ ਚੁੱਕੀ ਹੈ। ਇਹ ਮੌਤਾਂ ਦੱਖਣੀ ਬੰਗਲਾ ਦੇਸ਼ ਦੇ ਵੱਖ-ਵੱਖ ਹਿੱਸਿਆਂ ਖੁੱਲਨਾ, ਬਰਗੁਨਾ ਅਤੇ ਗੋਪਾਲਗੰਜ ਵਿੱਚ ਹੋਈਆਂ ਹਨ। ਇਸ ਦੌਰਾਨ ਅਧਿਕਾਰੀਆਂ ਨੇ ਕਈ ਰੂਟਾਂ 'ਤੇ ਕਿਸ਼ਤੀਆਂ ਦੀ ਆਵਾਜਾਈ 'ਤੇ ਅਸਥਾਈ ਰੂਪ ਨਾਲ ਰੋਕ ਲਾ ਦਿੱਤੀ ਹੈ। ਬੰਗਲਾ ਦੇਸ਼ ਸਰਕਾਰ ਨੇ ਪ੍ਰਭਾਵਿਤ ਲੋਕਾਂ ਨੂੰ ਆਸਰਾ ਦੇਣ ਦੇ ਪ੍ਰਬੰਧ ਕੀਤੇ ਹਨ। ਆਫਤ ਪ੍ਰਬੰਧ ਅਤੇ ਰਾਹਤ ਬਾਰੇ ਮੰਤਰੀ ਇਨਾਮੁਰ ਰਹਿਮਾਨ ਨੇ ਕਿਹਾ ਕਿ ਤੂਫਾਨ ਕਾਰਨ 5,787 ਆਸਰਾ ਕੇਂਦਰਾਂ ਵਿੱਚ 21 ਲੱਖ ਤੋਂ ਵੱਧ ਲੋਕਾਂ ਨੂੰ ਠਹਿਰਾਇਆ ਗਿਆ ਹੈ।

# ਇਜ਼ਰਾਈਲੀ ਹਮਲੇ ਵਿੱਚ ਇਸਲਾਮੀ ਜਿਹਾਦ ਦਾ ਕਮਾਂਡਰ ਮਾਰ ਦਿੱਤਾ ਗਿਆ

ਗਾਜ਼ਾ ਪੱਟੀ, 12 ਨਵੰਬਰ (ਪੋਸਟ ਬਿਊਰੋ)- ਇਜ਼ਰਾਈਲ ਨੇ ਮੰਗਲਵਾਰ ਨੂੰ ਗਾਜ਼ਾ ਪੱਟੀ ਉੱਤੇ ਹਮਲੇ ਵਿਚ ਈਰਾਨ ਪੱਖੀ ਫ਼ਲਸਤੀਨੀ ਅੱਤਵਾਦੀ ਜਥੇਬੰਦੀ ਇਸਲਾਮਿਕ ਜਿਹਾਦ ਦੇ ਚੋਟੀ ਦੇ ਕਮਾਂਡਰ ਬਹਾ ਅਬੂ ਅਲ ਅੱਤਾ ਨੂੰ ਮਾਰ ਦਿੱਤਾ। ਇਸ ਪਿੱਛੋਂ ਅੱਤਵਾਦੀ ਜਥੇਬੰਦੀ ਨੇ ਤਲ ਅਵੀਵ ਸਮੇਤ ਇਜ਼ਰਾਈਲ ਦੇ ਕਈ ਸ਼ਹਿਰਾਂ ਉੱਤੇ ਰਾਕਟ ਦਾਗੇ।



ਇਸ ਸੰਬੰਧ ਵਿੱਚ ਇਜ਼ਰਾਈਲ ਦਾ ਦੋਸ਼ ਹੈ ਕਿ ਅਲ ਅੱਤਾ ਨੇ ਸਰਹੱਦ ਪਾਰੋਂ ਨਾ ਕੇਵਲ ਕਈ ਹਮਲੇ ਕੀਤੇ ਸਨ, ਸਗੋਂ ਉਹ ਹੋਰ ਹਮਲਿਆਂ ਦੀ ਯੋਜਨਾ ਬਣਾ ਰਿਹਾ ਸੀ। ਉਹ ਗਾਜ਼ਾ ਵਿਚਲੇ ਸੱਤਾਧਾਰੀ ਹਮਾਸ ਗਰੁੱਪ ਲਈ ਵੀ ਨਵੀਆਂ ਚੁਣੌਤੀਆਂ ਪੈਦਾ ਕਰ ਰਿਹਾ ਸੀ। ਇਸਰਾਈਲ ਨੇ ਸੀਰੀਆ ਦੀ ਰਾਜਧਾਨੀ ਦਮਿਸ਼ਕ ਵਿਚ ਵੀ ਇਸਲਾਮੀ ਜਿਹਾਦ ਨਾਲ ਜੁੜੇ ਸਿਆਸੀ ਆਗੂ ਅਕਰਮ ਅਲ ਅਜੌਰੀ ਦੇ ਘਰ ਨੂੰ ਨਿਸ਼ਾਨਾ ਬਣਾ ਕੇ ਹਮਲਾ ਕੀਤਾ ਸੀ। ਸੀਰੀਆ ਦੇ ਸਰਕਾਰੀ ਮੀਡੀਆ ਮੁਤਾਬਕ ਇਸ ਹਮਲੇ ਵਿਚ ਅਜੌਰੀ ਦੇ ਪੁੱਤਰ ਸਣੇ ਦੋ ਜਣਿਆਂ ਦੀ ਮੌਤ ਹੋਈ ਹੈ। ਇਕ ਚਸ਼ਮਦੀਦ ਅਨੁਸਾਰ ਗਾਜ਼ਾ ਪੱਟੀ ਉੱਤੇ ਕੀਤੇ ਗਏ ਹਮਲੇ ਤੋਂ ਕੁਝ ਘੰਟਿਆਂ ਪਿੱਛੋਂ ਇਜ਼ਰਾਈਲ ਦੀ ਵਪਾਰਕ ਰਾਜਧਾਨੀ ਤਲ ਅਵੀਵ ਸਣੇ ਮੱਧ ਇਜ਼ਰਾਈਲ ਦੇ ਸ਼ਹਿਰਾਂ ਵਿਚ ਹਵਾਈ ਹਮਲਿਆਂ ਬਾਰੇ ਸਾਇਰਨ ਵੱਜਣ ਲੱਗੇ ਸਨ। ਦੱਖਣੀ ਅਤੇ ਮੱਧ ਇਜ਼ਰਾਈਲ ਵਿਚ ਸਕੂਲ ਬੰਦ ਕਰ ਦਿੱਤੇ ਗਏ ਅਤੇ ਨਾਗਰਿਕਾਂ ਨੂੰ ਘਰਾਂ ਵਿਚ ਰਹਿਣ ਅਤੇ ਬਹੁਤ ਜ਼ਰੂਰੀ ਕੰਮ ਲਈ ਹੀ ਬਾਹਰ ਜਾਣ ਦੀ ਸਲਾਹ ਦਿੱਤੀ ਗਈ ਹੈ। ਗਾਜ਼ਾ ਪੱਟੀ ਤੋਂ ਇਜ਼ਰਾਈਲ ਉੱਤੇ ਕੀਤੇ ਗਏ ਹਮਲਿਆਂ ਵਿਚ ਹੋਏ ਜਾਨੀ ਨੁਕਸਾਨ ਬਾਰੇ ਕੋਈ ਜਾਣਕਾਰੀ ਅਜੇ ਤਕ ਨਹੀਂ ਮਿਲ ਸਕੀ, ਪਰ ਹੋਇਆ ਹੋ ਸਕਦਾ ਹੈ।

# ਅਫ਼ਗਾਨਿਸਤਾਨ ਦੋ ਵਿਦੇਸ਼ੀ ਪ੍ਰੋਫੈਸਰਾਂ ਬਦਲੇ ਤਾਲਿਬਾਨ ਅੱਤਵਾਦੀ ਛੱਡੇਗਾ

ਕਾਬੁਲ, 12 ਨਵੰਬਰ (ਪੋਸਟ ਬਿਊਰੋ)- ਅਫ਼ਗਾਨਿਸਤਾਨ ਸਰਕਾਰ ਬੰਦੀ ਬਣਾਏ ਗਏ ਅਮਰੀਕੀ ਅਤੇ ਆਸਟ੍ਰੇਲੀਆਈ ਪ੍ਰੋਫੈਸਰਾਂ ਦੇ ਬਦਲੇ ਤਿੰਨ ਤਾਲਿਬਾਨ ਅੱਤਵਾਦੀਆਂ ਨੂੰ ਛੱਡੇਗੀ। ਇਨ੍ਹਾਂ ਅੱਤਵਾਦੀਆਂ ਵਿਚ ਦੋ ਤਾਲਿਬਾਨ ਦੇ ਅਤੇ ਇਕ ਹੱਕਾਨੀ ਨੈੱਟਵਰਕ ਦਾ ਦੱਸਿਆ ਜਾਂਦਾ ਹੈ।



*ਇਨ੍ਹਾਂ ਪ੍ਰੋਫੈਸਰਾਂ ਬਦਲੇ ਅਫ਼ਗਾਨਿਸਤਾਨ ਤਿੰਨ ਤਾਲਿਬਾਨ ਅੱਤਵਾਦੀਆਂ ਨੂੰ ਛੱਡੇਗਾ।*

ਅੱਜ ਮੰਗਲਵਾਰ ਨੂੰ ਅਫ਼ਗਾਨਿਸਤਾਨ ਦੇ ਰਾਸ਼ਟਰਪਤੀ ਅਸ਼ਰਫ ਗਨੀ ਨੇ ਇਕ ਟੀ ਵੀ ਸੰਦੇਸ਼ ਵਿਚ ਇਹ ਕਿਹਾ ਕਿ ਤਾਲਿਬਾਨ ਅਤੇ ਅਫ਼ਗਾਨ ਸਰਕਾਰ ਵਿਚਾਲੇ ਸਿੱਧੀ ਸ਼ਾਂਤੀ ਵਾਰਤਾ ਦਾ ਰਸਤਾ ਸਾਫ਼ ਕਰਨ ਲਈ ਚੋਟੀ ਦੇ ਅੱਤਵਾਦੀ ਕਮਾਂਡਰ ਅਨਸ ਹੱਕਾਨੀ ਅਤੇ ਦੋ ਹੋਰ ਤਾਲਿਬਾਨ ਹਾਜੀ ਮਾਲੀ ਖ਼ਾਨ ਤੇ ਹਾਫਿਜ਼ ਰਾਸ਼ਿਦ ਨੂੰ ਛੱਡਣ ਦਾ ਫ਼ੈਸਲਾ ਹੋਇਆ ਹੈ। ਰਾਸ਼ਟਰਪਤੀ ਗਨੀ ਨੇ ਦੱਸਿਆ ਕਿ ਸਰਕਾਰ ਨੇ ਬੰਦੀ ਬਣਾਏ ਗਏ ਦੋ ਵਿਦੇਸ਼ੀ ਪ੍ਰੋਫੈਸਰਾਂ ਦੇ ਬਦਲੇ ਇਨ੍ਹਾਂ ਅੱਤਵਾਦੀਆਂ ਨੂੰ ਛੱਡਣ ਦਾ ਫ਼ੈਸਲਾ ਲਿਆ ਹੈ। ਇਨ੍ਹਾਂ ਤਿੰਨਾਂ ਨੂੰ 2014 ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਤਾਲਿਬਾਨ ਨੇ ਅਗਸਤ 2016 ਵਿਚ ਕਾਬੁਲ ਤੋਂ ਅਮਰੀਕੀ ਯੂਨੀਵਰਸਿਟੀ ਦੇ ਦੋ ਪ੍ਰੋਫੈਸਰਾਂ ਦਾ ਅਗਵਾ ਕੀਤਾ ਸੀ। ਇਨ੍ਹਾਂ ਵਿਚੋਂ ਕੇਵਿਨ ਕਿੰਗ ਅਮਰੀਕੀ ਨਾਗਰਿਕ ਅਤੇ ਟਿਮੋਥੀ ਵੀਕਸ ਆਸਟ੍ਰੇਲੀਆ ਦੇ ਨਾਗਰਿਕ ਹਨ। ਅੱਤਵਾਦੀਆਂ ਨੂੰ ਛੱਡਣ ਦਾ ਫ਼ੈਸਲਾ ਅਜਿਹੇ ਸਮੇਂ ਲਿਆ ਗਿਆ ਹੈ, ਜਦੋਂ ਅਮਰੀਕਾ ਤੇ ਤਾਲਿਬਾਨ ਦੀ ਸ਼ਾਂਤੀ ਵਾਰਤਾ ਫਿਰ ਸ਼ੁਰੂ ਕਰਾਉਣ ਦੇ ਯਤਨ ਕੀਤੇ ਜਾ ਰਹੇ ਹਨ। ਅਨਸ ਅਫ਼ਗਾਨ ਤਾਲਿਬਾਨ ਦੇ ਸਭ ਤੋਂ ਖ਼ਤਰਨਾਕ ਧੜੇ ਹੱਕਾਨੀ ਨੈੱਟਵਰਕ ਦੇ ਸਰਗਨਾ ਸਿਰਾਜੂਦੀਨ ਹੱਕਾਨੀ ਦਾ ਕਰੀਬੀ ਦੱਸਿਆ ਜਾਂਦਾ ਹੈ। ਹੱਕਾਨੀ ਗਰੁੱਪ ਨੇ ਪਿਛਲੇ ਸਾਲਾਂ ਵਿਚ ਅਫ਼ਗਾਨਿਸਤਾਨ ਵਿਚ ਆਮ ਲੋਕਾਂ ਉੱਤੇ ਵੱਡੇ ਪੈਮਾਨੇ ਉੱਤੇ ਅੱਤਵਾਦੀ ਹਮਲੇ ਕੀਤੇ ਹਨ। ਅਨਸ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ।

# ਭਾਰਤ ਵਿੱਚ ਦਿਲ ਦੇ ਰੋਗਾਂ ਦਾ ਖਤਰਾ ਵਧਿਆ

ਲੰਡਨ, 12 ਨਵੰਬਰ (ਪੋਸਟ ਬਿਊਰੋ)- ਮਨੁੱਖੀ ਰੋਗਾਂ ਦੇ ਖੋਜੀਆਂ ਨੇ ਸੂਚਿਤ ਕੀਤਾ ਹੈ ਕਿ ਭਾਰਤ ਦੀ ਸੰਘਣੀ ਆਬਾਦੀ ਵਾਲੇ ਇਲਾਕਿਆਂ ਵਿੱਚ ਹਵਾ ਪ੍ਰਦੂਸ਼ਣ ਕਾਰਨ ਦਿਲ ਨਾਲ ਸਬੰਧਤ ਬਿਮਾਰੀਆਂ ਅਤੇ ਸਟ੍ਰੋਕ ਦਾ ਖਤਰਾ ਵੱਧ ਗਿਆ ਹੈ। ਉਨ੍ਹਾਂ ਵੱਲੋਂ ਕੀਤੇ ਗਏ ਅਧਿਐਨ ਦੇ ਨਤੀਜੇ ਦੱਸਦੇ ਹਨ ਕਿ ਜ਼ਹਿਰੀਲੀ ਹਵਾ ਵਿੱਚ ਮੌਜੂਦ ਸੂਖਮ ਕਣਾਂ ਦਾ ਪ੍ਰਭਾਵ ਪੁਰਸ਼ਾਂ 'ਤੇ ਜ਼ਿਆਦਾ ਹੁੰਦਾ ਹੈ, ਖਾਸ ਤੌਰ 'ਤੇ 40 ਤੋਂ ਵੱਧ ਉਮਰ ਦੇ ਪੁਰਸ਼ਾਂ 'ਤੇ ਖਤਰਾ ਵੱਧ ਹੈ।

ਸਪੇਨ ਦੇ ਬਾਰਸੀਲੋਨਾ ਇੰਸਟੀਚਿਇਊਟ ਫਾਰ ਗਲੋਬਾਤ ਹੈਲਥ ਦਾ ਇਹ ਅਧਿਐਨ ਇੰਟਰਨੈਸ਼ਲ ਜਨਰਲ ਆਫ ਐਪਿਡਮਿਓਲੌਜੀ ਵਿੱਚ ਛਪਿਆ ਹੈ। ਕੁੱਲ 3372 ਲੋਕਾਂ 'ਤੇ ਕੀਤੇ ਗਏ ਇਸ ਅਧਿਐਨ ਵਿੱਚ ਪਹਿਲੀ ਵਾਰ ਪਤਾ ਕੀਤਾ ਗਿਆ ਹੈ ਕਿ ਘੱਟ ਅਤੇ ਮਿਡਲ ਇਨਕਮ ਵਾਲੇ ਦੇਸ਼ਾਂ ਦੀ ਸੰਘਣੀ ਆਬਾਦੀ ਵਾਲੇ ਇਲਾਕਿਆਂ ਵਿੱਚ ਪ੍ਰਦੂਸ਼ਣ ਦੇ ਵੱਧਦੇ ਪੱਧਰ ਨਾਲ ਕੈਰੋਟਿਡ ਇੰਟੀਮਾ ਮੀਡੀਆ ਥਿਕਨੈਸ (ਸੀ ਆਈ ਐਮ ਟੀ) ਯਾਨੀ ਧਮਨੀਆਂ ਦੇ ਪਤਲੇਪਨ ਨੂੰ ਮਾਪਣ ਵਾਲਾ ਸੂਚਕ ਵੱਧ ਜਾਂਦਾ ਹੈ। ਹੈਦਰਾਬਾਦ ਲਾਗਲੇ ਇਲਾਕਿਆਂ ਵਿੱਚ ਕੀਤੇ ਇਸ ਅਧਿਐਨ ਦੇ ਨਤੀਜਿਆਂ ਮੁਤਾਬਕ ਪ੍ਰਦੂਸ਼ਣ ਦੇ ਸੂਖਮ ਕਣਾਂ ਦੇ ਸੰਪਰਕ ਵਿੱਚ ਆਉਣ ਵਾਲੇ ਲੋਕਾਂ ਵਿੱਚ ਸੀ ਆਈ ਐਮ ਟੀ ਸੂਚਕ ਅੰਕ ਕਾਫੀ ਉਚਾ ਹੁੰਦਾ ਹੈ। ਇਸ ਦਾ ਅਰਥ ਹੈ ਕਿ ਅਜਿਹੇ ਲੋਕਾਂ ਵਿੱਚ ਦਿਲ ਦੇ ਦੌਰੇ ਅਤੇ ਸਟ੍ਰੋਕ ਦਾ ਖਤਰਾ ਜ਼ਿਆਦਾ ਹੁੰਦਾ ਹੈ। ਅਧਿਐਨ ਵਿੱਚ ਸ਼ਾਮਲ ਕੀਤੇ ਗਏ ਲਗੱਭਗ 60 ਫੀਸਦੀ ਲੋਕਾਂ ਨੇ ਖਾਣਾ ਪਕਾਉਣ ਲਈ ਬਾਇਓ ਗੈਸ ਦਾ ਇਸਤੇਮਾਲ ਕੀਤਾ ਸੀ। ਅਜਿਹੇ ਲੋਕਾਂ ਵਿੱਚ ਸੀ ਆਈ ਐਮ ਟੀ ਦਾ ਪੱਧਰ ਜ਼ਿਆਦਾ ਪਾਇਆ ਗਿਆ। ਖਾਸ ਤੌਰ 'ਤੇ ਉਨ੍ਹਾਂ ਔਰਤਾਂ ਵਿੱਚ ਜਿਹੜੀਆਂ ਘੱਟ ਹਵਾਦਾਰ ਥਾਵਾਂ 'ਤੇ ਖਾਣਾ ਬਣਾਉਂਦੀਆਂ ਹਨ।

# ਈਰਾਨ ਨੇ 53 ਅਰਬ ਬੈਰਲ ਦੇ ਨਵੇਂ ਤੇਲ ਭੰਡਾਰ ਦੀ ਖੋਜ ਕੀਤੀ



ਤਹਿਰਾਨ, 12 ਨਵੰਬਰ (ਪੋਸਟ ਬਿਊਰੋ)- ਈਰਾਨ ਦੇ ਦੱਖਣੀ ਹਿੱਸੇ ਵਿੱਚ ਕੱਚੇ ਤੇਲ ਦਾ ਇੱਕ ਨਵਾਂ ਭੰਡਾਰ ਮਿਲਿਆ ਹੈ। ਰਾਸ਼ਟਰਪਤੀ ਹਸਨ ਰੂਹਾਨੀ ਨੇ ਬੀਤੀ ਦਿਨੀ ਨੂੰ ਐਲਾਨ ਕੀਤਾ ਕਿ 53 ਅਰਬ ਬੈਰਲ ਕੱਚਾ ਤੇਲ ਹੋਣ ਦੀ ਸੰਭਾਵਨਾ ਹੈ। ਇਸ ਨਾਲ ਈਰਾਨ ਦੇ ਕੱਚੇ ਤੇਲ ਦੇ ਭੰਡਾਰ ਵਿੱਚ ਇੱਕ ਤਿਹਾਈ ਤੋਂ ਵੱਧ ਤੇਲ ਹੋਣ ਦੀ ਉਮੀਦ ਹੈ।

ਰੂਹਾਨੀ ਨੇ ਕਿਹਾ ਕਿ ਨਵਾਂ ਤੇਲ ਦਾ ਭੰਡਾਰ ਈਰਾਨ ਦੇ ਖੁਜੇਸਤਾਨ ਪ੍ਰਾਂਤ ਵਿੱਚ ਮਿਲਿਆ ਹੈ। ਇਹ 2,400 ਵਰਗ ਕਿਲੋਮੀਟਰ ਦੇ ਖੇਤਰ ਵਿੱਚ ਫੈਲਿਆ ਹੋਇਆ ਹੈ। ਇਹ ਖੇਤਰ ਲਗੱਭਗ 200 ਕਿਲੋਮੀਟਰ ਦੀ ਦੂਰੀ ਉੱਤੇ 80 ਮੀਟਰ ਤੱਕ ਫੈਲਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਈਰਾਨ ਦੇ ਲੋਕਾਂ ਨੂੰ ਸਰਕਾਰ ਵੱਲੋਂ ਦਿੱਤਾ ਇਹ ਇੱਕ ਛੋਟਾ ਤੋਹਫਾ ਹੈ। ਇਸ ਖੋਜ ਤੋਂ ਬਾਅਦ ਈਰਾਨ ਦੀ ਕੱਚੇ ਤੇਲ ਭੰਡਾਰ ਦੀ ਸਮਰੱਥਾ ਵਿੱਚ 34 ਪ੍ਰਤੀਸ਼ਤ ਦਾ ਵਾਧਾ ਹੋਵੇਗਾ। ਈਰਾਨ ਦੇ ਸਥਾਪਤ ਕੱਚੇ ਤੇਲ ਦੇ ਭੰਡਾਰ ਦਾ ਅਨੁਮਾਨ ਬੈਰਲ ਹੈ। ਵਿਗਿਆਨਿਕ ਸ਼ਕਤੀਆਂ ਨਾਲ ਆਪਣੇ ਐਟਮੀ ਪ੍ਰੋਗਰਾਮ ਬਾਰੇ ਕਿਸੇ ਵੀ ਸਮਝੌਤੇ 'ਤੇ ਪਹੁੰਚਣ ਤੋਂ ਅਸਫਲ ਰਹਿਣ ਤੋਂ ਬਾਅਦ ਅਮਰੀਕਾ ਪ੍ਰਤੀਬੰਧੀਆਂ ਦੇ ਚਲਦੇ ਈਰਾਨ ਦਾ ਊਰਜਾ ਉਦਯੋਗ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ।

# ਡਰਾਈਵਿੰਗ ਸਮੇਂ ਫੋਨ ਦੀ ਵਰਤੋਂ ਕਰਨ ਵਾਲਿਆਂ ਨੂੰ ਟਰੂਕੈਮ ਨੱਥ ਪਾਉਣਗੇ

ਰੋਮ, ਇਟਲੀ, 12 ਨਵੰਬਰ (ਪੋਸਟ ਬਿਊਰੋ)- ਡਰਾਈਵਿੰਗ ਕਰਦਿਆਂ ਫੋਨ ਦੀ ਵਰਤੋਂ ਰੋਕਣ ਲਈ ਇਟਲੀ ਦੇ ਸੂਬੇ ਵੇਨੇਤੋ ਦੇ ਸ਼ਹਿਰ ਲੀਮੇਨਾ (ਪਾਦੋਵਾ) ਦੀ ਲੋਕਲ ਪੁਲਸ ਵੱਲੋਂ ਕੈਮਰੇ ਵਾਲਾ ਵਿਸ਼ੇਸ਼ ਇਲੈਕਟ੍ਰੋਨਿਕ ਉਪਕਰਨ ਵਰਤੋਂ 'ਚ ਲਿਆਂਦਾ ਜਾ ਰਿਹਾ ਹੈ, ਜਿਸ ਨੂੰ ਐਂਟੀ ਸੈਲ ਫੋਨ ਅਤੇ ਸਪੀਡ ਕੈਮਰੇ ਕਾਰਨ ਟਰੂਕੈਮ ਕਿਹਾ ਜਾਂਦਾ ਹੈ।



ਇਹ ਟਰੂਕੈਮ ਇਲੈਕਟ੍ਰੋਨਿਕ ਉਪਕਰਨ ਸਿਰਫ ਆਉਣ-ਜਾਣ ਵਾਲੀਆਂ ਗੱਡੀਆਂ ਦੀ ਤੇਜ਼ ਰਫਤਾਰ ਹੀ ਨਹੀਂ, ਇਹ ਵੀ ਦੱਸੇਗਾ ਕਿ ਗੱਡੀ ਚਲਾਉਣ ਵਾਲਾ ਡਰਾਈਵਰ ਫੋਨ ਦੀ ਵਰਤੋਂ ਕਰ ਰਿਹਾ ਹੈ ਜਾਂ ਨਹੀਂ ਤੇ ਨਾਲ ਇਹ ਦੱਸੇਗਾ ਕਿ ਡਰਾਈਵਰ ਨੇ ਸੀਟ ਬੈਲਟ ਲਾਈ ਹੈ ਜਾਂ ਨਹੀਂ। ਇਸ ਨਾਲ ਗੱਡੀ ਦੇ ਅੰਦਰ ਬੈਠੇ ਲੋਕਾਂ ਦੀਆਂ ਕਾਰਵਾਈਆਂ ਨੂੰ ਵੀ ਦੇਖਿਆ ਜਾ ਸਕਦਾ ਹੈ। ਇਟਲੀ ਦਾ ਲੀਮੇਨਾ ਸ਼ਹਿਰ ਪਹਿਲਾਂ ਅਜਿਹਾ ਸ਼ਹਿਰ ਹੋਵੇਗਾ, ਜਿੱਥੇ ਇਸ ਕੈਮਰੇ ਵਾਲੇ ਟਰੂਕੈਮ ਇਲੈਕਟ੍ਰੋਨਿਕ ਜੰਤਰ ਦੀ ਵਰਤੋਂ ਹੋਣ ਵਾਲੀ ਹੈ ਤਾਂ ਜੋ ਸ਼ਹਿਰ ਵਿੱਚ ਗੱਡੀ ਚਲਾਉਂਦੇ ਸਮੇਂ ਡਰਾਈਵਰਾਂ ਵੱਲੋਂ ਕੀਤੇ ਜਾ ਰਹੇ ਫੋਨਾਂ ਕਾਰਨ ਹੋਣ ਵਾਲੇ ਸੜਕ ਹਾਦਸਿਆਂ ਨੂੰ ਠੱਲ੍ਹ ਪਾਈ ਜਾ ਸਕੇ। ਇਨ੍ਹਾਂ ਟਰੂਕੈਮ ਇਲੈਕਟ੍ਰੋਨਿਕ ਉਪਕਰਨ ਦੀ ਕੀਮਤ 19.837 ਯੂਰੋ ਦੱਸੀ ਜਾ ਰਹੀ ਹੈ। ਨੈਸ਼ਨਲ ਸੇਫਟੀ ਕੌਂਸਲ ਦੀ ਰਿਪੋਰਟ ਅਨੁਸਾਰ ਗੱਡੀ ਚਲਾਉਂਦੇ ਸਮੇਂ ਫੋਨ ਦੀ ਵਰਤੋਂ ਕਰਨ ਨਾਲ ਹਰ ਸਾਲ 16 ਲੱਖ ਐਕਸੀਡੈਂਟ ਹੁੰਦੇ ਹਨ, ਜਿਨ੍ਹਾਂ 'ਚ 390 ਹਜ਼ਾਰ ਲੋਕ ਗੰਭੀਰ, ਜ਼ਖਮੀ ਹੁੰਦੇ ਹਨ। ਅਮਰੀਕਾ ਵਿੱਚ ਹੋਏ ਚਾਰ ਐਕਸੀਡੈਂਟਾਂ 'ਚ ਇੱਕ ਐਕਸੀਡੈਂਟ ਦਾ ਕਾਰਨ ਫੋਨ ਦੀ ਵਰਤੋਂ ਕਰਨਾ ਹੈ। ਦੁਨੀਆ ਭਰ 'ਚ ਹਰ ਰੋਜ਼ 3287 ਮੌਤਾਂ ਐਕਸੀਡੈਂਟਾਂ ਕਾਰਨ ਹੁੰਦੀਆਂ ਹਨ, ਜਿਨ੍ਹਾਂ ਵਿੱਚੋਂ ਨੌਂ ਮੌਤਾਂ ਦਾ ਕਾਰਨ ਡਰਾਈਵਰ ਵੱਲੋਂ ਗੱਡੀ ਚਲਾਉਂਦੇ ਸਮੇਂ ਫੋਨ ਦੀ ਵਰਤੋਂ ਕਰਨਾ ਹੁੰਦਾ ਹੈ।

# ਰਿਤਿਕ ਨੂੰ ਪਸੰਦ ਕਰਨ ਵਾਲੀ ਪਤਨੀ ਨੂੰ ਪਤੀ ਨੇ ਕਤਲ ਕੀਤਾ

ਵਾਸ਼ਿੰਗਟਨ, 12 ਨਵੰਬਰ (ਪੋਸਟ ਬਿਊਰੋ)- ਅਮਰੀਕਾ ਵਿਚ ਇਕ ਸ਼ਖਸ ਨੇ ਚਾਕੂ ਨਾਲ ਗੋਦ ਕੇ ਆਪਣੀ ਪਤਨੀ ਦੀ ਹੱਤਿਆ ਕਰ ਦਿੱਤੀ ਅਤੇ ਇਸ ਦੇ ਬਾਅਦ ਉਸ ਨੇ ਖੁਦਕੁਸ਼ੀ ਕਰ ਲਈ। ਮੀਡੀਆ ਰਿਪੋਰਟਾਂ ਮੁਤਾਬਕ ਅਜਿਹਾ ਕਰਨ ਦੇ ਪਿੱਛੇ ਦਾ ਕਾਰਨ ਸ਼ਖਸ ਦੀ ਪਤਨੀ ਦਾ ਬਾਲੀਵੁੱਡ ਅਦਾਕਾਰ ਰਿਤਿਕ ਰੋਸ਼ਨ ਨੂੰ ਪਸੰਦ ਕਰਨਾ ਸੀ।



ਪਤਾ ਲੱਗਾ ਹੈ ਕਿ ਇਹ ਵਿਅਕਤੀ ਰਿਤਿਕ ਰੋਸ਼ਨ ਨੂੰ ਪਸੰਦ ਨਹੀਂ ਕਰਦਾ ਸੀ, ਪਰ ਉਸ ਦੀ ਪਤਨੀ ਰਿਤਿਕ ਦੀ ਫੈਨ ਸੀ। ਅਮਰੀਕਾ ਦੇ ਕੁਈਨਜ਼ ਵਿਚ ਰਹਿਣ ਵਾਲੇ 33 ਸਾਲਾਦਿਨੇਸ਼ਵਰ ਬੁਦੀਦਤ ਨੇ ਆਪਣੀ 27 ਸਾਲਾ ਪਤਨੀ ਡੋਨੀ ਡੋਜੋਏ ਦੀ ਹੱਤਿਆ ਕਰ ਦਿੱਤੀ। ਸਮਾਚਾਰ ਏਜੰਸੀ ਦੀ ਰਿਪੋਰਟ ਮੁਤਾਬਕ ਡੋਜੋਏ ਬਾਰਟੈਂਡਰ ਦੇ ਤੌਰ ਉੱਤੇ ਕੰਮ ਕਰਦੀ ਸੀ। ਉਸ ਦੇ ਕਤਲ ਦੇ ਬਾਅਦ ਉਸ ਦੇ ਪਤੀ ਨੇ ਸ਼ੁੱਕਰਵਾਰ ਨੂੰ ਰੁੱਖ ਨਾਲ ਲਟਕ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕ ਔਰਤ ਦੇ ਦੋਸਤਾਂ ਦਾ ਕਹਿਣਾ ਹੈ ਕਿ ਉਹ ਰਿਤਿਕ ਰੋਸ਼ਨ ਦੀ ਵੱਡੀ ਫੈਨ ਸੀ। ਡੋਨੀ ਡੋਜੋਏ ਦੀ ਇਕ ਦੋਸਤ ਦਾ ਕਹਿਣਾ ਹੈ, ਉਸ ਨੇ ਮੈਨੂੰ ਦੱਸਿਆ ਸੀ ਕਿ ਜਦੋਂ ਉਹ ਘਰ ਹੁੰਦੀ ਸੀ ਤਾਂ ਰਿਤਿਕ ਰੋਸ਼ਨ ਦੀਆਂ ਫਿਲਮਾਂ ਦੇਖਦੀ ਤੇ ਗਾਣੇ ਸੁਣਦੀ ਸੀ। ਉਸ ਦਾ ਪਤੀ ਉਸ ਨੂੰ ਇਸ ਤੋਂ ਰੋਕਦਾ ਸੀ। ਰਿਤਿਕ ਦੀ ਜਿਹੜੀ ਵੀ ਫਿਲਮ ਰਿਲੀਜ਼ ਹੁੰਦੀ, ਉਹ ਉਸ ਨੂੰ ਜ਼ਰੂਰ ਦੇਖਦੀ ਸੀ। ਡੋਜੋਏ ਦੇ ਦੋਸਤਾਂ ਦਾ ਕਹਿਣਾ ਹੈ ਕਿ ਉਸ ਨੂੰ ਇਹ ਸਭ ਕੁਝ ਸਧਾਰਨ ਲੱਗਦਾ ਸੀ, ਪਰ ਉਸ ਦਾ ਪਤੀ ਕਈ ਵਾਰ ਉਸ ਨੂੰ ਜਾਨੋਂ ਮਾਰਨ ਦੀ ਧਮਕੀ ਦੇ ਚੁੱਕਾ ਸੀ। ਉਸ ਨੇ ਕਈ ਵਾਰ ਡੋਜੋਏ ਨੂੰ ਕੁੱਟਿਆ ਵੀ ਸੀ।

ਮੀਡੀਆ ਰਿਪੋਰਟਾਂ ਮੁਤਾਬਕ ਡੋਜੋਏ ਜਦੋਂ ਘਰੋਂ ਬਾਹਰ ਜਾ ਰਹੀ ਸੀ ਤਾਂ ਉਸ ਦੇ ਪਤੀ ਦਿਨੇਸ਼ਵਰ ਨੂੰ ਉਸ ਨੂੰ ਫਿਲਮ ਦਿਖਾਉਣ ਦੇ ਬਹਾਨੇ ਰੋਕ ਲਿਆ। ਸ਼ਾਮ ਵੇਲੇ ਦਿਨੇਸ਼ਵਰ ਨੇ ਡੋਜੋਏ ਦੀ ਭੈਣ ਨੂੰ ਮੈਸੇਜ ਕੀਤਾ ਕਿ ਉਹ ਉਸ ਦੀ ਭੈਣ ਨੂੰ ਮਾਰ ਚੁੱਕਾ ਹੈ। ਉਸ ਨੇ ਮੈਸੇਜ ਵਿਚ ਲਿਖਿਆ, ਘਰ ਦੀਆਂ ਚਾਬੀਆਂ ਗਮਲੇ ਤੋਂ ਮਿਲਣਗੀਆਂ। ਆਪਣੀ ਪਤਨੀ ਦੀ ਹੱਤਿਆ ਦੇ ਬਾਅਦ ਉਸ ਨੇ ਲਾਸ਼ ਨੂੰ ਘਰ ਵਿਚ ਛੱਡ ਦਿੱਤਾ ਅਤੇ ਫਿਰ ਘਰ ਨੇੜੇ ਇਕ ਰੁੱਖ ਨਾਲ ਲਟਕ ਕੇ ਖੁਦਕੁਸ਼ੀ ਕਰ ਲਈ। ਮਿਲੀ ਜਾਣਕਾਰੀ ਮੁਤਾਬਕ ਦੋਵਾਂ ਦਾ ਵਿਆਹ ਜੁਲਾਈ ਵਿਚ ਹੋਇਆ ਸੀ। ਦਿਨੇਸ਼ਵਰ ਆਪਣੀ ਪਤਨੀ ਦਾ ਸ਼ੋਸ਼ਣ ਕਰਦਾ ਸੀ। ਇਸ ਕਾਰਨ ਡੋਜੋਏ ਨੇ ਅਦਾਲਤ ਤੋਂ ਆਪਣੀ ਸੁਰੱਖਿਆ ਲਈ ਆਰਡਰ ਵੀ ਲਿਆ ਸੀ ਤੇ ਅਗਸਤ ਵਿਚ ਕੁੱਟਮਾਰ ਦੇ ਦੋਸ਼ ਵਿਚ ਦਿਨੇਸ਼ਵਰ ਦੀ ਗ੍ਰਿਫਤਾਰੀ ਵੀ ਹੋਈ ਸੀ।

# ਸ਼ਰਾਬ ਪੀਣ ਤੋਂ ਰੋਕਣ ਉੱਤੇ ਪਤਨੀ ਦੀ ਹੱਤਿਆ

ਆਗਰਾ, 12 ਨਵੰਬਰ (ਪੋਸਟ ਬਿਊਰੋ)- ਕੱਲ੍ਹ ਇੱਕ ਪਤੀ ਨੇ ਸ਼ਰਾਬ ਪੀਣ ਤੋਂ ਰੋਕਣ 'ਤੇ ਪਤਨੀ ਦੀ ਗਲਾ ਕੱਟ ਕੇ ਹੱਤਿਆ ਕਰ ਦਿੱਤੀ ਅਤੇ ਇਸ ਦੇ ਬਾਅਦ ਪਤਨੀ ਦਾ ਸਿਰ ਲੈ ਕੇ ਥਾਣਾ ਹਰੀਪਰਵਤ ਪਹੁੰਚ ਗਿਆ।

ਵਰਨਣ ਯੋਗ ਹੈ ਕਿ ਇਹ ਘਟਨਾ ਥਾਣਾਂ ਹਰੀਪਰਵਤ ਇਲਾਕੇ ਵਿਚਲੇ ਇਤਮਾਦ ਉਸ ਦੌਲਾ ਦੀ ਹੈ, ਜਿੱਥੇ ਇਸ ਮੁਹੱਲੇ ਦੇ ਵਾਸੀ ਮੋਹਲਾ ਦੇ ਵਾਸੀ ਚੋਬ ਸਿੰਘ ਦੀ ਬੇਟੀ ਸ਼ਾਂਤੀ ਦੀ ਸ਼ਾਦੀ 17 ਸਾਲ ਪਹਿਲਾਂ ਇਸੇ ਮੁਹੱਲੇ ਵਿਚਲੇ ਕਛਪੁਰਾ ਦੇ ਵਾਸੀ ਨਰੇਸ਼ ਨਾਲ ਹੋਈ ਸੀ। ਨਰੇਸ਼ ਟੀ ਵੀ ਰਿਪੋਟਰਿੰਗ ਦਾ ਕੰਮ ਕਰਦਾ ਸੀ। ਉਸ ਦੇ ਇੱਕ ਬੇਟਾ ਸੱਤ ਸਾਲ ਅੰਕਿਤ ਅਤੇ ਤਿੰਨ ਬੇਟੀਆਂ ਹਨ। ਨਰੇਸ਼ ਸ਼ਰਾਬ ਪੀਣ ਦਾ ਆਦੀ ਹੈ। ਪਤਨੀ ਉਸ ਨੂੰ ਸ਼ਰਾਬ ਪੀਣ ਤੋਂ ਰੋਕਦੀ ਸੀ ਤਾਂ ਉਹ ਉਸਨੂੰ ਮਾਰਦਾ ਸੀ। ਕੱਲ੍ਹ ਸ਼ਾਮ ਨਰੇਸ਼ ਸ਼ਰਾਬ ਪੀ ਰਿਹਾ ਸੀ ਤਾਂ ਸ਼ਾਂਤੀ ਨੇ ਉਸ ਨੂੰ ਰੋਕਿਆ ਤਾਂ ਉਹ ਗਾਲੀ-ਗਲੌਚ ਕਰਨ ਲੱਗਾ। ਇਸ ਪਿੱਛੋਂ ਉਸ ਨੇ ਪਤਨੀ ਦਾ ਤੇਜ਼ਧਾਰ ਹੱਥਿਆਰ ਨਾਲ ਗਲਾ ਕੱਟ ਕੇ ਹੱਤਿਆ ਕਰ ਦਿੱਤੀ। ਇਸ ਦੀ ਸੂਚਨਾ ਮਿਲਣ 'ਤੇ ਐਸ ਪੀ ਸਿਟੀ ਰੋਹਨ ਬੋਤੇ ਸਮੇਤ ਭਾਰੀ ਪੁਲਸ ਬਲ ਮੌਕੇ 'ਤੇ ਪਹੁੰਚੀ ਅਤੇ ਫੋਰੈਂਸਿਕ ਟੀਮ ਨੇ ਵੀ ਮੌਕੇ ਤੋਂ ਨਮੂਨੇ ਲਏ। ਪੁਲਸ ਦੋਸ਼ੀ ਦੀ ਤਲਾਸ਼ ਕਰ ਰਹੀ ਸੀ ਕਿ ਦੋਸ਼ੀ ਨਰੇਸ਼ ਆਪਣੀ ਪਤਨੀ ਦੀ ਸਿਰ ਇੱਕ ਕਨਸਤਰ ਵਿੱਚ ਰੱਖ ਕੇ ਥਾਣੇ ਪਹੁੰਚ ਗਿਆ। ਹਰੀਪਰਵਤ ਥਾਣਾ ਇੰਚਾਰਜ ਅਜੈ ਕੌਸ਼ਲ ਨੇ ਦੱਸਿਆ ਕਿ ਨਰੇਸ਼ ਨੂੰ ਉਸ ਦੀ ਪਤਨੀ ਦੇ ਸਿਰ ਦੇ ਸਮੇਤ ਫੜ ਲਿਆ ਗਿਆ ਅਤੇ ਉਸ ਤੋਂ ਪੁੱਛਗਿੱਛ ਜਾਰੀ ਹੈ ਪਰ ਪਹਿਲੀ ਨਜ਼ਰੇ ਸ਼ਰਾਬ ਦੇ ਪੀਣ ਤੋਂ ਮਨਾ ਕਰਨ ਅਤੇ ਪਤਨੀ ਦੇ ਨਾਜਾਇਜ਼ ਸੰਬੰਧ ਹੋਣ ਦਾ ਕਾਰਨ ਸਾਹਮਣੇ ਆ ਰਿਹਾ ਹੈ।

FIRST CHOICE FINANCIAL LIMITED
TRUCK LOANS

ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

# ਟਰੰਪ ਦੇ ਪੁੱਤਰ ਨੂੰ ਆਪਣੀ ਨਵੀਂ ਕਿਤਾਬ ਲਈ ਨਰਾਜ਼ਗੀ ਝੱਲਣੀ ਪਈ

ਵਾਸ਼ਿੰਗਟਨ, 12 ਨਵੰਬਰ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪੁੱਤਰ ਅਤੇ ਇਵਾਂਕਾ ਟਰੰਪ ਦੇ ਭਰਾ ਡੋਨਾਲਡ ਟਰੰਪ ਜੂਨੀਅਰ ਨੂੰ ਉਦਾਰਵਾਦੀਆਂ ਅਤੇ ਵਿਚਾਰਾਂ ਦੀ ਆਜ਼ਾਦੀ ਬਾਰੇ ਨਵੀਂ ਕਿਤਾਬ ਉੱਤੇ ਗੱਲਬਾਤ ਲਈ ਇਕ ਯੂਨੀਵਰਸਿਟੀ ਦੇ ਪ੍ਰੋਗਰਾਮ ਵਿੱਚ ਉਸ ਸਮੇਂ ਦਰਸ਼ਕਾਂ ਨਰਾਜ਼ਗੀ ਝੱਲਣੀ ਪਈ, ਜਦ ਇਕ ਦਰਸ਼ਕ ਇਸ ਗੱਲ ਬਾਰੇ ਉਨ੍ਹਾਂ ਨਾਲ ਬਹਿਸ ਕਰਨ ਲੱਗਾ ਕਿ ਉਹ ਸਵਾਲਾਂ ਦਾ ਜਵਾਬ ਕਿਉਂ ਨਹੀਂ ਦੇਣਗੇ।

ਗਾਰਡੀਅਨ ਅਖਬਾਰ ਦੀ ਖਬਰ ਮੁਤਾਬਕ ਲਾਸ ਏਂਜਲਸ ਦੀ ਕੈਲੀਫੋਰਨੀਆ ਯੂਨੀਵਰਸਿਟੀ (ਯੂ ਸੀ ਐੱਲ ਏ) ਵਿੱਚ ਹੋਏ ਪ੍ਰੋਗਰਾਮ ਵਿੱਚ ਸ਼ਾਮਲ ਕਰੀਬ 450 ਲੋਕਾਂ ਨੇ ਨਰਾਜ਼ਗੀ ਜਤਾਈ ਕਿ ਟਰੰਪ ਜੂਨੀਅਰ ਅਤੇ ਉਨ੍ਹਾਂ ਦੀ ਮਹਿਲਾ ਮਿੱਤਰ ਕਿੰਬਰਲੀ ਗੁਏਲਫੋਅਲੇ ਨੇ ਸਮੇਂ ਦੀ ਕਮੀ ਕਹਿ ਕੇ ਸਵਾਲਾਂ ਦਾ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ। ਟਰੰਪ ਯੂ ਸੀ ਐੱਲ ਏ ਵਿੱਚ ਆਪਣੀ ਇੱਕ ਕਿਤਾਬ 'ਟ੍ਰਿਗਰਡ-ਹਾਊਸ ਦਿ ਲੈੱਫਟ ਥ੍ਰਾਈਵਸ ਆਨ ਹੇਟ ਐਂਡ ਵਾਂਟਸ ਟੂ ਸਾਇਲੈਂਸ ਯੂ ਐੱਸ' ਦੇ ਸੰਬੰਧ ਵਿੱਚ ਆਏ ਸਨ। ਅਖਬਾਰ ਨੇ ਲਿਖਿਆ ਹੈ ਕਿ ਟਰੰਪ ਜੂਨੀਅਰ ਜਦ ਹਾਲ ਵਿੱਚ ਪਹੁੰਚੇ ਤਾਂ ਉਥੇ ਅਮਰੀਕਾ, ਅਮਰੀਕਾ ਦੇ ਨਾਅਰੇ ਲੱਗਦੇ ਸਨ। ਥੋੜ੍ਹੀ ਦੇਰ ਬਾਅਦ ਜਦ ਦਰਸ਼ਕਾਂ ਨੂੰ ਦੱਸਿਆ ਗਿਆ ਕਿ ਉਹ ਸਵਾਲ ਨਹੀਂ ਲੈਣਗੇ ਤਾਂ ਨਰਾਜ਼ ਲੋਕਾਂ ਨੇ ਸਵਾਲ-ਜਵਾਬ ਲਈ 'ਕਿਊ ਐਂਡ ਏ' ਦੇ ਨਾਅਰੇ ਸ਼ੁਰੂ ਕਰ ਦਿੱਤੇ। ਗਾਰਡੀਅਨ ਨੇ ਲਿਖਿਆ ਕਿ ਟਰੰਪ ਜੂਨੀਅਰ ਨੇ ਦਰਸ਼ਕਾਂ ਨੂੰ ਦੱਸਿਆ ਕਿ ਸਵਾਲ ਲੈਣ ਪਿੱਛੋਂ ਕੱਟੜਪੰਥੀ ਸੋਸ਼ਲ ਮੀਡੀਆ ਬਾਅਦ ਵਿੱਚ ਉਨ੍ਹਾਂ ਦੇ ਜਵਾਬ ਤੋੜ-ਮਰੋੜ ਕੇ ਪੇਸ਼ ਕਰ ਸਕਦਾ ਹੈ। ਗਾਰਡੀਅਨ ਮੁਤਾਬਕ ਗੁਏਲਫੋਅਲੇ ਨੇ ਦਰਸ਼ਕਾਂ ਨੂੰ ਕਿਹਾ ਕਿ ਉਨ੍ਹਾਂ ਦਾ ਵਿਹਾਰ ਖੁਸ਼ਕ ਹੈ। ਇਸ ਤੋਂ ਬਾਅਦ ਟਰੰਪ ਜੂਨੀਅਰ ਅਤੇ ਉਹ ਸਟੇਜ ਤੋਂ ਚਲੇ ਗਏ।

# ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਦੀ ਫੋਟੋ ਨਾਲ ਛੇੜਛਾੜ ਬਦਲੇ 6 ਮਹੀਨੇ ਜੇਲ ਹੋਵੇਗੀ

ਨਵੀਂ ਦਿੱਲੀ, 12 ਨਵੰਬਰ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਦੀ ਤਸਵੀਰ ਨਾਲ ਛੇੜਛਾੜ ਕਰਨ ਉੱਤੇ ਅੱਗੇ ਤੋਂ 6 ਮਹੀਨੇ ਜੇਲ ਹੋ ਸਕਦੀ ਹੈ। ਕੇਂਦਰ ਸਰਕਾਰ ਗਲਤ ਵਰਤੋਂ ਰੋਕਥਾਮ ਕਾਨੂੰਨ 1950 ਵਿੱਚ ਪਹਿਲੀ ਵਾਰ ਸਜ਼ਾ ਦਾ ਪ੍ਰਬੰਧ ਕਰਨ ਲੱਗੀ ਹੈ। ਇਸ ਨਾਲ ਜੁਰਮਾਨੇ ਦੀ ਰਕਮ 500 ਤੋਂ ਵਧਾ ਕੇ 5 ਲੱਖ ਕੀਤੀ ਗਈ ਹੈ।

ਅਸਲ ਵਿੱਚ ਬੀਤੇ ਸਾਲਾਂ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਤਸਵੀਰਾਂ ਦੀ ਇਸ਼ਤਿਹਾਰਾਂ ਵਿੱਚ ਵਰਤੋਂ ਬਾਰੇ ਵਿਵਾਦ ਖੜਾ ਹੋ ਗਿਆ ਸੀ। ਉਦੋਂ ਸਰਕਾਰ ਨੇ ਇਸ਼ਤਿਹਾਰਾਂ ਵਿੱਚ ਪ੍ਰਧਾਨ ਮੰਤਰੀ ਦੀ ਤਸਵੀਰ ਲਾਉਣ ਬਦਲੇ ਦੇਸ਼ ਦੀਆਂ ਦੋ ਵੱਡੀਆਂ ਕੰਪਨੀਆਂ ਉੱਤੇ ਕਾਰਵਾਈ ਕੀਤੀ ਸੀ। ਨਾ-ਮਾਤਰ ਦੇ ਆਰਥਿਕ ਜੁਰਮਾਨੇ ਦਾ ਪ੍ਰਭਾਵ ਨਾ ਹੁੰਦਾ ਦੇਖ ਕੇ ਕਾਨੂੰਨ ਵਿਚ ਬਦਲਾਅ ਦੀ ਰੂਪ ਰੇਖਾ ਬਣਾਈ ਗਈ ਹੈ। ਖਪਤਕਾਰ ਮਾਮਲਿਆਂ ਦੇ ਮੰਤਰਾਲੇ ਨੇ ਸੱਤ ਦਹਾਕੇ ਪੁਰਾਣੇ ਕਾਨੂੰਨ ਵਿੱਚ ਸੋਧ ਦਾ ਡਰਾਫਟ ਤਿਆਰ ਕੀਤਾ ਹੈ। ਕਾਨੂੰਨ ਮੰਤਰਾਲੇ ਨੇ ਇਸ ਦੀ ਸਹਿਮਤੀ ਦੇ ਦਿੱਤੀ ਹੈ। ਜਨਤਕ ਰਾਏ ਲੈਣ ਤੋਂ ਬਾਅਦ ਇਸ ਡਰਾਫਟ ਨੂੰ ਕੇਂਦਰੀ ਕੈਬਨਿਟ ਕੋਲ ਮਨਜ਼ੂਰੀ ਲਈ ਭੇਜਿਆ ਜਾਵੇਗਾ। ਸਰਕਾਰ ਦੀ ਕੋਸ਼ਿਸ਼ ਇਸ ਨੂੰ ਪਾਰਲੀਮੈਂਟ ਦੇ 18 ਨਵੰਬਰ ਤੋਂ ਸ਼ੁਰੂ ਹੋ ਰਹੇ ਸਰਦ ਰੁੱਤ ਸੈਸ਼ਨ ਵਿੱਚ ਪਾਸ ਕਰਵਾ ਲੈਣ ਦੀ ਹੋਵੇਗੀ। ਪਤਾ ਲੱਗਾ ਹੈ ਕਿ ਇਸ ਡਰਾਫਟ ਵਿਚ ਪਹਿਲੀ ਵਾਰ ਉਲੰਘਣਾ ਕਰਨ ਉੱਤੇ ਜੁਰਮਾਨਾ ਇੱਕ ਲੱਖ ਰੁਪਏ ਤੈਅ ਕੀਤਾ ਗਿਆ ਹੈ।

# ਅਮਰੀਕੀ ਤੇ ਜਰਮਨ ਅੱਤਵਾਦੀਆਂ ਨੂੰ ਤੁਰਕੀ ਨੇ ਅਪਣੇ ਦੇਸ਼ ਤੋਂ ਕੱਢਿਆ

ਅੰਕਾਰਾ, 12 ਨਵੰਬਰ (ਪੋਸਟ ਬਿਊਰੋ)- ਤੁਰਕੀ ਨੇ ਆਪਣੀ ਕੈਦ ਵਿਚ ਮੌਜੂਦ ਇਸਲਾਮਿਕ ਸਟੇਟ (ਆਈ ਐਸ) ਦੇ ਵਿਦੇਸ਼ੀ ਅੱਤਵਾਦੀਆਂ ਨੂੰ ਦੇਸ਼ ਤੋਂ ਕੱਢਣਾ ਸ਼ੁਰੂ ਕਰ ਦਿੱਤਾ ਹੈ। ਇਕ ਅਮਰੀਕੀ ਤੇ ਇੱਕ ਜਰਮਨ ਨਾਗਰਿਕ ਨਾਲ ਉਸ ਨੇ ਇਸ ਦੀ ਸ਼ੁਰੂਆਤ ਕਰ ਦਿੱਤੀ ਹੈ, ਪਰ ਇਨ੍ਹਾਂ ਨੂੰ ਕਿਥੇ ਭੇਜਿਆ ਜਾਣਾ ਹੈ, ਇਹ ਨਹੀਂ ਦੱਸਿਆ।



ਵਰਨਣ ਯੋਗ ਹੈ ਕਿ ਤੁਰਕੀ ਦੇ ਗ੍ਰਹਿ ਮੰਤਰੀ ਸੁਲੇਮਾਨ ਸੋਲਿਯੂ ਨੇ ਪਿਛਲੇ ਹਫਤੇ ਇਹ ਚਿਤਾਵਨੀ ਦਿੱਤੀ ਸੀ ਕਿ ਆਈ ਐਸ ਨਾਲ ਸਬੰਧ ਰੱਖਣ ਵਾਲੇ ਵਿਦੇਸ਼ੀ ਲੜਕਿਆਂ ਨੂੰ ਤੁਰਕੀ ਸੋਮਵਾਰ ਨੂੰ ਉਨ੍ਹਾਂ ਦੇ ਮੂਲ ਦੇਸ਼ ਭੇਜਣਾ ਸ਼ੁਰੂ ਕਰ ਦੇਵੇਗਾ, ਭਾਵੇਂ ਉਨ੍ਹਾਂ ਦੇ ਦੇਸ਼ ਨੇ ਉਨ੍ਹਾਂ ਦੀ ਨਾਗਰਿਕਤਾ ਖਤਮ ਕਰ ਦਿੱਤੀ ਹੋਵੇ। ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਆਈ ਐਸ ਦੇ ਵਿਦੇਸ਼ੀ ਬੰਦਿਆਂ ਲਈ ਤੁਰਕੀ ਕੋਈ ਹੋਟਲ ਨਹੀਂ ਹੈ।


ਸਰਕਾਰੀ ਨਿਊਜ਼ ਏਜੰਸੀ ਅਨਾਦੋਲੂ ਨੇ ਗ੍ਰਹਿ ਮੰਤਰਾਲੇ ਦੇ ਬੁਲਾਰੇ ਇਸਮਾਈਲ ਕਤਾਕਲੀ ਦੇ ਹਵਾਲੇ ਨਾਲ ਕਿਹਾ ਕਿ ਕਾਨੂੰਨੀ ਪ੍ਰਕਿਰਿਆ ਪੂਰੀ ਹੋਣ ਪਿੱਛੋਂ ਸੋਮਵਾਰ ਨੂੰ ਇਕ ਅਮਰੀਕੀ ਤੇ ਇਕ ਜਰਮਨ ਅੱਤਵਾਦੀ ਵਾਪਸ ਕੀਤਾ ਗਿਆ ਹੈ। ਆਉਂਦੇ ਦਿਨਾਂ ਵਿਚ 23 ਹੋਰ ਵਿਦੇਸ਼ੀ ਅੱਤਵਾਦੀਆਂ ਨੂੰ ਭੇਜਿਆ ਜਾਵੇਗਾ। ਇਨ੍ਹਾਂ ਵਿਚ ਫਰਾਂਸ ਦੇ ਗਿਆਰਾਂ, ਜਰਮਨੀ ਦੇ 9 ਅਤੇ ਆਇਰਲੈਂਡ ਦੇ ਦੋ ਨਾਗਰਿਕ ਸ਼ਾਮਲ ਹਨ। ਬੁਲਾਰੇ ਨੇ ਦੱਸਿਆ ਕਿ ਜਿਨ੍ਹਾਂ ਵਿਦੇਸ਼ੀ ਅੱਤਵਾਦੀਆਂ ਨੂੰ ਵਾਪਸ ਭੇਜਿਆ ਜਾਣਾ ਹੈ, ਉਨ੍ਹਾਂ ਦੀ ਨਾਗਰਿਕਤਾ ਪਤਾ ਲਾਉਣ ਦਾ ਕੰਮ ਲਗਭਗ ਪੂਰਾ ਕਰ ਲਿਆ ਗਿਆ ਹੈ ਤੇ ਸਬੰਧਿਤ ਦੇਸ਼ਾਂ ਨੂੰ ਇਸ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ।

ਸਰਕਾਰੀ ਨਿਊਜ਼ ਚੈਨਲ ਟੀ ਆਰ ਟੀ ਹੈਬਰ ਦੇ ਮੁਤਾਬਕ ਤੁਰਕੀ ਦਾ ਟੀਚਾ ਲਗਭਗ 2500 ਵਿਦੇਸ਼ੀ ਅੱਤਵਾਦੀਆਂ ਨੂੰ ਦੇਸ਼ ਤੋਂ ਕੱਢਣਾ ਹੈ। ਇਨ੍ਹਾਂ ਵਿਚ ਜ਼ਿਆਦਾਤਰ ਯੂਰਪੀ ਯੂਨੀਅਨ ਦੇ ਦੇਸ਼ਾਂ ਦੇ ਲੋਕ ਹਨ। ਇਸ ਸਮੇਂ ਤੁਰਕੀ ਵਿੱਚ 12 ਕੇਂਦਰਾਂ ਵਿਚ 813 ਅੱਤਵਾਦੀ ਕੈਦ ਹਨ। ਤੁਰਕੀ ਨੇ ਫਰਾਂਸ ਸਣੇ ਯੂਰਪੀ ਯੂਨੀਅਨ ਦੇ ਦੇਸ਼ਾਂ ਨੂੰ ਕਈ ਵਾਰ ਆਪਣੇ ਨਾਗਰਿਕਾਂ ਨੂੰ ਵਾਪਸ ਲੈਣ ਦੀ ਅਪੀਲ ਕੀਤੀ ਹੈ। ਡੈਨਮਾਰਕ, ਜਰਮਨੀ ਅਤੇ ਬ੍ਰਿਟੇਨ ਨੇ ਆਈ ਐਸ ਨਾਲ ਜੁੜੇ ਕੁਝ ਅੱਤਵਾਦੀਆਂ ਦੀ ਨਾਗਰਿਕਤਾ ਖਤਮ ਕਰ ਦਿੱਤੀ ਹੈ।

ਸੀਰੀਆ ਦੇ ਉੱਤਰ-ਪੂਰਬੀ ਇਲਾਕੇ ਵਿਚ ਫਸੇ ਹੋਏ ਹਜ਼ਾਰਾਂ ਬੱਚੇ ਆਪਣੇ ਦੇਸ਼ ਪਰਤਣ ਦੀ ਉਡੀਕ ਕਰ ਰਹੇ ਹਨ। ਇਸ ਇਲਾਕੇ ਵਿਚ ਯੂਨੀਸੇਫ ਦੇ ਪ੍ਰਤੀਨਿਧ ਨੇ ਸੋਮਵਾਰ ਨੂੰ ਕਿਹਾ ਕਿ ਅਸੀਂ ਕਈ ਮਹੀਨਿਆਂ ਤੋਂ ਇਨ੍ਹਾਂ ਬੱਚਿਆਂ ਨਾਲ ਹਾਂ। ਇਸ ਮਸਲੇ ਨੂੰ ਹੱਲ ਕਰਨ ਵਿਚ ਪਹਿਲਾਂ ਹੀ ਦੇਰ ਹੋ ਚੁਕੀ ਹੈ ਤੇ ਇਕ-ਇਕ ਦਿਨ ਦੇਰੀ ਇਸ ਨੂੰ ਮੁਸ਼ਕਲ ਬਣਾ ਰਹੀ ਹੈ। ਯੂਨੀਸੇਫ ਦੇ ਪ੍ਰਤੀਨਿਧ ਫ੍ਰੈਨ ਇਕਵਿਜ਼ਾ ਨੇ ਕਿਹਾ ਕਿ 60 ਤੋਂ ਵੱਧ ਦੇਸ਼ਾਂ ਦੇ ਅੱਤਵਾਦੀਆਂ ਦੇ 28 ਹਜ਼ਾਰ ਬੱਚੇ ਸੀਰੀਆ ਦੇ ਉੱਤਰ-ਪੂਰਬੀ ਇਲਾਕੇ ਵਿਚ ਫਸੇ ਹਨ। ਇਨ੍ਹਾਂ ਵਿਚੋਂ 80 ਫੀਸਦੀ ਤੋਂ ਵੱਧ ਦੀ 12 ਸਾਲ ਤੋਂ ਘੱਟ ਉਮਰ ਅਤੇ ਪੰਜ ਸਾਲ ਤੋਂ ਘੱਟ ਉਮਰ ਦੇ 50 ਫੀਸਦੀ ਹਨ। ਇਨ੍ਹਾਂ ਬੱਚਿਆਂ ਨੂੰ ਕੁਰਦ ਅਧਿਕਾਰੀਆਂ ਅਤੇ ਸੀਰੀਅਨ ਡੈਮੋਕ੍ਰੇਟਿਕ ਫੋਰਸਿਜ਼ ਦੇ ਕੰਟਰੋਲ ਵਾਲੇ ਕੈਂਪਾਂ ਵਿੱਚ ਰੱਖਿਆ ਹੈ।

# ਬਾਂਦੀਪੋਰਾ ਵਿਖੇ ਮੁਕਾਬਲੇ 'ਚ ਦੋ ਅੱਤਵਾਦੀ ਮਾਰੇ ਗਏ

ਸ੍ਰੀਨਗਰ, 12 ਨਵੰਬਰ (ਪੋਸਟ ਬਿਊਰੋ)- ਉੱਤਰੀ ਕਸ਼ਮੀਰ ਦੇ ਬਾਂਦੀਪੋਰਾ ਜ਼ਿਲ੍ਹੇ ਵਿੱਚ ਸੁਰੱਖਿਆ ਬਲਾਂ ਨਾਲ ਹੋਏ ਮੁਕਾਬਲਿਆਂ ਦੌਰਾਨ ਦੋ ਅੱਤਵਾਦੀ ਮਾਰੇ ਗਏ ਹਨ।



ਇਸ ਸੰਬੰਧ ਵਿੱਚ ਇੱਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਨਵੇਂ ਬਣੇ ਕੇਂਦਰੀ ਸ਼ਾਸਿਤ ਪ੍ਰਦੇਸ਼ ਜੰਮੂ-ਕਸ਼ਮੀਰ ਦੇ ਬਾਂਦੀਪੋਰਾ ਜ਼ਿਲ੍ਹੇ ਦੇ ਲਡਾਰਾ ਪਿੰਡ ਦੇ ਜੰਗਲੀ ਇਲਾਕੇ 'ਚ ਸੁਰੱਖਿਆ ਬਲਾਂ ਦੀ ਤਲਾਸ਼ੀ ਮੁਹਿੰਮ ਦੌਰਾਨ ਹੋਏ ਮੁਕਾਬਲਿਆਂ ਦੌਰਾਨ ਦੋ ਅੱਤਵਾਦੀ ਮਾਰੇ ਗਏ ਹਨ। ਇੱਕ ਅੱਤਵਾਦੀ ਰਾਤ ਨੂੰ ਹੋਏ ਮੁਕਾਬਲੇ ਦੌਰਾਨ ਅਤੇ ਦੂਸਰੇ ਨੂੰ ਸਵੇਰੇ ਮੁਕਾਬਲੇ ਵਿੱਚ ਮਾਰਿਆ ਗਿਆ ਹੈ। ਅਧਿਕਾਰੀ ਨੇ ਦੱਸਿਆ ਕਿ ਸੁਰੱਖਿਆ ਬਲਾਂ ਨੇ ਇਲਾਕੇ ਵਿੱਚ ਅੱਤਵਾਦੀਆਂ ਦੇ ਮੌਜੂਦ ਹੋਣ ਦੀ ਪੱਕੀ ਸੂਚਨਾ ਮਿਲਣ ਉੱਤੇ ਸਾਂਝੀ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਸੀ, ਜਿਸ 'ਚ ਫੌਜ ਦੀ ਰਾਸ਼ਟਰੀ ਰਾਈਫਲਜ਼ ਯੂਨਿਟ, ਜੰਮੂ-ਕਸ਼ਮੀਰ ਪੁਲਸ ਦੀ ਐਸ ਓ ਜੀ (ਸਪੈਸ਼ਲ ਅਪਰੇਸ਼ਨਜ਼ ਗਰੁੱਪ) ਅਤੇ ਅਰਧ ਸੈਨਿਕ ਬਲ ਸੀ ਆਰ ਪੀ ਐਫ ਦੇ ਜਵਾਨ ਅਤੇ ਅਧਿਕਾਰੀ ਸ਼ਾਮਿਲ ਸਨ। ਜੰਮੂ-ਕਸ਼ਮੀਰ ਦੇ ਆਈ ਜੀ ਨੇ ਦੱਸਿਆ ਕਿ ਮਾਰਿਆ ਗਿਆ ਅੱਤਵਾਦੀ ਅਬੂ-ਤਲਾ ਲਸ਼ਕਰ-ਏ-ਤਾਇਬਾ ਦਾ ਚੀਫ ਆਪ੍ਰੇਸ਼ਨਲ ਕਮਾਂਡਰ ਸੀ ਤੇ ਬਾਂਦੀਪੋਰਾ ਜ਼ਿਲ੍ਹੇ ਚਿ ਪਿਛਲੇ ਦੋ ਸਾਲਾਂ ਤੋਂ ਸਰਗਰਮ ਸੀ। ਦੂਸਰੇ ਅੱਤਵਾਦੀ ਦੀ ਅਜੇ ਪਛਾਣ ਨਹੀਂ ਹੋ ਸਕੀ, ਪਰ ਸੁਰੱਖਿਆ ਬਲਾਂ ਨੇ ਮੁਕਾਬਲੇ ਵਾਲੀ ਥਾਂ ਤੋਂ ਲਾਸ਼ਾਂ ਦੇ ਨਾਲ 2 ਏ ਕੇ-47 ਰਾਈਫਲਾਂ ਅਤੇ ਭਾਰੀ ਅਸਲਾ ਬਰਾਮਦ ਹੋਇਆ ਹੈ।

# ਆਸਟ੍ਰੇਲੀਆ ਵਿੱਚ ਅੱਗ ਲਈ ਭਾਰਤ ਤੋਂ ਦੇਰੀ ਨਾਲ ਪਰਤਿਆ ਮਾਨਸੂਨ ਵੀ ਜ਼ਿੰਮੇਵਾਰ

ਮੈਲਬੌਰਨ, 12 ਨਵੰਬਰ (ਪੋਸਟ ਬਿਊਰੋ)- ਆਸਟ੍ਰੇਲੀਆ ਦੇ ਜੰਗਲਾਂ 'ਚ ਲੱਗੀ ਵਿਨਾਸ਼ਕਾਰੀ ਅੱਗ ਦੇ ਪਿੱਛੇ ਕੁਝ ਹੱਦ ਤੱਕ ਭਾਰਤ ਤੋਂ ਮਾਨਸੂਨ ਦੇਰ ਨਾਲ ਪਰਤਣਾ ਜ਼ਿੰਮੇਦਾਰ ਮੰਨਿਆ ਜਾਣ ਲੱਗ ਪਿਆ ਹੈ। ਜੰਗਲਾਂ ਦੀ ਅੱਗ, ਕੁਦਰਤ ਦਾ ਅਧਿਐਨ ਕਰਨ ਵਾਲੇ ਇੱਕ ਮਹਾਰ ਨੇ ਇਹ ਗੱਲ ਕਹੀ ਹੈ।

ਮਿਲੀ ਖਬਰ ਅਨੁਸਾਰ ਮੈਲਬੌਰਨ ਯੂਨੀਵਰਸਿਟੀ ਨਾਲ ਜੁੜੇ ਫਿਊਲ, ਮੌਸਮ ਅਤੇ ਭੁਗੋਲਿਕ ਹਾਲਾਤ ਦੇ ਅਸਲ ਚਿੱਤਰਣ ਦਾ ਪ੍ਰਯੋਗ ਕਰਕੇ ਜੰਗਲੀ ਅੱਗ ਦੀ ਸੰਰਚਨਾ ਤੇ ਕੁਦਰਤ ਦਾ ਅਧਿਐਨ ਕਰਨ ਵਾਲੇ ਟ੍ਰੇਂਟ ਪੇਨਹਮ ਨੇ ਕਿਹਾ ਕਿ ਆਸਟ੍ਰੇਲੀਆ 'ਚ ਲੱਗੀ ਅੱਗ ਨੂੰ ਭਾਰਤ ਵਿੱਚ ਮਾਨਸੂਨ ਸੀਜ਼ਨ ਦੇਰ ਨਾਲ ਖਤਮ ਹੋਣ ਨਾਲ ਜੋੜ ਕੇ ਦੇਖਣ 'ਤੇ ਕੁਝ ਹੱਦ ਤੱਕ ਸਮਝਿਆ ਜਾ ਸਕਦਾ ਹੈ। ਆਸਟ੍ਰੇਲੀਆ ਦਾ ਨਿਊ ਸਾਊਥ ਵੇਲਸ ਸੂਬਾ ਇਸ ਵੇਲੇ ਸਭ ਤੋਂ ਭਿਆਨਕ ਅੱਗ ਨਾਲ ਜੂਝ ਰਿਹਾ ਹੈ। ਇਸ ਅੱਗ 'ਚ ਹਾਲੇ ਤੱਕ ਤਿੰਨ ਲੋਕਾਂ ਦੀ ਮੌਤ ਹੋ ਚੁੱਕੀ ਹੈ, ਹਜ਼ਾਰਾਂ ਲੋਕਾਂ ਨੂੰ ਆਪਣੇ ਘਰ ਛੱਡਣੇ ਪਏ ਤੇ 150 ਤੋਂ ਜ਼ਿਆਦਾ ਘਰ ਬਰਬਾਦ ਹੋ ਗਏ ਹਨ।



ਪੇਨਹਮ ਨੇ ਕਿਹਾ ਕਿ ਗਲੋਬਲ ਤੰਤਰ ਸਭ ਆਪਸ ਵਿੱਚ ਜੁੜੇ ਹੋਏ ਹਨ, ਅਸੀਂ ਉਨ੍ਹਾਂ ਨੂੰ ਵੱਖ ਕਰਕੇ ਨਹੀਂ ਦੇਖ ਸਕਦੇ, ਪਰ ਜੇਕਰ ਤੁਸੀਂ ਕਿਸੇ ਇੱਕ ਇਲਾਕੇ ਵਿੱਚ ਹੋ ਤਾਂ ਤੁਹਾਡੇ ਲਈ ਇਹ ਸੋਚਣਾ ਮੁਸ਼ਕਲ ਹੋਵੇਗਾ ਕਿ 10 ਹਜ਼ਾਰ ਕਿਲੋਮੀਟਰ ਦੂਰ ਜੋ ਮੌਸਮ ਹੈ ਉਹ ਅਸਲ 'ਚ ਇਥੇ ਵੀ ਅਸਰ ਪਾ ਰਿਹਾ ਹੈ। ਏਸ਼ੀਆ 'ਚ ਦੱਖਣੀ-ਪੱਛਮ ਮਾਨਸੂਨ ਹਰ ਸਾਲ ਜੂਨ ਤੋਂ ਸਤੰਬਰ ਦੇ ਵਿਚਾਲੇ ਖਤਮ ਹੋ ਜਾਂਦਾ ਹੈ ਤੇ ਉਹ ਹਵਾਵਾਂ ਦੁਬਾਰਾ ਦੱਖਣੀ ਖੇਤਰ ਵੱਲ ਵਧਦੀਆਂ ਹਨ। ਨਾਲ ਹੀ ਉਨ੍ਹਾਂ ਨੇ ਕਿਹਾ ਕਿ ਇਸ ਸਥਿਤੀ ਕਾਰਨ ਆਸਟ੍ਰੇਲੀਆ ਦੇ ਡਾਰਵਿਨ 'ਚ ਚੰਗਾ ਮੀਂਹ ਨਹੀਂ ਪਿਆ ਅਤੇ ਇਸ ਲਈ ਪੂਰਬੀ ਤੱਟ ਖੁਸ਼ਕ ਪੈ ਗਿਆ ਤੇ ਅੱਗ ਦੀ ਲਪੇਟ 'ਚ ਆਉਣ ਦਾ ਜੋਖਿਮ ਵੱਧ ਗਿਆ।

# ਸਾਬਕਾ ਮੁੱਖ ਚੋਣ ਕਮਿਸ਼ਨਰ ਟੀ ਐਨ ਸੇਸ਼ਨ ਨਹੀਂ ਰਹੇ

ਚੇਨਈ, 12 ਨਵੰਬਰ (ਪੋਸਟ ਬਿਊਰੋ)- ਭਾਰਤ ਦੇ ਸਾਬਕਾ ਮੁੱਖ ਚੋਣ ਕਮਿਸ਼ਨਰ ਟੀ ਐਨ ਸੇਸ਼ਨ ਦਾ ਕੱਲ੍ਹ ਚੇਨਈ ਵਿੱਚ ਦਿਹਾਂਤ ਹੋ ਗਿਆ। ਉਨ੍ਹਾਂ ਨੇ 1990 ਦੇ ਦਹਾਕੇ ਵਿੱਚ ਦੇਸ਼ ਵਿੱਚ ਚੋਣ ਸੁਧਾਰਾਂ ਵਿੱਚ ਅਹਿਮ ਭੂਮਿਕਾ ਨਿਭਾਈ ਅਤੇ ਬੜੀ ਸਖਤੀ ਨਾਲ ਚੋਣ ਜ਼ਾਬਤੇ ਦੀ ਪਾਲਣਾ ਕਰਵਾਈ ਸੀ। ਉਹ 86 ਵਰ੍ਹਿਆਂ ਦੇ ਸਨ। ਉਨ੍ਹਾਂ ਦੀ ਸਿਹਤ ਪਿਛਲੇ ਕੁੱਝ ਦਿਨਾਂ ਤੋਂ ਠੀਕ ਨਹੀਂ ਸੀ। ਦਿਲ ਦਾ ਦੌਰਾ ਪੈਣ ਕਾਰਨ ਕੱਲ੍ਹ ਰਾਤ ਸਾਢੇ ਨੌਂ ਵਜੇ ਉਨ੍ਹਾਂ ਆਖਰੀ ਸਾਹ ਲਿਆ।



ਆਪਣੀ ਸਪੱਸ਼ਟ ਨੀਤੀ ਤੇ ਬੋਲਚਾਲ ਲਈ ਪ੍ਰਸਿੱਧ ਸੇਸ਼ਨ ਪਿਛਲੇ ਕੁਝ ਸਾਲਾਂ ਤੋਂ ਘਰ ਹੀ ਰਹਿ ਰਹੇ ਸਨ ਅਤੇ ਬਾਹਰ ਆਉਂਦੇ ਜਾਂਦੇ ਨਹੀਂ ਸਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਨ੍ਹਾਂ ਦੇ ਦਿਹਾਂਤ ਉਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਸੇਸ਼ਨ ਬਹੁਤ ਚੰਗੇ ਅਫਸਰ ਸਨ ਜਿਨ੍ਹਾਂ ਮਿਹਨਤ ਅਤੇ ਲਗਨ ਨਾਲ ਦੇਸ਼ ਦੀ ਸੇਵਾ ਕੀਤੀ। ਉਹ 12 ਦਸੰਬਰ 1990 ਤੋਂ ਲੈ ਕੇ 11 ਦਸੰਬਰ 1996 ਤੱਕ ਦੇਸ਼ ਦੇ ਮੁੱਖ ਚੋਣ ਕਮਿਸ਼ਨਰ ਰਹੇ ਅਤੇ ਇਸ ਦੌਰਾਨ ਉਨ੍ਹਾਂ ਚੋਣ ਸੁਧਾਰਾਂ ਦੀ ਦਿਸ਼ਾ ਵਿੱਚ ਕਾਫੀ ਕੰਮ ਕੀਤਾ। ਕਿਹਾ ਜਾਂਦਾ ਹੈ ਕਿ ਸੇਸ਼ਨ ਨੇ ਆਪਣੇ ਕਾਰਜਕਾਲ ਦੌਰਾਨ ਚੋਣਾਂ ਦੌਰਾਨ ਤਾਕਤ ਅਤੇ ਧਨ ਦੀ ਵਰਤੋਂ ਨੂੰ ਘਟਾਉਣ ਲਈ ਬੜੇ ਸਖਤ ਕਦਮ ਚੁੱਕੇ ਸਨ। ਉਨ੍ਹਾਂ ਦਾ ਜਨਮ ਕੇਰਲਾ ਦੇ ਪਲੱਕੜ ਜ਼ਿਲ੍ਹੇ ਵਿੱਚ ਹੋਇਆ ਸੀ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਸਮੇਤ ਪਾਰਟੀ ਦੇ ਕਈ ਆਗੂਆਂ ਨੇ ਚੋਣ ਸੁਧਾਰਾਂ ਵਿੱਚ ਸੇਸ਼ਨ ਦੇ ਯੋਗਦਾਨ ਨੂੰ ਯਾਦ ਕੀਤਾ ਅਤੇ ਕਿਹਾ ਕਿ ਸੇਸ਼ਨ ਅਨੁਭਵੀ ਲੋਕ ਸੇਵਕ ਸਨ ਜਿਨ੍ਹਾਂ ਕੈਬਨਿਟ ਸਕੱਤਰ ਵਜੋਂ ਵੀ ਸੇਵਾਵਾਂ ਦਿੱਤੀਆਂ। ਰਾਹੁਲ ਗਾਂਧੀ ਨੇ ਕਿਹਾ ਕਿ ਇੱਕ ਸਮਾਂ ਸੀ, ਜਦ ਚੋਣ ਕਮਿਸ਼ਨਰ ਨਿਰਪੱਖ, ਸਨਮਾਨਤ ਅਤੇ ਸਾਹਸੀ ਹੁੰਦੇ ਸਨ। ਉਨ੍ਹਾਂ ਕਿਹਾ ਕਿ ਟੀ ਐਨ ਸੇਸ਼ਨ ਅਜਿਹੇ ਅਧਿਕਾਰੀਆਂ ਵਿੱਚੋਂ ਇੱਕ ਸਨ।

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour
7 Days Work • All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Girl Needed for Sharing Room
25 ਸਾਲ ਤੋਂ 40 ਸਾਲਾਂ ਤੱਕ ਲੜਕੀ ਦੀ ਲੋੜ ਹੈ
1 ਬੈਡਰੂਮ ਬੇਸਮੈਂਟ, ਰੈਂਟ ਸ਼ੇਅਰ ਕੀਤਾ ਜਾਵੇਗਾ, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟੈਂਡ, ਗਰੋਸਰੀ ਸਟੋਰ, ਆਦਿ। ਕਾਰ ਪਾਰਕਿੰਗ ਵੀ ਉਪਲੱਬਧ ਹੈ।
Brampton (Airport & Bovaird)
437-236-8153

ਪੀਜ਼ਾ-ਪੀਜ਼ਾ ਦੀ ਫਰੈਂਚਾਇਜ਼ ਵਿਕਾਊ
ਬਿਜ਼ਨਸ CNE ਟਰਾਂਟੋ ਨੇੜੇ, ਬਹੁਤ ਵਧੀਆ ਲੋਕੇਸ਼ਨ, ਵਧੀਆ ਸੇਲ, ਬਹੁਤ ਘੱਟ ਰੈਂਟ ਤੇ ਇਹ ਲੋਕੇਸ਼ਨ ਪਿਛਲੇ 30 ਸਾਲਾਂ ਤੋ ਚੱਲ ਰਹੀ ਹੈ।
ਸਿਰਫ ਸਿਰੀਅਸ ਇੰਨਕਾਰੀ ਵਾਲੇ ਹੀ ਕਾਲ ਕਰਨ, ਰੀਅਲ ਏਸਟੇਟ ਵਾਲੇ ਵੀਰ ਕਾਲ ਨਾ ਕਰਨ
647-868-0954

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੇਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7", ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5", ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. ਅਤੇ ਇੱਥੇ ਆਈ.ਟੀ. ਖ਼ੇਤਰ ਵਿਚ ਨੌਕਰੀ ਕਰ ਰਹੀ 28 ਸਾਲਾ 5 ਫੁੱਟ 3 ਇੰਚ ਸਿੱਖ ਰਾਮਦਾਸੀਏ ਜੁਲਾਹੇ ਪਰਿਵਾਰ ਨਾਲ ਸਬੰਧਿਤ ਲੜਕੀ ਲਈ ਪੀ.ਆਰ./ਸਿਟੀਜ਼ਨ ਦਸਤਾਰਧਾਰੀ ਗੁਰਸਿੱਖ ਲੜਕੇ ਦੀ ਜ਼ਰੂਰਤ ਹੈ। ਲੜਕੀ ਦੇ ਮਾਤਾ-ਪਿਤਾ ਦੋਵੇਂ ਹੀ ਗਜ਼ਟਿਡ ਅਫ਼ਸਰ ਹਨ ਅਤੇ ਉਹ ਪੰਜਾਬ ਵਿਚ ਨੌਕਰੀ ਕਰਦੇ ਹਨ। ਟੋਰਾਂਟੋ ਏਰੀਏ ਵਿਚ ਵੱਸਦੇ ਆਈ.ਟੀ. ਖ਼ੇਤਰ ਨਾਲ ਸਬੰਧਿਤ/ਵਕੀਲ/ਸੀ.ਏ./ਬੈਂਕ ਅਫ਼ਸਰ ਨੂੰ ਪਹਿਲ ਦਿੱਤੀ ਜਾਏਗੀ। ਇਸ ਸਬੰਧੀ 91-95010-29128 ਜਾਂ 91-95010-29129 Whatsapp ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

UPPAL LAW
AVTAR UPPAL Manager
IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters

AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ, ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਪਾਕਿਸਤਾਨੀ ਨਾਲ ਵਿਆਹ ਕਰਨ ਵਾਲੀ ਭਾਰਤੀ ਮੂਲ ਦੀ ਮਹਿਲਾ ਪਛਾਣ ਦੇ ਸੰਕਟ ਵਿੱਚ ਫਸੀ

ਦੁਬਈ, 12 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨੀ ਵਿਅਕਤੀ ਨਾਲ ਵਿਆਹ ਕਰਨ ਵਾਲੀ ਭਾਰਤ ਵੰਸ਼ੀ ਮਹਿਲਾ ਨੂੰ ਕਈ ਸਾਲਾਂ ਬਾਅਦ ਪਛਾਣ ਦੇ ਸੰਕਟ ਦਾ ਸਾਹ-ਮਣਾ ਕਰਨਾ ਪੈ ਰਿਹਾ ਹੈ।



ਸ਼ਾਰਜਾਹ ਦੀ ਵਾਸੀ ਇਸ ਭਾਰਤੀ ਮਹਿਲਾ ਨੇ 19 ਸਾਲ ਪਹਿਲਾ ਆਪਣੇ ਨਾਮ, ਧਰਮ ਅਤੇ ਨਾਗਰਿਕਤਾ ਬਦਲ ਕੇ ਇੱਕ ਪਾਕਿਸਤਾਨੀ ਵਿਅਕਤੀ ਨਾਲ ਵਿਆਹ ਕਰ ਲਿਆ ਸੀ, ਪਰ ਕਾਫੀ ਸਮਾਂ ਬੀਤ ਜਾਣ ਦੇ ਬਾਵਜੂਦ ਮਹਿਲਾ ਦੇ ਪਾਕਿਸਤਾਨੀ ਨਾਗਰਿਕਤਾ ਪਛਾਣ ਪੱਤਰ ਜਾ ਦਾ ਨਵੀਨੀਕਰਨ ਨਹੀਂ ਹੋ ਪਾ ਰਿਹਾ। ਗਲਫ ਨਿਊਜ਼ ਦੀ ਰਿਪੋਰਟ ਅਨੁਸਾਰ ਕਾਜਲ ਰਸ਼ੀਦ ਖਾਨ ਨਾਮ ਦੀ ਮਹਿਲਾ ਨੇ 31 ਜੁਲਾਈ ਨੂੰ ਆਪਣਾ ਪਾਕਿਸਤਾਨੀ ਪਛਾਣ ਪੱਤਰ ਨਵੀਨੀਕਰਨ ਲਈ ਦਿੱਤਾ ਸੀ, ਪਰ ਹਾਲੇ ਤੱਕ ਮਹਿਲਾ ਨੂੰ ਉਸ ਦਾ ਨਵਾਂ ਪਛਾਣ ਪੱਤਰ ਨਹੀਂ ਮਿਲਿਆ, ਕਿਉਂਕਿ ਪਾਕਿਸਤਾਨ ਵਿੱਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਦਸਤਾਵੇਜ਼ਾਂ ਨੂੰ ਅਜੇ ਵੈਰੀਫਾਈ ਕੀਤਾ ਜਾ ਰਿਹਾ ਹੈ। ਆਮ ਕਰ ਕੇ ਇਸ ਪੂਰੀ ਪ੍ਰਕਿਰਿਆ ਵਿੱਚ ਸੱਤ ਤੋਂ ਦਸ ਦਿਨ ਲਗਦੇ ਹਨ ਅਤੇ ਨਵਾਂ ਪਛਾਣ ਪੱਤਰ ਮਿਲ ਜਾਂਦਾ ਹੈ।

ਕਾਜਲ ਦਾ ਪਤੀ ਮੁਹੰਮਦ ਰਸ਼ੀਦ (60) ਪੇਸ਼ੇ ਤੋਂ ਆਰਕਿਟੈਕਟ ਹੈ ਤੇ 1989 ਵਿੱਚ ਕਰਾਚੀ ਤੋਂ ਯੂ ਏ ਈ ਵਿੱਚ ਉਸ ਨੇ ਮੁੰਬਈ ਦੀ ਹਿੰਦੂ ਕੁੜੀ ਕਲਪਨਾ ਨਾਲ ਵਿਆਹ ਕੀਤਾ ਸੀ। ਕਲਪਨਾ ਨੇ ਇਸਲਾਮ ਧਰਮ ਕਬੂਲ ਪਿੱਛੋਂ ਆਪਣਾ ਨਾਮ ਬਦਲ ਕੇ ਕਾਜਲ ਰੱਖ ਲਿਆ। ਰਸ਼ੀਦ ਦੇ ਭਾਰਤ ਵਿੱਚ ਵੀ ਰਿਸ਼ਤੇਦਾਰ ਹਨ। ਉਸ ਦੀਆਂ ਚਾਰ ਪਤਨੀਆਂ ਵਿੱਚੋਂ ਦੋ ਭਾਰਤੀ ਅਤੇ ਦੋ ਪਾਕਿਸਤਾਨੀ ਹਨ। ਰਸ਼ੀਦ ਦੀਆਂ ਚਾਰਾਂ ਪਤਨੀਆਂ ਤੋਂ 10 ਬੱਚੇ ਹਨ। ਉਸ ਦੀ ਇੱਕ ਪਤਨੀ ਦੋ ਬੇਟੀਆਂ ਦੇ ਨਾਲ ਭਾਰਤ ਵਿੱਚ ਰਹਿੰਦੀ ਹੈ। ਰਸ਼ੀਦ ਅਤੇ ਕਾਜਲ ਦੇ ਦੋ ਬੱਚੇ ਹਨ।

TransExpert NOW HIRING! Skylark LOGISTICS INC.
Full Time Mechanic Also Needed
Highway US Drivers & Owner Operators Wanted
- 2 year experience must.
- Drivers paid 60C per mile.
- Midwest runs.
- Direct deposit payments.
- Friendly dispatch and flexible schedule.
- Brand new automatic trucks.
- New trailers so no hastle at scales.
- On site fuel and scale.
Also Flatbed owner operators are needed.
Regular flatbed freight.
*Yards located in Milton ON and Puslinch both on Highway 401
Contact 6474064420 or 6479220000
if busy send txt message.

## ਅਯੁੱਧਿਆ ਫੈਸਲਾ:

# ਜੇ ਅਸੀਂ ਏਦਾਂ ਦੇ ਫੈਸਲੇ ਕੀਤੇ ਤਾਂ ਕਈ ਮੰਦਰ, ਮਸਜਿਦ ਢਾਹੁਣੇ ਪੈ ਜਾਣਗੇ: ਜਸਟਿਸ ਗਾਂਗੁਲੀ

ਨਵੀਂ ਦਿੱਲੀ, 12 ਨਵੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਅਸ਼ੋਕ ਗਾਂਗੁਲੀ ਨੇ ਅਯੁੱਧਿਆ ਕੇਸ ਬਾਰੇ ਫੈਸਲੇ 'ਤੇ ਇਤਰਾਜ਼ ਕੀਤਾ ਅਤੇ ਕਿਹਾ ਕਿ ਇਸ ਫੈਸਲੇ ਨੇ ਉਨ੍ਹਾਂ ਦੇ ਮਨ ਵਿੱਚ ਸ਼ੱਕ ਪੈਦਾ ਕਰ ਦਿੱਤਾ ਹੈ ਅਤੇ ਫੈਸਲੇ ਤੋਂ ਬਾਅਦ ਉਹ ਕਾਫੀ ਪ੍ਰੇਸ਼ਾਨ ਹੋ ਗਏ ਹਨ।



ਦਿ ਟੈਲੀਗ੍ਰਾਫ ਅਖਬਾਰ ਮੁਤਾਬਕ 72 ਸਾਲਾ ਜਸਟਿਸ ਗਾਂਗੁਲੀ ਨੇ ਕਿਹਾ, ਘੱਟ ਗਿਣਤੀਆਂ ਦੀਆਂ ਕਈ ਪੀੜ੍ਹੀਆਂ ਨੇ ਵੇਖਿਆ ਹੈ ਕਿ ਉਥੇ ਇੱਕ ਮਸਜਿਦ ਸੀ। ਇਸ ਨੂੰ ਤਬਾਹ ਕਰ ਦਿੱਤਾ ਗਿਆ ਸੀ। ਸੁਪਰੀਮ ਕੋਰਟ ਦੇ ਫੈਸਲੇ ਮੁਤਾਬਕ ਉਸ ਥਾਂ ਮੰਦਰ ਬਣਾਇਆ ਜਾਵੇਗਾ। ਇਸ ਗੱਲ ਨੇ ਮੇਰੇ ਦਿਮਾਗ ਵਿੱਚ ਸ਼ੱਕ ਪੈਦਾ ਕਰ ਦਿੱਤਾ। ਭਾਰਤ ਦੇ ਸੰਵਿਧਾਨ ਦਾ ਵਿਦਿਆਰਥੀ ਹੋਣ ਨਾਤੇ ਮੇਰੇ ਲਈ ਇਸ ਫੈਸਲੇ ਨੂੰ ਹਜ਼ਮ ਕਰਨਾ ਥੋੜ੍ਹਾ ਮੁਸ਼ਕਲ ਹੈ। ਉਨ੍ਹਾਂ ਕਿਹਾ ਕਿ ਜਦ ਕਿਸੇ ਥਾਂ ਉਤੇ ਨਮਾਜ਼ ਅਦਾ ਕੀਤੀ ਜਾਂਦੀ ਹੈ ਤੇ ਨਮਾਜ਼ੀ ਮੰਨਦੇ ਹਨ ਕਿ ਇੱਕ ਵਿਸ਼ੇਸ਼ ਜਗ੍ਹਾ 'ਤੇ ਮਸਜਿਦ ਹੈ ਤਾਂ ਉਸ ਨੂੰ ਚੁਣੌਤੀ ਨਹੀਂ ਦਿੱਤੀ ਜਾ ਸਕਦੀ। ਉਨ੍ਹਾਂ ਕਿਹਾ, ਚਾਹੇ 1856-57 ਵਿੱਚ ਨਹੀਂ, ਪਰ ਨਿਸ਼ਚੇ ਹੀ 1949 ਤੋਂ ਬਾਅਦ ਨਮਾਜ਼ ਅਦਾ ਕੀਤੀ ਗਈ ਹੈ, ਇਸ ਦਾ ਸਬੂਤ ਹੈ। ਜਦ ਸਾਡਾ ਸੰਵਿਧਾਨ ਹੋਂਦ ਵਿੱਚ ਆਇਆ ਸੀ ਤਾਂ ਉਥੇ ਨਮਾਜ਼ ਅਦਾ ਕੀਤੀ ਜਾ ਰਹੀ ਸੀ। ਜਿਸ ਸਥਾਨ ਉੱਤੇ ਨਮਾਜ਼ ਅਦਾ ਕੀਤੀ ਜਾਂਦੀ ਹੈ, ਜੇ ਉਸ ਸਥਾਨ ਨੂੰ ਮਸਜਿਦ ਦੀ ਮਾਨਤਾ ਦਿੱਤੀ ਜਾਵੇ ਤਾਂ ਘੱਟ ਗਿਣਤੀ ਭਾਈਚਾਰੇ ਨੂੰ ਆਪਣੇ ਧਰਮ ਦੀ ਆਜ਼ਾਦੀ ਦੀ ਰੱਖਿਆ ਕਰਨ ਦਾ ਅਧਿਕਾਰ ਹੈ। ਉਨ੍ਹਾਂ ਕਿਹਾ, ਉਥੇ ਇੱਕ ਮਸਜਿਦ ਅਤੇ ਇੱਕ ਮੰਦਰ ਸੀ, ਇੱਕ ਬੋਧੀ ਸਤੂਪ ਸੀ, ਇੱਕ ਚਰਚ ਸੀ। ਜੇ ਅਸੀਂ ਇਸ ਤਰ੍ਹਾਂ ਦੇ ਫੈਸਲੇ ਕਰਨ ਲੱਗ ਪਵਾਂਗੇ ਤਾਂ ਕਈ ਮੰਦਰ ਅਤੇ ਮਸਜਿਦਾਂ ਢਾਹੁਣੇ ਪੈ ਜਾਣਗੇ। ਅਸੀਂ ਮਿਥਿਹਾਸਕ ਤੱਥਾਂ ਅਨੁਸਾਰ ਨਹੀਂ ਚੱਲ ਸਕਦੇ। ਮੀਡੀਆ ਰਿਪੋਰਟਾਂ ਮੁਤਾਬਕ ਜਸਟਿਸ ਗਾਂਗੁਲੀ ਨੇ ਭਗਵਾਨ ਰਾਮ ਦੀ ਹੋਂਦ ਬਾਰੇ ਵੀ ਸਵਾਲ ਚੁੱਕੇ। ਉਨ੍ਹਾਂ ਕਿਹਾ ਕਿ 'ਰਾਮ ਕੌਣ ਹੈ? ਕੀ ਇਹ ਸਿੱਧ ਕਰਨ ਲਈ ਕੋਈ ਤੱਥ ਹੈ? ਇਹ ਸਿਰਫ ਸ਼ਰਧਾ ਅਤੇ ਵਿਸ਼ਵਾਸ ਦਾ ਮਾਮਲਾ ਹੈ।'

# ਚਾਰ ਹੋਰ ਬ੍ਰੋਕਰ ਫਰਮਾਂ ਦੇ ਪਤੇ ਫਰਜ਼ੀ ਨਿਕਲੇ

ਲਖਨਊ, 12 ਨਵੰਬਰ (ਪੋਸਟ ਬਿਊਰੋ)- ਬਿਜਲੀ ਕਰਮਚਾਰੀਆਂ ਦੇ ਪ੍ਰਾਵੀਡੈਂਟ ਫੰਡ (ਪੀ ਐਫ) ਦੀ ਰਕਮ ਲੁੱਟਣ ਵਿੱਚ ਸ਼ਾਮਲ ਰਹੀਆਂ ਚਾਰ ਹੋਰ ਬ੍ਰੋਕਰ ਫਰਮਾਂ ਦੇ ਪਤੇ ਫਰਜ਼ੀ ਨਿਕਲੇ ਹਨ।

ਈ ਓ ਡਬਲਿਊ (ਆਰਥਿਕ ਅਪਰਾਧ ਸ਼ਾਖਾ) ਦੀ ਜਾਂਚ ਦੇ ਕਦਮ ਜਿਵੇਂ-ਜਿਵੇਂ ਅੱਗੇ ਵਧੇ ਹਨ, ਪੂਰੇ ਕਾਂਡ ਵਿੱਚ ਘੁਟਾਲੇ ਦੇ ਪਿੱਛੇ ਰਚੀ ਗਈ ਡੂੰਘੀ ਸਾਜ਼ਿਸ਼ ਦੀਆਂ ਕੜੀਆਂ ਇੱਕ-ਇੱਕ ਕਰਕੇ ਖੁੱਲ੍ਹਣ ਲੱਗੀਆਂ ਹਨ। ਜਿਨ੍ਹਾਂ 14 ਬ੍ਰੋਕਰ ਫਰਮਾਂ ਰਾਹੀ ਨਿੱਜੀ ਕੰਪਨੀ ਦੀਵਾਨ ਹਾਊਸਿੰਗ ਫਾਇਨਾਂਸ ਲਿਮਿਟਡ (ਡੀ ਐਚ ਐਫ ਐਲ) ਵਿੱਚ ਨਿਵੇਸ਼ ਕੀਤਾ ਗਿਆ ਸੀ, ਉਨ੍ਹਾਂ ਵਿੱਚੋਂ ਪੰਜ ਫਰਮਾਂ ਦੇ ਪਤੇ ਫਰਜ਼ੀ ਨਿਕਲੇ ਹਨ। ਜਿਨ੍ਹਾਂ ਪੰਜ ਫਰਮਾਂ ਦੇ ਫਰਜ਼ੀ ਨਿਕਲੇ, ਉਹ ਗਾਜ਼ੀਆਬਾਦ, ਮੇਰਠ ਤੇ ਦਿੱਲੀ ਦੇ ਪਤਿਆਂ ਉਤੇ ਰਜਿਸਟਰਡ ਸਨ। ਹੋਰ ਨੌਂ ਫਰਮਾਂ ਦੀ ਜਾਂਚ ਕਰਾਈ ਜਾ ਰਹੀ ਹੈ। ਈ ਓ ਡਬਲਿਊ ਨੇ ਪਾਵਰ ਕਾਰਪੋਰੇਸ਼ਨ ਦੇ ਸਾਬਕਾ ਐਮ ਡੀ, ਏ ਪੀ ਮਿਸ਼ਰ ਦਾ ਪੁਲਸ ਰਿਮਾਂਡ ਪੂਰਾ ਹੋਣ 'ਤੇ ਉਨ੍ਹਾਂ ਨੂੰ ਕੱਲ੍ਹ ਲਖਨਊ ਜੇਲ੍ਹ ਭੇਜ ਦਿੱਤਾ। ਜ਼ਰੂਰਤ ਪੈਣ ਉੱਤੇ ਏ ਪੀ ਮਿਸ਼ਰ ਨੂੰ ਫਿਰ ਰਿਮਾਂਡ ਉਤੇ ਲੈਣ ਦੀ ਕਾਰਵਾਈ ਕੀਤੀ ਜਾਵੇਗੀ। ਦੱਸਿਆ ਜਾ ਰਿਹਾ ਹੈ ਕਿ ਜਾਂਚ ਏਜੰਸੀ ਨੇ ਡੀ ਐਚ ਐਫ ਐਲ ਦੇ ਯੂ ਪੀ ਵਾਲੇ ਹੈੱਡ ਨੂੰ ਪੁੱਛਗਿੱਛ ਲਈ ਸੱਦਿਆ ਹੈ। ਈ ਓ ਡਬਲਿਊ ਅਸਲ ਵਿੱਚ ਡੀ ਐਚ ਐਫ ਐਲ ਦੇ ਇੱਕ ਸਾਬਕਾ ਮੁਲਾਜ਼ਮ ਤੋਂ ਵੀ ਪੁੱਛਗਿੱਛ ਕਰ ਚੁੱਕੀ ਹੈ। ਕੰਪਨੀ ਦੇ ਵਿੱਚ ਨਿਵੇਸ਼ ਕਰਾਉਣ ਦੌਰਾਨ ਕਿਹੜੇ ਲੋਕਾਂ ਦੀ ਅਹਿਮ ਭੂਮਿਕਾ ਸੀ ਅਤੇ ਕਿੰਨ੍ਹਾ ਰਾਹੀਂ ਬ੍ਰੋਕਰ ਕੰਪਨੀਆਂ ਨਾਲ ਸੰਪਰਕ ਕੀਤਾ ਗਿਆ ਸੀ, ਈ ਓ ਡਬਲਿਊ ਅਜਿਹੇ ਕਈ ਨੁਕਤਿਆਂ ਦੀ ਜਾਂਚ ਕਰ ਰਹੀ ਹੈ। 14 ਫਰਮਾਂ ਵਿੱਚੋਂ 12 ਫਰਮਾਂ ਅਜਿਹੀਆਂ ਹਨ, ਜਿਨ੍ਹਾਂ ਸਿਰਫ ਯੂ ਪੀ ਪੀ ਐਲ ਲਈ ਕੰਮ ਕੀਤਾ ਹੈ। ਇਨ੍ਹਾਂ ਫਰਮਾਂ ਨਾਲ ਜੁੜੇ ਸਾਰੇ ਲੋਕਾਂ ਬਾਰੇ ਬਿਓਰਾ ਇਕੱਠਾ ਕੀਤਾ ਗਿਆ ਹੈ। ਵਰਨਣ ਯੋਗ ਹੈ ਕਿ 4122.70 ਕਰੋੜ ਦੇ ਪੀ ਐਫ ਘੁਟਾਲੇ ਦੇ ਮਾਮਲੇ ਵਿੱਚ ਹਜਰਤਗੰਜ ਕੋਤਵਾਲੀ ਵਿੱਚ ਕੇਸ ਦਰਜ ਕਰਾਇਆ ਗਿਆ ਹੈ। ਈ ਓ ਡਬਲਿਊ ਨੇ ਇਸ ਵਿੱਚ ਗ੍ਰਿਫਤਾਰ ਤਿੰਨ ਦੋਸ਼ੀ ਅਫਸਰਾਂ ਨੂੰ ਪੁਲਸ ਰਿਮਾਂਡ 'ਤੇ ਲੈ ਕੇ ਪੁੱਛਗਿੱਛ ਕੀਤੀ ਹੈ।

# ਗੁੜਗਾਓਂ ਵਿੱਚ ਫਰਮ ਦਾ ਪਤਾ ਦਿਖਾ ਕੇ 6.22 ਕਰੋੜ ਦਾ ਟੈਕਸ ਚੋਰੀ

ਗੁੜਗਾਓਂ, 12 ਨਵੰਬਰ (ਪੋਸਟ ਬਿਊਰੋ)- ਗੁੜਗਾਓਂ ਦੇ ਜੈਕਬਪੁਰਾ ਵਿੱਚ ਇੱਕ ਫਰਮ ਦਾ ਪਤਾ ਦਿਖਾ ਕੇ ਕਈ ਕਰੋੜ ਰੁਪਏ ਦੀ ਟੈਕਸ ਵਿੱਚ ਹੇਰਾਫੇਰੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸੰਬੰਧ ਵਿੱਚ ਐਕਸਾਈਜ਼ ਐਂਡ ਟੈਕਸੇਸ਼ਨ ਅਫਸਰ ਨੇ ਥਾਣਾ ਸਿਟੀ ਪੁਲਸ ਨੂੰ ਸ਼ਿਕਾਇਤ ਦਿੱਤੀ, ਜਿਸ 'ਤੇ ਪੁਲਸ ਨੇ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਦੇ ਅਨੁਸਾਰ ਦੋਸ਼ੀ ਨੇ ਗੁੜਗਾਓਂ ਦੇ ਜੈਕਬਪੁਰਾ ਦਾ ਪਤਾ ਦਿਖਾ ਕੇ ਆਨਲਾਈਨ ਜੀ ਐਸ ਟੀ ਨੰਬਰ ਅਤੇ ਟਿਨ ਨੰਬਰ ਲਿਆ ਸੀ, ਪਰ ਸੇਲਜ਼ ਡਿਪਾਰਟਮੈਂਟ ਨੂੰ ਇਸ ਫਰਮ ਦਾ ਜੈਕਬਪੁਰਾ ਵਿੱਚ ਕੁਝ ਲੈਣ ਦੇਣ ਨਹੀਂ ਮਿਲਿਆ, ਜਿਸ 'ਤੇ ਪੁਲਸ ਨੇ ਧੋਖਾਧੜੀ ਦੀ ਸ਼ਿਕਾਇਤ ਦੇ ਆਧਾਰ 'ਤੇ ਪੁਲਸ ਨੇ ਮੁਕੱਦਮਾ ਦਰਜ ਕਰ ਕੇ ਜਾਂਚ ਸ਼ੁਰ ਕਰ ਦਿੱਤੀ ਹੈ। ਐਕਸਾਈਜ਼ ਅਤੇ ਟੈਕਸ ਅਧਿਕਾਰੀ ਸਮੁੰਦਰ ਸਿੰਘ ਨੇ ਸਿਟੀ ਥਾਣਾ ਪੁਲਸ ਨੂੰ ਸ਼ਿਕਾਇਤ ਦਿੱਤੀ ਹੈ ਕਿ ਅਮਿਤ ਕੁਮਾਰ ਗਰਗ ਨੇ ਪ੍ਰੋਪਰਾਈਟਰ ਵਜੋਂ ਜੈਕਬਪੁਰਾ ਦੇ ਪਤੇ ਉੱਤੇ ਐੱਮ ਐੱਸ ਮਹਾਦੇਵ ਇੰਟਰਪ੍ਰਾਈਜ਼ਿਜ਼ ਦੇ ਨਾਂਅ ਦੀ ਫਰਮ ਬਣਾਈ। ਇਸ ਪਤੇ ਦੀ ਵਰਤੋਂ ਕਰ ਕੇ ਉਨ੍ਹਾਂ ਨੇ ਆਨਲਾਈਨ ਜੀ ਐਸ ਟੀ ਨੰਬਰ ਅਤੇ ਟਿਨ ਨੰਬਰ ਲੈ ਲਿਆ, ਪਰ ਦਿੱਲੀ ਦੇ ਰੋਹਿਣੀ ਦੀ ਬੈਂਕ ਲਛਮੀ ਵਿਲਾਸ ਬੈਂਕ ਦੀ ਬ੍ਰਾਂਚ ਵਿੱਚ ਖਾਤੇ ਤੋਂ ਲੈਣ-ਦੇਣ ਕੀਤਾ ਗਿਆਮ ਜਿਸ ਵਿੱਚ ਫਰਮ ਦਾ ਸੇਲਜ ਡਿਪਾਰਟਮੈਂਟ ਨੂੰ ਫਰਜ਼ੀ ਪਤਾ ਮਿ-ਲਆ।

**Beauty Parlour ਲਈ ਲੜਕੀਆਂ ਦੀ ਲੋੜ ਹੈ**
Beauty/Hair Salon in **Mississauga** ਲਈ **hair cutting (Gents/Ladies)** ਅਤੇ **Threading/waxing** ਦਾ ਕੰਮ ਜਾਣਨ ਵਾਲੀਆਂ ਲੜਕੀਆਂ ਦੀ ਲੋੜ ਹੈ। Barber ਵੀ ਅਪਲਾਈ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ
Off: 905-814-7400
Ph: 416-566-9678

JOBS! JOBS! JOBS! JOBS! JOBS!
General Labour/ Unloader/ Window Assemblers & Machine Operators/Drivers (AZ/DZ/G)/ Forklift , Office Jobs, Electrician, Mechanic
◦Full time/Part time workers Needed
◦ਵਿੱਡੋ, ਮੈਟਲ, ਬੇਕਰੀ ਕੰਪਨੀਆਂ ◦ਸਿਨ ਨੰਬਰ ਹੋਣਾ ਜ਼ਰੂਰੀ
◦ਦਿਨ, ਦੁਪਿਹਰ ਤੇ ਰਾਤ ਦਾ ਕੰਮ Available
2355 Derry Rd E, Unit#20, 2nd Floor, Mississauga
Torbram/Derry intersection Manjit: 416.477.3344

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
- 1 yr Home Warranty
- We Help to get mortgage
Free valuation & Lowest Commission
- Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity B. 905.913.8500
HIRA RANDHWA Broker 416.319.0551
BHUPENDRA DHILLON Sales Representative 647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
A-1 RENOVATION GTA INC.
22 Listcreek Road, Brampton L6p 2n6

GF1 Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
For Canada To US Runs
Local City Drivers @ 22/hr
- General Freight
- Yard to Yard Work
- Up to 3500 miles/wk
- 2 Yr. Exp
- Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
- Disability Insurance
- Travel Insurance
- Medical Benefits
- Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs


RESIDENTIAL - COMMERCIAL PROPERTY - INDUSTRIAL
KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਫਿਲਮੀ ਦੁਨੀਆਂ

# ਸਕੂਲ ਜਾਣ ਤੋਂ ਬਚਣ ਲਈ ਘੜੀ ਦਾ ਅਲਾਰਮ ਚੇਂਜ ਕਰ ਦਿੰਦਾ ਸੀ : ਸੂਰਜ ਪੰਚੋਲੀ

# ਸੱਤਾ ਦਰਸ਼ਕਾਂ ਦੇ ਹੱਥਾਂ ਵਿੱਚ : ਅਕਸ਼ੈ ਕੁਮਾਰ

ਦੀਵਾਲੀ 'ਤੇ ਰਿਲੀਜ਼ ਅਕਸ਼ੈ ਕੁਮਾਰ ਦੀ ਫਿਲਮ 'ਹਾਊਸਫੁੱਲ 4' ਨੇ ਬਾਕਸ ਆਫਿਸ 'ਤੇ 100 ਕਰੋੜ ਰੁਪਏ ਦੇ ਅੰਕੜੇ ਨੂੰ ਆਸਾਨੀ ਨਾਲ ਪਾਰ ਕਰ ਲਿਆ ਤੇ ਇਹ ਫਿਲਮ 150 ਕਰੋੜ ਦੀ ਕਮਾਈ ਦੇ ਅੰਕੜਿਆਂ ਨੂੰ ਛੂਹਣ ਵਾਲੀ ਹੈ। ਇਸ ਫਿਲਮ ਦੀ ਸਫਲਤਾ ਨਾਲ ਅਕਸ਼ੈ ਨੇ ਆਪਣੀ ਸਟਾਰ ਪਾਵਰ ਦਾ ਲੋਹਾ ਇੱਕ ਵਾਰ ਫਿਰ ਮੰਨਵਾ ਲਿਆ। ਬਾਲੀਵੁੱਡ 'ਚ ਸਭ ਤੋਂ ਤੇਜ਼ੀ ਨਾਲ ਤੇ ਹੋਰ ਜ਼ਿਆਦਾ ਫਿਲਮਾਂ ਕਰਨ ਵਾਲੇ ਅਕਸ਼ੈ ਦੀਆਂ ਪਿਛਲੀਆਂ ਲਗਭਗ 11 ਫਿਲਮਾਂ ਇੱਕ ਤੋਂ ਬਾਅਦ ਇੱਕ ਲਗਾਤਾਰ ਹਿੱਟ ਰਹੀਆਂ ਹਨ। ਪੇਸ਼ ਹਨ ਅਕਸ਼ੈ ਨਾਲ ਗੱਲਬਾਤ ਦੇ ਕੁਝ ਅੰਸ਼ :



* ਤੁਹਾਡੀਆਂ ਫਿਲਮਾਂ ਦੀ ਸਫਲਤਾ ਸਭ ਨੂੰ ਹੈਰਾਨ ਕਰ ਰਹੀ ਹੈ। 'ਏਅਰਲਿਫਟ' ਤੋਂ ਲੈ ਕੇ 'ਹਾਊਸਫੁੱਲ 4' ਤੱਕ ਤੁਸੀਂ ਲਗਾਤਾਰ 11 ਹਿੱਟ, ਸੁਪਰਹਿੱਟ ਅਤੇ ਬਲਾਕਬਸਟਰ ਫਿਲਮਾਂ ਦਿੱਤੀਆਂ ਹਨ। ਤੁਹਾਨੂੰ ਇਨ੍ਹਾਂ ਪ੍ਰਾਪਤੀਆਂ 'ਤੇ ਕੋਈ ਸ਼ੰਕਾ ਤਾਂ ਨਹੀਂ ਹੈ?

–ਇਸ 'ਚ ਕੋਈ ਸ਼ੱਕ ਨਹੀਂ ਕਿ ਅਸਲ 'ਚ ਇਹ ਇੱਕ ਕਮਾਲ ਦਾ ਸਫਰ ਰਿਹਾ ਹੈ। ਮੈਂ ਇਸ ਗੱਲ ਲਈ ਜਿੰਨਾ ਹੋ ਸਕਦਾ ਹਾਂ, ਧੰਨਵਾਦੀ ਹਾਂ ਕਿ ਮੈਂ ਜਿਹੜੀਆਂ ਫਿਲਮਾਂ 'ਚ ਇੰਨੀ ਮਿਹਨਤ ਕੀਤੀ, ਸਾਰੀਆਂ ਸਫਲ ਰਹੀਆਂ ਹਨ। ਯਕੀਨਨ ਇਹ ਮੇਰੇ ਕਰੀਅਰ ਦੇ ਉਸ ਦੌਰ ਦੀ ਪੂਰਤੀ ਹੈ ਜਦੋਂ ਮੈਂ ਇੱਕ ਪਿੱਛੋਂ ਦੂਜੀ ਲਗਾਤਾਰ 14 ਫਲਾਪ ਫਿਲਮਾਂ ਦਿੱਤੀਆਂ ਸਨ।

* 'ਹਾਊਸਫੁੱਲ 4' ਨੂੰ ਕ੍ਰਿਟਿਕਸ ਨੇ ਖਾਸ ਪਸੰਦ ਨਹੀਂ ਕੀਤਾ, ਪਰ ਫਿਰ ਵੀ ਇਸ ਨੇ ਚੰਗੀ ਕਮਾਈ ਕੀਤੀ ਹੈ। ਇਸ 'ਤੇ ਤੁਸੀਂ ਕੀ ਕਹੋਗੇ?

– ਜਾਹਿਰ ਹੈ ਕਿ ਫਿਲਮ ਦਾ ਚੰਗਾ ਪ੍ਰਦਰਸ਼ਨ ਕਰਨ 'ਤੇ ਖੁਸ਼ੀ ਹੁੰਦੀ ਹੈ। ਕਿਸੇ ਵੀ ਫਿਲਮ 'ਤੇ ਲੋਕਾਂ ਦੀ ਵੱਖ-ਵੱਖ ਰਾਏ ਹੋ ਸਕਦੀ ਹੈ। ਕ੍ਰਿਟਿਕਸ ਕੁਝ ਵੀ ਕਹਿਣ ਜੇ ਫਿਲਮ ਦਰਸ਼ਕਾਂ ਨੇ ਪਸੰਦ ਕੀਤੀ ਹੈ ਤਾਂ ਸਾਡੀ ਸਾਰੀ ਮਿਹਨਤ ਸਫਲ ਹੈ। 'ਹਾਊਸਫੁੱਲ 4' ਨੇ ਪੰਜ ਦਿਨਾਂ ਵਿੱਚ ਹੀ 100 ਕਰੋੜ ਦਾ ਅੰਕੜਾ ਪਾਰ ਕਰ ਲਿਆ ਸੀ। ਫਿਲਮਾਂ ਨੂੰ ਲੈ ਕੇ ਦਰਸ਼ਕਾਂ ਦਾ ਰਿਐਕਸ਼ਨ ਕਮਾਲ ਦਾ ਰਿਹਾ ਹੈ। ਦਰਸ਼ਕਾਂ ਨੂੰ ਅਸੀਂ ਇਹੀ ਕਹਾਂਗੇ ਕਿ ਸਾਡੇ ਨਾਲ ਹੱਸਣ ਲਈ ਅਤੇ ਸਾਨੂੰ ਢੇਰ ਸਾਰਾ ਪਿਆਰ ਦੇਣ ਲਈ ਤੁਹਾਡਾ ਬੜਾ ਧੰਨਵਾਦ ਹੈ। ਤੁਹਾਡੇ ਲੋਕਾਂ ਦੇ ਪਿਆਰ ਦੀ ਵਜ੍ਹਾ ਨਾਲ ਅਸੀਂ ਅੱਜ ਇਥੇ ਹਾਂ। ਮੇਰੇ ਉਨ੍ਹਾਂ ਫੈਨਜ਼ ਨੂੰ ਤੇ ਦਰਸ਼ਕਾਂ ਨੂੰ ਧੰਨਵਾਦ, ਜਿਨ੍ਹਾਂ ਨੇ 'ਹਾਊਸਫੁੱਲ 4' ਉੱਤੇ ਇੰਨਾ ਪਿਆਰ ਦਿਖਾਇਆ। ਸਾਨੂੰ ਇਹ ਦਿਖਾਉਣ ਲਈ ਸ਼ੁਕਰੀਆ ਕਿ ਨਫਰਤ ਨੂੰ ਪਿਆਰ ਨਾਲ ਹੀ ਹਰਾਇਆ ਜਾ ਸਕਦਾ ਹੈ।

* ਤੁਹਾਨੂੰ ਇਸ ਫਿਲਮ ਦੀ ਸਭ ਤੋਂ ਖਾਸ ਗੱਲ ਕੀ ਲੱਗੀ?

–ਇਹ ਫਿਲਮ ਇਸ ਤੋਂ ਪਹਿਲਾਂ ਦੀ ਹਾਊਸਫੁੱਲ ਸੀਰੀਜ਼ ਦੀਆਂ ਫਿਲਮਾਂ ਤੋਂ ਕਈ ਤਰ੍ਹਾਂ ਖਾਸ ਰਹੀ ਹੈ। ਇਸ ਨੂੰ ਮੇਰੀਆਂ ਦੋ ਸਭ ਤੋਂ ਮਨਪਸੰਦ ਲੋਕੇਸ਼ਨਜ਼ ਲੰਡਨ ਅਤੇ ਜੈਸਲਮੇਰ 'ਚ ਸ਼ੂਟ ਕੀਤਾ ਗਿਆ ਹੈ। ਇਸ ਦੀ ਸ਼ੂਟਿੰਗ ਲਈ ਮੈਂ ਹਾਈਡ ਪਾਰਕ ਤੋਂ ਬਕਿੰਘਮ ਪੈਲੇਸ ਅਤੇ ਜੈਸਲਮੇਰ ਦੇ ਰੇਗਿਸਤਾਨ ਤੋਂ ਇਸ ਦੇ ਇਤਿਹਾਸਕ ਸਥਾਨਾਂ 'ਚ ਸੈਰ ਕੀਤੀ। ਇਸ ਲਈ ਮੈਂ ਕਹਿੰਦਾ ਹਾਂ ਕਿ ਪ੍ਰੋਡਿਊਸਰ ਦੇ ਨਾਲ ਐਕਟਰ ਬਣੋ। ਜਦੋਂ ਤੁਸੀਂ ਆਪਣੇ ਪ੍ਰੋਡਿਊਸਰ ਨੂੰ ਅੱਗੇ ਰੱਖਦੇ ਹੋ ਤਾਂ ਉਹ ਤੁਹਾਨੂੰ ਚੰਗੀ ਲੋਕੇਸ਼ਨਜ਼ 'ਤੇ ਸ਼ੂਟ ਕਰਨ ਦਿੰਦੇ ਹਨ।

* ਤੁਸੀਂ ਆਪਣੀਆਂ ਫਿਲਮਾਂ ਨੂੰ ਰੋਮਾਂਚਕ ਬਣਾਉਣ ਲਈ ਕਿਹੜੀਆਂ ਗੱਲਾਂ ਦਾ ਧਿਆਨ ਰੱਖਦੇ ਹੋ?

– ਕਿਸੇ ਵੀ ਫਿਲਮ 'ਚ ਮਨੋਰੰਜਨ ਦੇ ਪੱਧਰ ਨੂੰ ਉਚਾ ਰੱਖਣ ਲਈ ਬੜਾ ਕੁਝ ਕਰਨਾ ਪੈਂਦਾ ਹੈ। ਇਸ ਦੌਰਾਨ ਅਸੀਂ ਕਈ ਵਾਰ ਗਲਤੀਆਂ ਕਰਦੇ ਹਾਂ ਅਤੇ ਉਸ ਤੋਂ ਕਾਫੀ ਕੁਝ ਸਿੱਖਦੇ ਹਾਂ। ਤਾਂ ਕਈ ਵਾਰ ਅਸੀਂ ਆਪਣੇ ਯਤਨ 'ਚ ਸਫਲ ਰਹਿੰਦੇ ਹਾਂ। ਜੇ 'ਹਾਊਸਫੁੱਲ 4' ਦੀ ਗੱਲ ਕਰੀਏ ਤਾਂ ਮੈਂ ਜਾਣਦਾ ਹਾਂ ਕਿ ਇਸ ਸੀਰੀਜ਼ ਦੀਆਂ ਫਿਲਮਾਂ ਨੂੰ ਕਈ ਲੋਕ ਪਸੰਦ ਕਰਦੇ ਹਨ ਤਾਂ ਇਸ ਨੂੰ ਨਾਪਸੰਦ ਕਰਨ ਵਾਲੇ ਵੀ ਹਨ। ਅਜਿਹਾ ਜ਼ਿਆਦਾਤਰ ਫਿਲਮਾਂ ਨਾਲ ਹੁੰਦਾ ਹੈ।

* ਮਿਹਨਤ ਕਰਨ ਤੋਂ ਬਾਅਦ ਵੀ ਫਿਲਮ ਨਾ ਚੱਲੇ ਤਾਂ ਕਿਹੋ ਜਿਹਾ ਮਹਿਸੂਸ ਕਰਦੇ ਹੋ?

–ਮੈਨੂੰ ਪਤਾ ਹੈ ਕਿ ਮੈਂ ਕੁਝ ਅਜਿਹੀਆਂ ਵੀ ਫਿਲਮਾਂ ਬਣਾਈਆਂ ਹਨ ਜਿਨ੍ਹਾਂ 'ਤੇ ਮੈਨੂੰ ਬਹੁਤ ਖੁਸ਼ੀ ਮਹਿਸੂਸ ਹੋਈ, ਪਰ ਬਦਕਿਸਮਤੀ ਨਾਲ ਉਹ ਸਿਨੇਮਾ 'ਚ ਢੇਰ ਹੋ ਗਈਆਂ। ਇਸ ਲਈ ਮੈਂ ਹਮੇਸ਼ਾ ਕਹਿੰਦਾ ਹਾਂ ਕਿ 'ਹਰ ਫਿਲਮ ਦਾ ਆਪਣਾ ਦਾਇਰਾ ਹੁੰਦਾ ਹੈ। ਤੁਸੀਂ ਕਿੰਨੀ ਵੀ ਮਿਹਨਤ ਕਰੋ, ਸੱਤਾ ਦਰਸ਼ਕਾਂ ਦੇ ਹੱਥਾਂ 'ਚ ਹੈ।

* 'ਹਾਊਸਫੁੱਲ 4' ਤੋਂ ਪਹਿਲਾਂ ਤੁਸੀਂ ਦੇਸ਼ਭਗਤੀ ਨਾਲ ਜੁੜੀਆਂ ਕਈ ਫਿਲਮਾਂ ਕੀਤੀਆਂ। ਕੀ ਉਨ੍ਹਾਂ ਮਸਾਲਾ ਫਿਲਮਾਂ ਨੂੰ ਮਿਸ ਨਹੀਂ ਕੀਤਾ ਜਿਨ੍ਹਾਂ ਲਈ ਪਹਿਲਾਂ ਤੁਹਾਨੂੰ ਜਾਣਿਆ ਜਾਂਦਾ ਸੀ?

– ਕਦੇ ਕਦੇ ਮੈਂ ਹਰ ਤਰ੍ਹਾਂ ਦੀਆਂ ਫਿਲਮਾਂ ਕਰਦਾ ਰਿਹਾ ਹਾਂ। 'ਹਾਊਸਫੁੱਲ 4' ਤੋਂ ਇਲਾਵਾ ਮੇਰੀਆਂ ਅਗਲੀਆਂ ਫਿਲਮਾਂ 'ਸੂਰਯਵੰਸ਼ੀ', 'ਗੁੱਡ ਨਿਊਜ਼', 'ਬੱਚਨ ਪਾਂਡੇ' ਆਦਿ ਵੀ ਬਹੁਤ ਮਨੋਰੰਜਕ ਹਨ। ਮੈਨੂੰ ਸਿਰਫ ਕਿਰਦਾਰ 'ਤੇ ਕਹਾਣੀ ਪਸੰਦ ਆਉਣੀ ਚਾਹੀਦੀ ਹੈ। ਮੇਰੀਆਂ ਕਈ ਫਿਲਮੋਂ 'ਚ ਮੇਰੀ ਭੂਮਿਕਾ ਬਹੁਤ ਲੰਬੀ ਨਹੀਂ ਸੀ, ਜਿਵੇਂ 'ਖਾਕੀ' ਜਾਂ 'ਓ ਐੱਮ ਜੀ : ਓ ਮਾਈ ਗਾਡ' ਅਤੇ 'ਡਿਸ਼ੂਮ' ਵਿੱਚ ਸਿਰਫ ਇੱਕ ਕੈਮਿਊ ਸੀ। ਮੈਨੂੰ ਆਪਣੇ ਕੰਮ 'ਚ ਸੰਤੁਲਨ ਰੱਖਣਾ ਪਸੰਦ ਹੈ। ਇੱਕ ਸਮਾਂ ਸੀ ਜਦੋਂ ਮੈਂ ਸਭ ਨੂੰ ਕਹਿੰਦਾ ਸੀ ਕਿ ਮੈਨੂੰ ਟਾਈਪ ਕਾਸਟ ਕਰ ਦਿੱਤਾ ਗਿਆ ਅਤੇ ਮੈਂ ਐਕਸ਼ਨ, ਐਕਸ਼ਨ ਅਤੇ ਐਕਸ਼ਨ ਤੋਂ ਇਲਾਵਾ ਅਤੇ ਕੁਝ ਨਹੀਂ ਕਰ ਰਿਹਾ ਸੀ।

'ਹੀਰੋ' ਫੇਮ ਸੂਰਜ ਪੰਚੋਲੀ ਦੀ ਦੂਸਰੀ ਫਿਲਮ 'ਸੈਟੇਲਾਈਟ ਸ਼ੰਕਰ' ਰਿਲੀਜ ਹੋ ਗਈ ਹੈ। ਇਸ ਫਿਲਮ ਦੀ ਨੱਬੇ ਤੋਂ 95 ਫੀਸਦੀ ਸ਼ੂਟਿੰਗ ਲੋਕਲ ਟਰਾਂਸਪੋਰਟ ਵਿੱਚ ਕੀਤੀ ਗਈ ਹੈ। ਇਸ ਮੁਲਾਕਾਤ ਵਿੱਚ ਉਸ ਨਾਲ ਪ੍ਰੋਫੈਸ਼ਨਲ ਅਤੇ ਪ੍ਰਸਨਲ ਲਾਈਫ 'ਤੇ ਗੱਲਬਾਤ ਹੋਈ। ਪੇਸ਼ ਹਨ ਉਸੇ ਗੱਲਬਾਤ ਦੇ ਕੁਝ ਅੰਸ਼ :



* 'ਸੈਟੇਲਾਈਟ ਸ਼ੰਕਰ' ਵਿੱਚ ਤੁਸੀਂ ਕਿਸ ਤਰ੍ਹਾਂ ਦਾ ਕਿਰਦਾਰ ਨਿਭਾਇਆ ਹੈ?

– 'ਸੈਟੇਲਾਈਟ ਸ਼ੰਕਰ' ਫਿਲਮ ਇਸ ਲਈ ਸਪੈਸ਼ਲ ਹੈ ਕਿ ਇਸ ਦੀ ਸਕ੍ਰਿਪਟ ਹੀ ਵਿਨਰ ਹੈ। ਪਹਿਲੀ ਵਾਰ ਜਦ ਇਸ ਦਾ ਨਰੇਸ਼ਨ ਸੁਣਿਆ ਤਾਂ ਮੇਰੀਆਂ ਅੱਖਾਂ ਵਿੱਚ ਅੱਥਰੂ ਆ ਗਏ। ਤਿੰਨ ਘੰਟੇ ਦਾ ਨਰੇਸ਼ਨ ਇੰਝ ਲੱਗਾ ਕਿ ਅੱਧੇ ਘੰਟੇ ਦਾ ਹੈ, ਉਸ ਵਿੱਚ ਇੰਨਾ ਇਨਵਾਲਵ ਹੋ ਗਿਆ ਸੀ। 'ਸੈਟੇਲਾਈਟ ਸ਼ੰਕਰ' ਇੱਕ ਸੋਲਜ਼ਰ ਦੇ ਬਾਰੇ ਹੈ। ਇੱਕ ਜਵਾਨ, ਜੋ ਕਸ਼ਮੀਰ ਵਿੱਚ ਆਪਣੀ ਬਟਾਲੀਅਨ ਵਿੱਚ ਸਭ ਤੋਂ ਯੰਗ ਹੈ, ਇੰਟਰਟੇਨਰ ਵੀ ਹੈ। ਕੋਈ ਸੈਡ ਹੈ ਤਾਂ ਉਸ ਨੂੰ ਹੈਪੀ ਬਣਾਉਂਦਾ ਹੈ। ਉਸ ਨੂੰ ਸਭ ਸੈਟੇਲਾਈਟ ਬੁਲਾਉਂਦੇ ਹਨ।

* ਫਿਲਮ ਦੀ ਸ਼ੂਟਿੰਗ ਕਿੱਥੇ-ਕਿੱਥੇ ਕੀਤੀ ਗਈ ਹੈ?

–ਰੀਅਲ ਲੋਕੇਸ਼ਨ 'ਤੇ ਪੂਰੀ ਫਿਲਮ ਸ਼ੂਟ ਕੀਤੀ ਗਈ ਹੈ। ਬਸ, ਟਰੱਕ, ਟਰੈਕਟਰ, ਸਾਰੇ ਲੋਕਲ ਟਰਾਂਸਪੋਰਟ ਵਿੱਚ ਸ਼ੂਟਿੰਗ ਕੀਤੀ ਗਈ ਹੈ। ਹਿਮਾਚਲ ਤੋਂ ਕੰਨਿਆ ਕੁਮਾਰੀ ਤੱਕ ਪਹੁੰਚਦੇ ਹਾਂ। 90 ਤੋਂ 95 ਫੀਸਦੀ ਬਾਇ ਰੋਡ ਸ਼ੂਟਿੰਗ ਕੀਤੀ ਗਈ ਹੈ। ਸੋਲਜਰ ਦੇ ਸਫਰ ਦੌਰਾਨ ਕਾਫੀ ਪ੍ਰਬਾਲਮ ਆਉਂਦੀਆਂ ਹਨ। ਉਨ੍ਹਾਂ ਨੂੰ ਸਾਲਵ ਕਰਦੇ ਉਹ ਘਰ ਪਹੁੰਚਦਾ ਹੈ। ਤਦ ਪ੍ਰਾਬਲਮ ਵਿੱਚ ਫਸ ਜਾਂਦਾ ਹੈ, ਕਿਉਂਕਿ ਘਰ ਆਉਣ-ਜਾਣ ਵਿੱਚ ਉਸ ਨੂੰ ਛੇ ਦਿਨ ਲੱਗਦੇ ਹਨ। ਜਦ ਤੱਕ ਮਾਂ ਕੋਲ ਪਹੁੰਚਦਾ ਹੈ, ਤਦ ਤੱਕ ਉਸ ਨੂੰ ਛੇ ਦਿਨ ਬੀਤ ਚੁੱਕੇ ਹੁੰਦੇ ਹਨ। ਤਿੰਨ ਦਿਨ ਵਾਪਸੀ ਦੀ ਜਰਨੀ ਉਹ ਕਿਵੇਂ ਇੱਕ ਦਿਨ ਵਿੱਚ ਕੰਪਲੀਟ ਕਰੇਗਾ। ਉਸ ਦੇ ਸਾਹਮਣੇ ਇਹ ਚੁਣੌਤੀ ਆਉਂਦੀ ਹੈ, ਕਿਉਂਕਿ ਸੋਲਜਰ ਨੂੰ ਇੰਨੀ ਸਹੂਲਤ ਨਹੀਂ ਹੁੰਦੀ ਹੈ ਕਿ ਉਹ ਫਲਾਈਟ ਬੁੱਕ ਕਰ ਕੇ ਚਲਾ ਜਾਏ।

* ਰੀਅਲ ਲੋਕੇਸ਼ਨ 'ਤੇ ਸ਼ੂਟਿੰਗ ਕਰਨ ਵਿੱਚ ਕਿਸ ਤਰ੍ਹਾਂ ਦੀਆਂ ਦਿੱਕਤਾਂ ਸਾਹ-ਮਣੇ ਆਈਆਂ?

– ਸ਼ੂਟ ਦੇ ਦੌਰਾਨ ਸਭ ਦਿੱਕਤਾਂ ਸਾਹ-ਮਣੇ ਆਈਆਂ। ਕਟ ਬਹੁਤ ਹੁੰਦੇ ਸਨ, ਕਿਉਂਕਿ ਕਰਾਊਡ ਕੰਟਰੋਲ ਕਰਨਾ ਬਹੁਤ ਮੁਸ਼ਕਲ ਸੀ। ਸੈਟ 'ਤੇ ਆਪਣੀ ਟੀਮ ਹੁੰਦੀ ਹੈ, ਉਨ੍ਹਾਂ ਨੂੰ ਜਿਹੋ ਜਿਹਾ ਦਿਸ਼ਾ-ਨਿਰਦੇਸ਼ ਮਿਲਦਾ ਹੈ ਉਹ ਉਵੇਂ ਹੀ ਕਰਦੇ ਸਨ। ਰੀਅਲ ਲੋਕੇਸ਼ਨ 'ਤੇ ਕਦੇ ਬਾਰਿਸ਼, ਕਦੇ ਲਾਈਟ ਚੇਂਜ ਹੁੰਦੀ ਹੈ, ਪਬਲਿਕ ਕੰਟਰੋਲ ਕਰਨਾ ਵੀ ਮੁਸ਼ਕਲ ਸੀ, ਉਨ੍ਹਾਂ ਨੂੰ ਸਾਈਡ ਵੀ ਕਰ ਦਿੱਤਾ ਜਾਏ ਤਾਂ ਉਨ੍ਹਾਂ ਦੀ ਆਵਾਜ਼ ਮਾਈਕ ਵਿੱਚ ਆਉਂਦੀ ਸੀ।

* ਸਲਮਾਨ ਖਾਨ ਦੇ ਨਾਲ ਤੁਹਾਡੀ ਕਿਹੋ ਜਿਹੀ ਬਾਂਡਿੰਗ ਹੈ?

–ਬਹੁਤ ਵਧੀਆ ਬਾਂਡਿੰਗ ਹੈ। ਸਭ ਲੋਕ ਉਨ੍ਹਾਂ ਨੂੰ ਭਾਈ ਕਹਿ ਕੇ ਬੁਲਾਉਂਦੇ ਹਨ, ਪਰ ਮੈਂ ਉਨ੍ਹਾਂ ਨੂੰ ਸਲਮਾਨ ਸਰ ਬੋਲਦਾ ਹਾਂ। ਉਹ ਮੇਰੇ ਮੈਂਟਰ ਹਨ। ਮੈਂ ਆਪਣੇ ਕੰਮ ਨਾਲ ਜਿੰਨਾ ਮਾਂ-ਬਾਪ ਨੂੰ ਖੁਸ਼ ਕਰਨਾ ਹੈ, ਉਸ ਤੋਂ ਕਿਤੇ ਜ਼ਿਆਦਾ ਸਲਮਾਨ ਸਰ ਨੂੰ ਖੁਸ਼ ਕਰਨਾ ਹੈ। ਜੇ ਸਰ ਨੇ ਮੈਨੂੰ ਚਾਂਸ ਦਿੱਤਾ ਹੈ, ਤਦ ਉਸ ਨੂੰ ਯੂਟੀਲਾਈਜ਼ ਕਰਨਾ ਹੈ। ਉਨ੍ਹਾਂ ਨੂੰ ਇਹ ਅਹਿਸਾਸ ਨਹੀਂ ਦਿਵਾਉਣਾ ਕਿ ਮੈਂ ਗਲਤ ਬੰਦੇ ਨੂੰ ਚਾਂਸ ਦੇ ਦਿੱਤਾ।

* ਤੁਸੀਂ ਮੰਮੀ-ਪਾਪਾ ਵਿੱਚ ਸਭ ਤੋਂ ਜ਼ਿਆਦਾ ਕਿਸ ਦੇ ਕਰੀਬ ਹੋ?

– ਮੰਮੀ ਦੇ ਕਾਫੀ ਜ਼ਿਆਦਾ ਕਰੀਬ ਹਾਂ। ਕਹਿੰਦੇ ਵੀ ਹਨ ਕਿ ਬੇਟਾ ਛੋਟਾ ਹੁੰਦਾ ਹੈ ਤਾਂ ਮਾਂ ਦੇ ਕਰੀਬ ਹੁੰਦਾ ਹੈ ਅਤੇ ਬੇਟੀ ਛੋਟੀ ਹੁੰਦੀ ਹੈ ਤਾਂ ਪਿਤਾ ਦੇ ਜ਼ਿਆਦਾ ਕਰੀਬ ਹੁੰਦੀ ਹੈ। ਮੈਂ ਆਪਣਾ ਜ਼ਿਆਦਾ ਟਾਈਮ ਮੰਮੀ ਦੇ ਨਾਲ ਬਿਤਾਇਆ ਹੈ। ਉਹ ਬਹੁਤ ਸਿੰਪਲ ਲੇਡੀ ਹੈ। ਅੱਜ ਵੀ ਸਵੇਰੇ ਪੰਜ ਵਜੇ ਉਠ ਕੇ ਸਾਰਿਆਂ ਦੇ ਲਈ ਖਾਣਾ ਬਣਾਉਂਦੀ ਹੈ। ਉਨ੍ਹਾਂ ਨੂੰ ਕੁਕਿੰਗ ਦਾ ਬਹੁਤ ਸ਼ੌਕ ਹੈ। ਉਹ ਹੈਦਰਾਬਾਦ ਤੋਂ ਹਨ, ਉਨ੍ਹਾਂ ਦੇ ਹੱਥ ਦਾ ਖਾਣਾ ਲਾਜਵਾਬ ਬਣਦਾ ਹੈ।

* ਬਚਪਨ ਵਿੱਚ ਕਿਸ ਤੋਂ ਜ਼ਿਆਦਾ ਡਰਦੇ ਸੀ; ਮੰਮੀ ਜਾਂ ਪਾਪਾ ਤੋਂ?

– ਮੰਮੀ ਤੋਂ ਬਹੁਤ ਡਰਦਾ ਸੀ, ਕਿਉਂਕਿ ਮੰਮੀ ਦੀ ਇਨਵਾਲਵਮੈਂਟ ਮੇਰੀ ਪੜ੍ਹਾਈ ਵਿੱਚ ਸੀ, ਸਕੂਲਿੰਗ, ਟਿਊਸ਼ਨ ਵਿੱਚ ਮੈਂ ਜ਼ਿਆਦਾ ਡਰਦਾ ਸੀ। ਜਦ ਮੈਨੂੰ ਦੋ ਥੱਪੜ ਮਾਰਨ ਲਈ ਮੰਮੀ ਮੇਰੇ ਪਿੱਛੇ ਦੌੜਦੀ ਤਾਂ ਮੈਂ ਡੈਡੀ ਦੇ ਪਿੱਛੇ ਛੁਪ ਜਾਂਦਾ ਸੀ। ਮੈਂ ਸਕੂਲ ਜਾਣ ਤੋਂ ਪਹਿਲਾਂ ਅਲਾਰਮ ਚੇਂਜ ਕਰ ਦਿੰਦਾ ਸੀ, ਕਿਉਂਕਿ ਸਭ ਲੇਟ ਉਠਣ ਤੇ ਸਕੂਲ ਵਿੱਚ ਮੇਰੀ ਐਂਟਰੀ ਨਾ ਹੋਵੇ। ਸਕੂਲ ਨਾ ਜਾਣ ਦੇ ਲਈ ਬਹੁਤ ਸਾਰੇ ਬਹਾਨੇ ਬਣਾਉਂਦਾ ਸੀ।

# ਮੈਂ ਅਤੇ ਆਯੁਸ਼ਮਾਨ ਹਿੱਟ ਦੀ ਹੈਟ੍ਰਿਕ ਲਾਉਣ ਵਾਲੇ ਹਾਂ : ਭੂਮੀ



ਹਾਲੀਆ ਰਿਲੀਜ਼ ਫਿਲਮ 'ਬਾਲਾ' ਆਯੁਸ਼ਮਾਨ ਖੁਰਾਣਾ ਅਤੇ ਭੂਮੀ ਪੇਡਨੇਕਰ ਦੀ ਇਕੱਠਿਆਂ ਤੀਸਰੀ ਫਿਲਮ ਹੈ। ਇਸ ਤੋਂ ਪਹਿਲਾਂ ਉਹ 'ਦਮ ਲਗੀ ਕੇ ਹਈਸ਼ਾ' ਅਤੇ 'ਸ਼ੁਭ ਮੰਗਲ ਸਾਵਧਾਨ' ਵਿੱਚ ਇਕੱਠੇ ਕੰਮ ਕਰ ਚੁੱਕੇ ਹਨ। ਫਿਲਮ ਨੂੰ ਲੈ ਕੇ ਪਬਲਿਕ ਦਾ ਰਿਸਪਾਂਸ ਦੇਖ ਕੇ ਭੂਮੀ ਨੂੰ ਯਕੀਨ ਹੈ ਕਿ ਦੋਵੇਂ ਹਿੱਟ ਫਿਲਮਾਂ ਦੀ ਹੈਟ੍ਰਿਕ ਲਗਾਉਣ ਵਿੱਚ ਸਫਲ ਹੋਣਗੇ। ਉਹ ਕਹਿੰਦੀ ਹੈ, ''ਹਰ ਕੋਈ ਮੈਨੂੰ ਕਹਿੰਦਾ ਹੈ ਕਿ ਮੈਂ ਇਸ ਭੂਮਿਕਾ ਨੂੰ ਨਿਭਾ ਕੇ ਆਪਣੀ ਬਹਾਦਰੀ ਦਾ ਸਬੂਤ ਦਿੱਤਾ ਹੈ, ਪਰ ਮੈਂ ਉਨ੍ਹਾਂ ਨੂੰ ਦੱਸਦੀ ਹਾਂ ਕਿ ਮੈਂ ਖੁਦ ਨੂੰ ਕਲਾਕਾਰ ਦੇ ਰੂਪ ਵਿੱਚ ਦੇਖਦੀ ਹਾਂ। ਇੱਕ ਅਜਿਹੇ ਵਿਅਕਤੀ ਦੇ ਰੂਪ ਵਿੱਚ ਜੋ ਖੁਦ ਨੂੰ ਸਥਾਪਤ ਕਰਨਾ ਚਾਹੁੰਦਾ ਹੈ ਤੇ ਫਿਲਮ ਵਿੱਚ ਇੱਕ ਕਿਰਦਾਰ ਬਣਨਾ ਚਾਹੁੰਦਾ ਹੈ, ਕਿਉਂਕਿ ਇਹੀ ਮਹੱਤਵਪੂਰਨ ਹੈ। ਮੈਂ ਸਕਰੀਨ 'ਤੇ ਕਿਹੋ ਜਿਹੀ ਦਿਸ ਰਹੀ ਹਾਂ, ਇਸ ਬਾਰੇ ਵਿੱਚ ਮੈਂ ਹਮੇਸ਼ਾ ਨਹੀਂ ਸੋਚ ਸਕਦੀ ਕਿਉਂਕਿ ਇਸ ਨਾਲ ਫਿਲਮ ਦੇ ਵਿਜਨ ਅਤੇ ਆਪਣੀ ਮਰਜ਼ੀ ਨਾਲ ਚੁਣੇ ਗਏ ਕਿਰਦਾਰ ਨੂੰ ਨੁਕਸਾਨ ਹੋਵੇਗਾ। ਬਹਰਹਾਲ ਮੈਨੂੰ ਖੁਸ਼ੀ ਹੈ ਕਿ ਮੇਰੇ ਕਿਰਦਾਰ ਨੂੰ ਇੰਨਾ ਪਿਆਰ ਅਤੇ ਪ੍ਰਸ਼ੰਸਾ ਮਿਲ ਰਹੀ ਹੈ। ਉਮੀਦ ਹੈ ਕਿ ਮੈਂ ਅਤੇ ਆਯੁਸ਼ਮਾਨ ਇਸ ਫਿਲਮ ਦੇ ਨਾਲ ਹੀ ਹਿੱਟ ਦੀ ਹੈਟ੍ਰਿਕ ਲਗਾਉਣ ਵਿੱਚ ਸਫਲ ਹੋ ਸਕਣਗੇ।''


ਫਿਲਮ 'ਬਾਲਾ' ਨੂੰ ਜਬਰਦਸਤ ਗ੍ਰੋਥ ਮਿਲੀ। ਦੂਸਰੇ ਦਿਨ ਫਿਲਮ ਨੇ ਕਰੀਬ 15.75 ਕਰੋੜ ਰੁਪਏ ਦਾ ਬਿਜਨਿਸ ਕੀਤਾ, ਜੋ ਸ਼ੁੱਕਰਵਾਰ ਦੇ ਮੁਕਾਬਲੇ ਲਗਭਗ 60 ਫੀਸਦੀ ਵੱਧ ਸੀ। ਖਾਸ ਗੱਲ ਇਹ ਹੈ ਕਿ ਇਹ ਵਾਧਾ ਤਦ ਹੋਇਆ ਹੈ, ਜਦ ਕਿ ਅਯੁੱਧਿਆ ਕੇਸ 'ਤੇ ਸੁਪਰੀਮ ਕੋਰਟ ਦੇ ਫੈਸਲੇ ਦੇ ਕਾਰਨ ਕਈ ਸ਼ਹਿਰਾਂ ਵਿੱਚ ਸਿਨੇਮਾ ਹਾਲ ਬੰਦ ਹੋ ਰਹੇ ਸਨ। ਘਰੇਲੂ ਬਾਕਸ ਆਫਿਸ 'ਤੇ ਫਿਲਮ ਦੇ ਦੋ ਦਿਨਾਂ ਦਾ ਕੁੱਲ ਕੁਲੈਕਸ਼ਨ 25.88 ਕਰੋੜ ਰੁਪਏ ਹੋ ਗਿਆ। ਦਰਸ਼ਕਾਂ ਦੇ ਨਾਲ ਨਾਲ ਬਾਲੀਵੁੱਡ ਹਸਤੀਆਂ ਨੇ ਵੀ ਇਸ ਫਿਲਮ ਦੀ ਕਾਫੀ ਤਾਰੀਫ ਕੀਤੀ ਹੈ।

# ਅਗਲੇ ਸਾਲ ਫਿਲਮ ਵਿੱਚ ਗਾਉਣਾ ਚਾਹੁੰਦੀ ਹੈ ਤਾਰਾ ਸੁਤਾਰੀਆ




ਫਿਲਮ 'ਸਟੂਡੈਂਟ ਆਫ ਈਅਰ 2' ਨਾਲ ਆਪਣੇ ਫਿਲਮੀ ਕਰੀਅਰ ਦਾ ਆਗਾਜ ਕਰਨ ਵਾਲੀ ਤਾਰਾ ਸੁਤਾਰੀਆ ਹੁਣ 'ਮਰਜਾਵਾਂ' ਵਿੱਚ ਨਜ਼ਰ ਆਏਗੀ। ਇਸ ਦੇ ਇਲਾਵਾ ਉਹ ਮਿਲਨ ਲੁਥਰੀਆ ਦੇ ਨਿਰਦੇਸ਼ਨ ਵਾਲੀ ਫਿਲਮ ਵਿੱਚ ਵੀ ਕੰਮ ਕਰ ਰਹੀ ਹੈ ਅਤੇ ਉਸ ਵਿੱਚ ਸੁਨੀਲ ਸ਼ੈੱਟੀ ਦੇ ਬੇਟੇ ਅਹਾਨ ਸ਼ੈੱਟੀ ਦੇ ਆਪੋਜ਼ਿਟ ਹੋਗੀ। ਅਹਾਨ ਦੀ ਇਹ ਡੈਬਿਊ ਫਿਲਮ ਹੋਵੇਗੀ। ਇਹ ਸੁਪਰਹਿੱਟ ਤੇਲਗੂ ਫਿਲਮ 'ਆਰ ਐਕਸ 100' ਦਾ ਰੀਮੇਕ ਹੋਵੇਗੀ। ਤਾਰਾ ਐਕਟਿੰਗ ਦੇ ਨਾਲ ਗਾਉਣ ਵਿੱਚ ਵੀ ਮਾਹਰ ਹੈ। ਉਸ ਨੇ ਵੈਸਟਰਨ, ਸੈਮੀ ਕਲਾਸੀਕਲ ਅਤੇ ਜੈਜ ਗਾਣੇ ਦੀ ਟਰੇਨਿੰਗ ਲਈ ਹੈ। ਉਹ ਐਕਟਿੰਗ ਦੇ ਨਾਲ ਗਾਇਕੀ ਨੂੰ ਵੀ ਅੱਗੇ ਲਿਜਾਣਾ ਚਾਹੁੰਦੀ ਹੈ। ਉਸ ਨੂੰ ਲੱਗਦਾ ਹੈ ਕਿ ਉਹ ਐਕਟਿੰਗ ਦੇ ਨਾਲ ਗਾਇਣ 'ਤੇ ਵੀ ਫੋਕਸ ਕਰ ਸਕੇਗੀ। ਤਾਰਾ ਮੁਤਾਬਕ ਉਹ ਸੰਗੀਤ ਨਾਲ ਬੇਹੱਦ ਲਗਾਅ ਰੱਖਦੀ ਹੈ। ਉਸ ਨੇ ਅਗਲੇ ਸਾਲ ਫਿਲਮ ਵਿੱਚ ਗਾਣਾ ਗਾਉਣਾ ਹੈ ਜਾਂ ਆਪਣਾ ਸਿੰਗਲ ਕੱਢਣ ਦੀ ਕੋਸ਼ਿਸ਼ ਕਰੇਗੀ। ਉਸ ਨੂੰ ਵੈਸਟਰਨ ਕਲਾਸੀਕਲ ਸੰਗੀਤ ਬਹੁਤ ਪਸੰਦ ਹੈ। ਉਹ ਕਹਿੰਦੀ ਹੈ, ''ਮੈਂ ਬਚਪਨ ਤੋਂ ਉਸ ਨੂੰ ਪ੍ਰਫਾਰਮ ਕਰ ਰਹੀ ਹਾਂ। ਲਿਹਾਜਾ ਭਵਿੱਖ ਵਿੱਚ ਜ਼ਰੂਰ ਵੈਸਟਰਨ ਕਲਾਸੀਕਲ ਵਿੱਚ ਕੁਝ ਕਰਨਾ ਚਾਹਾਂਗੀ।''

# '83' ਵਿੱਚ ਰਣਵੀਰ ਸਿੰਘ ਦਾ 'ਨਟਰਾਜ ਪੋਜ਼' ਹੋਇਆ ਜਾਰੀ



ਰਣਵੀਰ ਸਿੰਘ ਦੀ ਫਿਲਮ '83' ਦੀ ਸ਼ੂਟਿੰਗ ਪੂਰੀ ਹੋ ਚੁੱਕੀ ਹੈ। ਉਸ ਵਿੱਚ ਉਹ ਕਪਿਲ ਦੇਵ ਦੀ ਭੂਮਿਕਾ ਨਿਭਾਅ ਰਿਹਾ ਹੈ। ਉਸ ਨੇ ਕਪਿਲ ਦੇਵ ਦੀ ਤਰ੍ਹਾਂ ਦਿਸਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਹੈ। ਉਸ ਦੀ ਝਲਕ ਪਹਿਲਾਂ ਰਿਲੀਜ਼ ਤਸਵੀਰ ਨਾਲ ਮਿਲ ਚੁੱਕੀ ਹੈ। ਹੁਣ ਫਿਲਮ ਦਾ ਨਵਾਂ ਪੋਸਟਰ ਜਾਰੀ ਹੋਇਆ ਹੈ, ਜਿਸ ਵਿੱਚ ਰਣਵੀਰ ਲੰਡਨ ਦੇ ਬਾਹਰੀ ਇਲਾਕੇ ਵਿੱਚ ਟਰਬ੍ਰਿਜ ਵੇਲਸ ਮੈਦਾਨ 'ਤੇ ਕਪਿਲ ਦੇਵ ਵੱਲੋਂ ਸਿਖਾਏ 'ਨਟਰਾਜ ਪੋਜ਼' ਵਿੱਚ ਦਿੱਸਦਾ ਹੈ, ਜਿੱਥੇ ਕਪਿਲ ਦੇਵ ਨੇ ਸਾਲ 1983 ਦੇ ਵਿਸ਼ਵ ਕੱਪ ਦੇ ਸੈਮੀਫਾਈਨਲ ਵਿੱਚ ਜ਼ਿੰਬਾਬਵੇ ਦੇ ਖਿਲਾਫ 175 ਰਨ ਦੀ ਪਾਰੀ ਖੇਡੀ ਸੀ।

ਭਾਰਤ-ਜ਼ਿੰਬਾਬਵੇ ਮੈਚ ਕ੍ਰਿਕਟ ਇਤਿਹਾਸ ਦੇ ਸਭ ਤੋਂ ਯਾਦਗਾਰ ਮੈਚਾਂ ਵਿੱਚੋਂ ਇੱਕ ਹੈ, ਜੋ ਉਸ ਸਮੇਂ ਕਿਸੇ ਵੀ ਚੈਨਲ ਵੱਲੋਂ ਨਾ ਪ੍ਰਸਾਰਿਤ ਕੀਤਾ ਗਿਆ ਸੀ ਅਤੇ ਨਾ ਰਿਕਾਰਡ ਕੀਤਾ ਗਿਆ ਸੀ। '83' ਵਿੱਚ ਵੈਸਟਇੰਡੀਜ਼ ਦੇ ਖਿਲਾਫ ਸਾਲ 1983 ਦੇ ਵਿਸ਼ਵ ਕੱਪ ਵਿੱਚ ਭਾਰਤੀ ਕ੍ਰਿਕਟ ਟੀਮ ਦੀ ਇਤਿਹਾਸਕ ਜਿੱਤ ਨੂੰ ਦੁਬਾਰਾ ਜੀਵਿਤ ਕੀਤਾ ਗਿਆ ਹੈ। ਇਸ ਜਿੱਤ ਦੇ ਨਾਲ ਭਾਰਤ ਨੇ ਇਤਿਹਾਸ ਬਣਾਇਆ ਸੀ ਅਤੇ ਪਹਿਲੀ ਵਾਰ ਵਿਸ਼ਵ ਕੱਪ ਵਿਜੇਤਾ ਬਣਿਆ ਸੀ। ਫਿਲਮ ਵਿੱਚ ਸੁਨੀਲ ਗਾਵਸਕਰ ਦੇ ਰੂਪ ਵਿੱਚ ਤਾਹਿਰ ਰਾਜ ਭਸੀਨ, ਮੋਹਿੰਦਰ ਅਮਰਨਾਥ ਦੇ ਰੂਪ ਵਿੱਚ ਸਾਕਿਬ ਸਲੀਮ, ਸੰਦੀਪ ਪਾਟਿਲ ਦੇ ਰੂਪ ਵਿੱਚ ਚਿਰਾਗ ਪਾਟਿਲ, ਜਦ ਕਿ ਦੀਪਿਕਾ ਪਾਦੁਕੋਣ ਰੋਮੀ ਯਾਨੀ ਕਪਿਲ ਦੇਵ ਦੀ ਪਤਨੀ ਦੀ ਭੂਮਿਕਾ ਵਿੱਚ ਨਜ਼ਰ ਆਏਗੀ। ਫਿਲਮ ਅਗਲੇ ਸਾਲ 10 ਅਪ੍ਰੈਲ ਨੂੰ ਰਿਲੀਜ਼ ਹੋਵੇਗੀ।




# NEED A LAWYER ??

# KAUR LAW OFFICE

Red Seal NOTARY



**MANJEET KAUR**
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Tri-City Professional Realty Inc., Brokerage. Number 1 Tri-City agent in Canada on basis of sales volume 2015

**ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ**

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

**ਅਵਤਾਰ ਸਿੰਘ ਟਿਵਾਣਾ**
ਫੋਨ: 416 802 5866
Tel: 905.793.5777




31 Melanie Dr. Unit #4 Brampton, ON L6T 5H8
Avtar Singh Tiwana Sales Rep.



FOR SALE
$1,279,900
**Mcvean / Castlemore**
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਨਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE
Tri-City Professional Realty Inc., Brokerage.
$129,900
**Darcel/Brandon Gate**
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।



FOR SALE
$3,249,000
**Niagara Falls Ontario**
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

ASIAN FOOD CENTRE

ੴ

550th Birth Anniversary

# Sri Guru Nanak Dev Ji GURPURAB SALE

www.AsianFoodCentre.com | 8TH NOV TO 17TH NOV 2019 | Fresh Fruits, Vegetables, Indian & Canadian Grocery

- GOLDEN TEMPLE (YELLOW BAG 20LB) — $9.99 EA, REG.$11.99
- ASHIRVAD ATTA (10KG) — $9.99 EA, REG.$11.99
- HERO ATTA — $5.99 EA, REG.$7.99
- INDIA GATE ROZZANA — $8.99 10LB, REG.$10.99
- 817 RICE — $10.99 8.8LB, REG.$12.99
- AFC SELLA RICE — $6.99 8LB, REG.$7.99
- ASEEL GHEE — $5.49 1KG, REG.$ 6.99
- BIKANERI PANEER (341G) — $3.99 EA, REG.$ 4.99
- CASHEW PIECES — $4.99 1LB, REG.$8.99
- DABUR REAL JUICE (EXCEPT:AAMPANA) — $1.79 1L, REG.$2.99
- DABUR REAL GUAVA MASALA,POMEGTANTE MASALA — $.99 1L, REG.$ 1.99
- FROOTI MANGO JUICE — $1.49 1L, REG.$1.99
- MAGGI ASST SAUCE — $3.29 340ML, REG.$4.29
- SAFFRON — $2.29 1G, REG.$2.99
- RED LABLE TEA — $6.99 900 G, REG.$8.99
- WAGHBAKRI TEA — $8.99 2LB, REG.$10.99
- TEA INDIA — $7.99 216 BAGS, REG.$ 8.99
- TRUST SUGAR — $7.99 8KG, REG.$9.99; $19.99 33LB, REG.$24.99
- VERKA BROWN SUGAR — $8.99 10LB, REG.$9.99
- DILSE BROWN SUGAR — $6.99 10LB, REG.$8.99
- YIPPEE MASALA NOODLES — 4 FOR $1 75G, REG.$.69
- FRONTIER COOKIES — $4.29 2LB, REG.$4.99
- GOOD DAY BISCUITS — $1.99 231 G, REG.$2.99
- BRITANNIA ASST CREAM TREAT — 2 FOR $1 60G, REG.$.69
- APNA TASTE GULAB JAMUN — $4.99 EA, REG.$5.99
- APNA TASTE RASMALAI — $6.99 EA, REG.$ 7.99
- MOTHER'S PICKLE — $2.99 500G, REG.$ 3.99
- SILKY BATHROOM TISSUE (8ROLLS) — BUY 1 GET 1 FREE $5.99 + TAX
- DABUR MUSTARD OIL — $5.99 1L, REG.$7.99
- BALAJI MUSTARD OIL — $3.79 500ML, REG.$4.99
- MAZOLA CORN/CANOLA OIL — $7.99 2.84L, REG.$ 8.99
- POPULAR SAMOSA (400G) — $1.79 EA, REG.$2.49
- POPULAR PARATHA — $5.99 25PCS, REG.$6.99
- MTR DOSA, RAVA DOSA RAVA IDLI, RICE IDLI & UTTAPAM — $1.99 500G, REG.$2.49
- MTR READY TO EAT — $1.49 EA, REG.$2.99
- WHITE CHANA — $2.99 4LB, REG.$ 4.99
- KASTURI TOOR DAAL(10LB) — $10.99 EA, REG.$ 12.99
- BLACK CHANA — $2.99 4LB, REG.$4.99
- RED LENTIL — $2.99 4LB, REG.$3.99
- URAD WHOLE — $3.99 4LB, REG.$4.99
- MASSAR WHOLE — $2.99 4LB, REG.$3.99
- DEEP TANDOORI NAAN — $6.99 16PCS, REG.$8.99

**ETOBICOKE** 10 Westmore Dr. 416-740-3262 MEAT SHOP AVAILABLE
**MISSISSAUGA** 1075 Ceremonial Dr. 905-502-1600 MEAT SHOP AVAILABLE
**BRAMPTON** 621 Wanless Dr. 905-495-3336 MEAT SHOP AVAILABLE
**BRAMPTON** 2120 N Park Dr. 905-793-1338 MEAT SHOP AVAILABLE
**BRAMPTON** 80 Pertosa Dr. 905-460-0009
**BRAMPTON** 40 Airport RD & Lacoste Blvd. 905-794-8109 MEAT SHOP AVAILABLE
**BRAMPTON** 10510 Torbram Rd. 905-790-0030
**BRAMPTON** 10 Pannahill Dr. 905-913-8017 MEAT SHOP AVAILABLE

TOLL FREE 1-800-708-9232

TOLL FREE 1-800-708-9232

We reserve the right to limit the quantity. Prices subject to change without notice, while supplies last. Product images are for illustration purpose only. Design by InfoTech Media

